ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 02 | 11 January to 17 January 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਕਾਂਗਰਸ ਦਾ ਚੋਣ ਮੈਨੀਫੈਸਟੋ : ਪਾਣੀ, ਜਵਾਨੀ ਅਤੇ ਕਿਸਾਨੀ 'ਤੇ ਫੋਕਸ

## ਕੈਪਟਨ ਦੇ 9 ਨੁਕਤਿਆਂ ਵਿਚੋਂ 5 'ਤੇ ਮੋਦੀ ਦੀ ਛਾਪ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਂਗਰਸ ਨੇ ਪੰਜਾਬ ਵਿਧਾਨ ਸਭਾ ਚੋਣ ਲਈ ਸੋਮਵਾਰ ਨੂੰ ਦਿੱਲੀ, ਚੰਡੀਗੜ੍ਹ ਸਮੇਤ ਪੰਜਾਬ ਦੇ ਮੁੱਖ ਸ਼ਹਿਰਾਂ 'ਚ ਚੋਣ ਮੈਨੀਫੈਸਟੋ ਜਾਰੀ ਕੀਤਾ। 'ਕੈਪਟਨ ਦੇ 9 ਨੁਕਤੇ' ਤਹਿਤ ਜਾਰੀ 120 ਪੇਜਾਂ ਦੇ ਮੈਨੀਫੈਸਟੋ ਵਿਚ ਨੌਜਵਾਨਾਂ, ਕਿਸਾਨਾਂ, ਦਲਿਤਾਂ, ਔਰਤਾਂ, ਕਾਰੋਬਾਰੀਆਂ ਅਤੇ ਕਰਮਚਾਰੀਆਂ ਲਈ ਕਈ ਯੋਜਨਾਵਾਂ ਚਲਾਉਣ ਦੇ ਵਾਅਦੇ ਕੀਤੇ ਗਏ ਹਨ। 8-9 ਮਹੀਨਿਆਂ ਦੀ ਵਿਚਾਰ-ਚਰਚਾ ਤੋਂ ਬਾਅਦ ਬਣੇ ਕਾਂਗਰਸ ਦੇ 9 ਸੂਤਰੀ ਐਲਾਨਨਾਮੇ ਵਿਚ ਵਿਚ ਪੰਜ ਉਤੇ ਮੋਦੀ ਸਰਕਾਰ ਦੀਆਂ ਯੋਜਨਾਵਾਂ ਦੀ ਛਾਪ ਵਿਖਾਈ ਦੇ ਰਹੀ ਹੈ। ਕਾਂਗਰਸ ਇਹ ਕਹਿੰਦੀ ਰਹੀ ਹੈ ਕਿ ਮੋਦੀ ਨੇ ਵੀ 2014 ਦੇ ਚੋਣ 'ਚ ਯੂ.ਪੀ.ਏ. ਸਰਕਾਰ ਦੀਆਂ ਹੀ ਜ਼ਿਆਦਾਤਰ ਯੋਜਨਾਵਾਂ ਦੀ

ਬਾਕੀ ਸਫ਼ਾ 08 'ਤੇ



ਕੈਪਟਨ ਅਮਰਿੰਦਰ ਸਿੰਘ ਅਤੇ ਡਾ. ਮਨਮੋਹਨ ਸਿੰਘ ਚੋਣ ਮਨੋਰਥ ਪੱਤਰ ਜਾਰੀ ਕਰਦੇ ਹੋਏ।

## ਕੈਪਟਨ ਦੇ 9 ਨੁਕਤਿਆਂ ਦੀ ਵਿਹਾਰਕਤਾ ਬਾਰੇ ਮਾਹਰਾਂ ਦੀ ਰਾਏ

### *'ਸਕਿਲ ਇੰਡੀਆ' ਦੀ ਤਰਜ਼ 'ਤੇ ਘਰ-ਘਰ ਰੁਜ਼ਗਾਰ :*

**ਦਾਅਵਾ :** ਹਰ ਘਰ ਤੋਂ ਇਕ ਮੈਂਬਰ ਨੂੰ ਸਰਕਾਰ ਜਾਂ ਪ੍ਰਾਈਵੇਟ ਸੈਕਟਰ 'ਚ ਨੌਕਰੀ। ਮੋਦੀ ਨੇ ਵੀ ਅਜਿਹੀ ਯੋਜਨਾ ਪੇਸ਼ ਕੀਤੀ ਸੀ, ਜੋ ਕਾਮਯਾਬ ਨਹੀਂ ਹੋ ਸਕੀ ਹੈ।

**ਹਕੀਕਤ :** ਅਕਾਲੀ-ਭਾਜਪਾ ਸਰਕਾਰ ਨੇ 52 ਹਜ਼ਾਰ ਨਵੀਂਆਂ ਭਰਤੀਆਂ ਅਤੇ ਕੱਚੇ ਮੁਲਾਜ਼ਮ ਹੀ ਪੱਕੇ ਕੀਤੇ। ਛੇਵਾਂ ਤਨਖਾਹ ਕਮਿਸ਼ਨ ਵੀ ਸਹੀ ਤਰ੍ਹਾਂ ਲਾਗੂ ਨਹੀਂ ਹੋਇਆ। ਸੱਤਵਾਂ ਤਾਂ ਦੂਰ। ਤਨਖਾਹ-ਪੈਨਸ਼ਨ 'ਤੇ ਬਜਟ ਦਾ 32 ਫ਼ੀਸਦੀ ਖਰਚ। 3.16 ਲੱਖ ਨੌਜਵਾਨਾਂ ਨੂੰ 2500 ਰੁਪਏ ਭੱਤਾ ਦੇਣਾ ਸੰਭਵ ਨਹੀਂ ਲੱਗਦਾ।

### ਕਿਸਾਨ ਦੀ ਆਰਥਿਕ ਤੇ ਸਮਾਜਿਕ ਸੁਰੱਖਿਆ:

**ਦਾਅਵਾ :** ਸਰਕਾਰੀ ਬੈਂਕਾਂ, ਆੜ੍ਹਤੀਆਂ ਦੇ 30,000 ਕਰੋੜ ਦੇ ਕਰਜ਼ੇ ਤੋਂ ਮੁਕਤ ਕਰਾਂਗੇ।

**ਹਕੀਕਤ :** ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ 'ਤੇ ਕੋਈ ਗੱਲ ਨਹੀਂ ਹੋਈ। (ਮੋਦੀ ਨੇ ਅਜਿਹੀਆਂ ਚਾਰ ਯੋਜਨਾਵਾਂ ਜਾਰੀ ਕੀਤੀਆਂ ਹਨ।)

### ਮਹਿਲਾ ਸ਼ਕਤੀਕਰਨ :

**ਦਾਅਵਾ :** ਨੌਕਰੀਆਂ, ਸਿਖਿਆ ਸੰਸਥਾਵਾਂ 'ਚ 33 ਫੀਸਦੀ ਰਾਖਵਾਂਕਰਨ। ਮੁਫਤ ਸਿੱਖਿਆ।

**ਹਕੀਕਤ :** ਸੰਸਦ ਅਤੇ ਵਿਧਾਨ ਸਭਾ 'ਚ 33 ਫੀਸਦੀ ਰਾਖਵਾਂਕਰਨ ਲਾਗੂ ਨਹੀਂ ਹੋ ਸਕਿਆ ਹੈ। (ਇਸੇ ਤਰ੍ਹਾਂ ਮੋਦੀ ਸਰਕਾਰ ਦੀਆਂ ਵੀ ਤਿੰਨ ਯੋਜਨਾਵਾਂ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਈਆਂ।)

## ਜਵਾਈ ਦੀ ਸਲਾਹ ਨਾਲ ਟਰੰਪ ਤਿਆਰ ਕਰਨਗੇ ਅਮਰੀਕਾ ਤੇ ਦੁਨੀਆ ਲਈ ਨੀਤੀਆਂ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਨਵੇਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਜਵਾਈ ਜੈਰੇਡ ਕਸ਼ਨਰ ਨੂੰ ਵ੍ਹਾਈਟ ਹਾਊਸ ਵਿਚ ਟਾਪ ਐਡਵਾਈਜ਼ਰ ਦਾ ਅਹੁਦਾ ਦਿੱਤਾ ਹੈ। ਰੀਅਲ ਐਸਟੇਟ ਡਵੈਲਪਰ ਅਤੇ ਮੈਗਜ਼ੀਨ ਦੇ ਪ੍ਰਕਾਸ਼ਕ ਕਸ਼ਨਰ ਨੇ ਟਰੰਪ ਦੇ ਚੋਣ ਪ੍ਰਚਾਰ ਵਿਚ ਕਾਫ਼ੀ ਫੰਡ ਇਕੱਠਾ ਕੀਤਾ ਸੀ।

ਦਿਲਚਸਪ ਗੱਲ ਹੈ ਕਿ ਕਸ਼ਨਰ ਦਾ ਮੰਗਲਵਾਰ ਨੂੰ ਹੀ ਕਸ਼ਨਰ ਦਾ ਜਨਮ ਦਿਨ ਸੀ ਤੇ ਇਸ ਮੌਕੇ ਉਨ੍ਹਾਂ ਨੂੰ ਆਪਣੇ ਸਹੁਰੇ ਤੋਂ ਇਹ ਤੋਹਫ਼ਾ ਮਿਲਿਆ। ਕਸ਼ਨਰ ਟਰੰਪ ਦੀ ਵੱਡੀ ਧੀ ਇਵਾਂਕਾ ਦੇ ਪਤੀ ਹਨ ਤੇ ਟਰੰਪ ਪ੍ਰਸ਼ਾਸਨ ਵਿਚ ਸਭ ਤੋਂ ਘੱਟ ਉਮਰ ਦੇ ਵਿਅਕਤੀ ਹੋਣਗੇ।

ਬਾਕੀ ਸਫ਼ਾ 33 'ਤੇ

# ਮੁਤਵਾਜ਼ੀ ਜਥੇਦਾਰਾਂ ਨੇ ਮਲੂਕਾ ਦੀ ਸਜ਼ਾ ਰੱਦ ਕੀਤੀ

## 24 ਜਨਵਰੀ ਨੂੰ ਮੁੜ ਪੇਸ਼ ਹੋਣ ਦੇ ਹੁਕਮ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਰਾਮਪੁਰਾ ਫੂਲ ਵਿਚ ਚੋਣ ਦਫ਼ਤਰ ਦੇ ਉਦਘਾਟਨ ਦੌਰਾਨ ਅਰਦਾਸ ਨੂੰ ਲੈ ਕੇ ਫਸੇ ਮੰਤਰੀ ਸਿਕੰਦਰ ਸਿੰਘ ਮਲੂਕਾ ਫ਼ਿਲਹਾਲ ਹੁਣ ਜਥੇਦਾਰਾਂ ਦੇ ਫੇਰ ਵਿਚ ਫਸ ਗਏ ਹਨ। ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰਾਂ ਵਲੋਂ ਤਨਖ਼ਾਹੀਆ ਕਰਾਰ ਦਿੰਦਿਆਂ ਭਾਂਡੇ ਮਾਂਜਣ ਅਤੇ ਜੋੜੇ ਦੀ ਸੇਵਾ ਦੀ ਸਜ਼ਾ ਲਾਈ ਗਈ ਸੀ। ਪਰ ਸੋਮਵਾਰ ਨੂੰ ਸਰਬੱਤ ਖ਼ਾਲਸਾ ਵਿਚ ਥਾਪੇ ਗਏ ਜਥੇਦਾਰਾਂ ਨੇ ਇਸ ਸਜ਼ਾ ਨੂੰ ਸਰਕਾਰੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ ਹੈ ਤੇ ਮੁੜ 24 ਜਨਵਰੀ ਨੂੰ ਤਲਬ ਕੀਤਾ ਹੈ। ਇਸ ਤੋਂ ਇਲਾਵਾ ਨੀਲਧਾਰੀ ਸੰਪਰਦਾ ਦੇ ਸੰਤ ਸਤਨਾਮ ਸਿੰਘ ਪਿੱਪਲੀਵਾਲੇ ਸੰਬਧੀ ਕੀਤੇ ਫੈਸਲੇ ਨੂੰ ਵੀ ਰੱਦ ਕਰਦਿਆਂ ਸੰਤ ਪਿੱਪਲੀ ਵਾਲਾ ਤੇ ਹੋਰਨਾਂ ਨੂੰ 24 ਜਨਵਰੀ ਨੂੰ ਮੁੜ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ। ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ, ਭਾਈ ਅਮਰੀਕ ਸਿੰਘ ਅਜਨਾਲਾ ਤੋਂ ਇਲਾਵਾ ਭਾਈ ਸੂਬਾ ਸਿੰਘ, ਭਾਈ ਮੇਜਰ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਬੈਠਕ ਕੀਤੀ ਗਈ। ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕਿ ਸੰਤ ਸਤਨਾਮ ਸਿੰਘ ਪਿੱਪਲੀ ਵਾਲੇ ਤੇ ਸਿਕੰਦਰ ਸਿੰਘ ਮਲੂਕਾ, ਮੇਜਰ ਸਿੰਘ ਤੇ ਸਤਨਾਮ ਸਿੰਘ ਭਾਈਰੂਪਾ ਨੂੰ ਉਨ੍ਹਾਂ ਨੇ ਆਪਣਾ ਆਪਣਾ ਪੱਖ ਰੱਖਣ ਲਈ ਸ੍ਰੀ ਅਕਾਲ ਤਖਤ ਸਾਹਿਬ 'ਤੇ ਸੱਦਿਆ ਸੀ, ਪਰ ਉਹ ਹਾਜ਼ਰ ਨਹੀਂ ਹੋਏ, ਜਿਸ 'ਤੇ ਉਨ੍ਹਾਂ ਨੂੰ 24 ਜਨਵਰੀ ਨੂੰ ਖੁਦ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਦਾ ਮੌਕਾ ਦਿੱਤਾ ਜਾਂਦਾ ਹੈ। ਜੇਕਰ ਉਹ ਇਸ ਦਿਨ ਪੇਸ਼ ਨਹੀਂ ਹੰਦੇ ਤਾਂ ਉਨ੍ਹਾਂ ਖਿਲਾਫ਼ ਗੁਰਮਰਿਆਦਾ

ਬਾਕੀ ਸਫ਼ਾ 31 'ਤੇ



ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ, ਬਲਜੀਤ ਸਿੰਘ ਦਾਦੂਵਾਲ ਤੇ ਅਮਰੀਕ ਸਿੰਘ ਅਜਨਾਲਾ ਦਰਬਾਰ ਸਾਹਿਬ ਵਿਖੇ

## ਸਿੰਘ ਸਾਹਿਬਾਨ ਵਲੋਂ ਮਲੂਕਾ ਤਨਖਾਹੀਆ ਕਰਾਰ

### ਚਾਰ ਦਿਨ ਸੰਗਤ ਦੇ ਜੋੜੇ ਤੇ ਜੂਠੇ ਭਾਂਡੇ ਸਾਫ ਕਰਨ ਦੀ ਲਾਈ ਸੇਵਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਅਰਦਾਸ ਨਕਲ ਮਾਮਲੇ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰਨ ਮਗਰੋਂ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ ਅਤੇ ਖਿਮਾ ਯਾਚਨਾ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਚਾਰ ਦਿਨ ਸੰਗਤ ਦੇ ਜੋੜੇ ਅਤੇ ਜੂਠੇ ਭਾਂਡੇ ਸਾਫ਼ ਕਰਨ ਦੀ ਤਨਖ਼ਾਹ ਲਾਈ ਗਈ ਹੈ।

ਬਾਕੀ ਸਫ਼ਾ 31 'ਤੇ


















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar




FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਸਵੇਂ ਪਾਤਸ਼ਾਹ ਸਬੰਧੀ ਵਿਸ਼ੇਸ਼ ਸੈਮੀਨਾਰ



**ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸੈਮੀਨਾਰ ਦੇ ਬੁਲਾਰੇ ਅਤੇ ਸ਼ਾਮਲ ਸੰਗਤਾਂ।**

**ਮਿਲਪੀਟਸ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਵਲੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਦੇਸ਼ ਵਿਦੇਸ਼ ਦੇ ਵਿਦਵਾਨ ਸੱਦ ਕੇ ਇਕ ਵਿਸ਼ੇਸ਼ ਸੈਮੀਨਾਰ 7 ਜਨਵਰੀ ਸ਼ਨਿੱਚਰਵਾਰ ਨੂੰ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਕਰਵਾਇਆ ਗਿਆ। ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਬੁਲਾਰਿਆਂ ਤੇ ਸੰਗਤਾਂ ਨੂੰ ਜੀ ਆਇਆ ਕਹਿੰਦਿਆਂ ਸਮਾਗਮ ਦੀ ਸ਼ੁਰੂਆਤ ਕੀਤੀ। ਸੈਮੀਨਾਰ ਵਿਚ ਡਾ. ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਡਿਪਾਰਟਮੈਂਟ ਆਫ਼ ਰਿਲੀਜੀਆਸ ਸਟੱਡੀਜ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪ੍ਰੋ. ਨਿਰੰਜਨ ਸਿੰਘ ਢੇਸੀ (ਰਿਟਾਇਰਡ) ਅਤੇ ਖਾਲਿਸਤਾਨ ਅਫ਼ੇਅਰਜ਼ ਸੈਂਟਰ ਦੇ ਬੁਲਾਰੇ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ. ਬੁਲਾਰੇ ਸਨ।

ਡਾ. ਜਸਵਿੰਦਰ ਸਿੰਘ ਨੇ ਸਿੱਖਾਂ ਵੱਲੋਂ ਅਣਦੇਖੀਆਂ ਕੀਤੀਆਂ ਗਈਆਂ "ਹੱਥ ਲਿਖਤਾ ਜਾਂ ਖਰੜੇ" ਬਾਰੇ ਗੱਲਬਾਤ ਕੀਤੀ। ਉਨ੍ਹਾਂ ਨੇ ਕਿਹਾ ਕਿ ਸੈਕੜਿਆਂ ਦੀ ਗਿਣਤੀ ਵਿਚ ਹੱਥ ਲਿਖਤਾਂ ਮੌਜੂਦ ਹਨ ਪਰ ਉਨ੍ਹਾਂ ਦੀ ਕੋਈ ਸੇਵਾ ਸੰਭਾਲ ਨਹੀਂ ਹੋ ਰਹੀ ਇਸ ਲਈ ਉਹ ਸਰੋਤ ਦਿਨੋ ਦਿਨ ਅਲੋਪ ਹੋ ਰਹੇ ਹਨ।

ਡਾ. ਅਮਰਜੀਤ ਸਿੰਘ ਨੇ ਪ੍ਰਭਾਵਸ਼ਾਲੀ ਤਕਰੀਰ ਵਿਚ ਦਸਵੇਂ ਪਾਤਸ਼ਾਹ ਵੱਲੋਂ ਸਿੱਖਾਂ ਨੂੰ ਦਿੱਤੀ ਬਾਦਸ਼ਾਹਤ ਦਾ ਨਵੇਕਲੇ ਢੰਗ ਨਾਲ ਵਰਨਣ ਕਰਦੇ ਹੋਏ ਖਾਲਿਸਤਾਨ ਦੀ ਹੋਂਦ ਤੇ ਜ਼ੋਰ ਦਿੱਤਾ। ਡਾ. ਨਰਿੰਜਨ ਸਿੰਘ ਢੇਸੀ ਨੇ ਗੁਰੂ ਨਾਲ ਅਤੇ ਦਸਵੇਂ ਪਾਤਸ਼ਾਹ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਸੈਮੀਨਾਰ ਦੇ ਆਖੀਰ ਵਿਚ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਨੇ ਬੁਲਾਰਿਆਂ ਤੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਏ ਜੀ ਪੀ ਸੀ ਵੱਲੋਂ ਡਾ. ਜਸਵਿੰਦਰ ਸਿੰਘ ਵੱਲੋਂ ਐਡਿਟ ਕੀਤੀ ਪ੍ਰੋ. ਪੂਰਨ ਸਿੰਘ ਦੇ ਲੇਖਾਂ ਦੀ ਰਚਨਾ ਰਿਲੀਜ਼ ਕੀਤੀ। ਸੈਮੀਨਾਰ ਦਾ ਵਿਸ਼ੇਸ਼ ਪ੍ਰਸਾਰਣ 'ਗਲੋਬਲ ਪੰਜਾਬ ਚੈਨਲ' ਟੀਵੀ-84 ਅਤੇ ਫੇਸਬੁੱਕ 'ਤੇ ਲਾਈਵ ਟੈਲੀਕਾਸਟ ਕੀਤਾ ਗਿਆ।

# ਲੁਧਿਆਣਾ ਡਕੈਤੀ ਮਾਮਲਾ : 30 ਸਾਲਾਂ ਬਾਅਦ 10 ਸਿੱਖ ਬਾ-ਇੱਜ਼ਤ ਬਰੀ

**ਲੁਧਿਆਣਾ/ਬਿਊਰੋ ਨਿਊਜ਼ :** ਪੰਜਾਬ ਵਿਚ ਖਾੜਕੂਵਾਦ ਦੌਰਾਨ 1987 ਵਿਚ ਮਿਲਰਗੰਜ ਸਥਿਤ ਪੰਜਾਬ ਨੈਸ਼ਨਲ ਬੈਂਕ ਵਿਚ ਹੋਈ 5 ਕਰੋੜ 70 ਲੱਖ ਦੀ ਬੈਂਕ ਡਕੈਤੀ ਦੇ ਮਾਮਲੇ ਵਿਚ 30 ਸਾਲ ਬਾਅਦ ਦੇਸ਼ ਦੀ ਸਰਬਉੱਚ ਅਦਾਲਤ ਵੱਲੋਂ 10 ਸਿੱਖਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਅਦਾਲਤ ਵੱਲੋਂ 30 ਸਾਲ ਬਾਅਦ ਦਿੱਤੇ ਗਏ ਇਸ ਫੈਸਲੇ ਨਾਲ ਜਿੱਥੇ ਨਿਆਂਇਕ ਪ੍ਰਣਾਲੀ ਦੀ ਸੁਸਤ ਰਫ਼ਤਾਰ ਦਾ ਖੁਲਾਸਾ ਹੋਇਆ ਹੈ, ਉੱਥੇ ਇਸ ਮਾਮਲੇ ਵਿਚ ਬਰੀ ਹੋਏ ਵਿਅਕਤੀਆਂ ਨੂੰ ਤਿੰਨ ਦਹਾਕਿਆਂ ਬਾਅਦ ਇਨਸਾਫ਼ ਮਿਲਿਆ ਹੈ। ਇਸ ਕੇਸ ਦੀ ਕਈ ਵਰ੍ਹਿਆਂ ਤੱਕ ਚੱਲੀ ਸੁਣਵਾਈ ਦੇ ਅਖੀਰ ਵਿਚ 12 ਨਾਮਜ਼ਦ ਮੁਲਜ਼ਮਾਂ ਨੂੰ ਜੱਜ ਸੁਨੀਲ ਕੁਮਾਰ ਦੀ ਅਦਾਲਤ ਵੱਲੋਂ 10-10 ਸਾਲ ਦੀ ਸਜ਼ਾ ਸੁਣਾਈ ਗਈ ਸੀ, ਜਿਨ੍ਹਾਂ ਵਿਚ ਸੁਪਰੀਮ ਕੋਰਟ ਵਲੋਂ ਬਰੀ ਕੀਤੇ 10 ਸਿੱਖਾਂ ਤੋਂ ਇਲਾਵਾ ਭਾਈ ਦਲਜੀਤ ਸਿੰਘ ਬਿੱਟੂ ਤੇ ਭਾਈ ਗੁਰਸ਼ਰਨ ਸਿੰਘ ਗਾਮਾ ਸ਼ਾਮਲ ਸਨ। ਕਿਉਂਕਿ ਭਾਈ ਬਿੱਟੂ ਅਤੇ ਭਾਈ ਗਾਮਾ ਨੇ



ਕੇਸ ਦੀ ਸੁਣਵਾਈ ਦੌਰਾਨ ਹੀ ਆਪਣੀ ਸਜ਼ਾ ਪੂਰੀ ਕਰ ਲਈ ਸੀ, ਇਸ ਲਈ ਉਨ੍ਹਾਂ ਨੇ ਹੇਠਲੀ ਅਦਾਲਤ ਦੇ ਫੈਸਲੇ ਵਿਰੁਧ ਅਪੀਨਹੀਂ ਕੀਤੀ ਸੀ। ਜਦਕਿ ਇਸ ਮਾਮਲੇ ਵਿਚ ਨਾਮਜ਼ਦ ਡਾ. ਆਸਾ ਸਿੰਘ ਨੂੰ ਸਾਲ 2014 ਵਿਚ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦੇ ਦਿੱਤੀ ਸੀ। ਇਸ ਮਾਮਲੇ ਵਿਚ ਗੁਰਜੰਟ ਸਿੰਘ, ਹਰਜਿੰਦਰ ਸਿੰਘ ਕਾਲੀ, ਮਾਨ ਸਿੰਘ ਢੋਲੇਵਾਲ, ਹਰਭਜਨ ਸਿੰਘ, ਸਰੂਪ ਸਿੰਘ, ਬਲਵਿੰਦਰ ਸਿੰਘ, ਸੇਵਾ ਸਿੰਘ, ਅਵਤਾਰ ਸਿੰਘ ਅਤੇ ਮੋਹਣ ਸਿੰਘ ਵੱਖ-ਵੱਖ ਜੇਲ੍ਹਾਂ ਵਿਚ ਬੰਦ ਹਨ। ਪੁਲੀਸ ਵੱਲੋਂ ਬੈਂਕ ਡਕੈਤੀ ਤੋਂ ਕਾਫੀ ਸਮੇਂ ਬਾਅਦ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ, ਪਰ ਅਦਾਲਤ ਵੱਲੋਂ ਕੁੱਝ ਮਹੀਨਿਆਂ ਬਾਅਦ ਇਨ੍ਹਾਂ ਨੂੰ ਜ਼ਮਾਨਤਾਂ ਦੇ ਦਿੱਤੀਆਂ ਸਨ। ਸਥਾਨਕ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੁਲੀਸ ਨੇ ਇਨ੍ਹਾਂ ਨੂੰ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜ ਦਿੱਤਾ ਸੀ ਤੇ ਅੱਜ ਕੱਲ੍ਹ ਇਹ ਸਾਰੇ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਨ।

**ਬਾਕੀ ਸਫ਼ਾ 33 'ਤੇ**

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: *ਜੈ ਸਿੰਘ* ਫੋਨ ਨੰਬਰ 510-677-2777**



# ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਤੇ ਕਾਰ ਸੇਵਕਾਂ ਵਲੋਂ ਚਰਚ ਦੀ ਬਿਲਡਿੰਗ ਖਰੀਦਣ ਦਾ ਕਾਰਜ ਸ਼ੁਰੂ

## *ਸੰਗਤਾਂ ਨੂੰ ਵੱਧ ਤੋਂ ਵੱਧ ਦਸਵੰਧ ਦੇਣ ਦੀ ਬੇਨਤੀ*

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਅਤੇ ਕਾਰ ਸੇਵਾ ਵਾਲੇ ਸੱਜਣਾਂ ਵਲੋਂ ਇਕ ਸਾਂਝਾ ਉਪਰਾਲਾ ਕਰਕੇ ਇਕ ਚਰਚ ਦੀ ਬਿਲਡਿੰਗ ਦੀ ਖਰੀਦਦਾਰੀ ਕੀਤੀ ਜਾ ਰਹੀ ਹੈ। ਇਹ ਬਿਲਡਿੰਗ ਪੈਲਾਟਾਈਨ ਗੁਰੂ ਘਰ ਦੀ ਪ੍ਰਾਪਟੀ ਦੇ ਨਾਲ ਹੀ ਲਗਦੀ ਹੈ। ਗੁਰੂ ਘਰ ਦੀਆਂ ਲੋੜਾਂ ਨੂੰ ਤੇ ਸੰਗਤਾਂ ਦੀਆਂ ਜ਼ਰੂਰਤਾਂ ਨੂੰ ਮੁੱਖ ਰਖਦਿਆਂ ਇਹ ਕਦਮ ਚੁਕਿਆ ਗਿਆ ਹੈ। ਇਸ ਸਾਂਝੇ ਉਦਮ ਸਦਕਾ ਬਹੁਤ ਹੀ ਥੋਹੜੇ ਸਮੇਂ ਵਿਚ ਸੰਗਤਾਂ ਨੇ ਕਾਫ਼ੀ ਉਤਸ਼ਾਹ ਦਿਖਾਇਆ ਹੈ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਨਾਨਕਨਾਮ ਲੇਵਾ ਸੰਗਤਾਂ ਨੂੰ ਪੁਰ ਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚੋਂ ਆਪਣਾ ਬਣਦਾ ਦਸਵੰਧ ਕੱਢ ਕੇ ਗੁਰੂ ਘਰ ਦੀ ਗੋਲਕ ਵਿਚ ਪਾਉ ਤਾਂ ਕਿ ਆਉਣ ਵਾਲੀ ਪਨੀਰੀ ਵਾਸਤੇ ਇਹ ਥਾਂਵਾਂ ਵੱਡੇ ਪੱਧਰ ਬਣਾਈਆਂ ਜਾਣ ਤੇ ਸਿੱਖੀ ਦਾ ਪ੍ਰਚਾਰ ਵੱਧ ਤੋਂ ਵੱਧ ਕੀਤਾ ਜਾ ਸਕੇ। ਇਸ ਨਵੀਂ ਖਰੀਦੀ ਜਾ ਰਹੀ ਬਿਲਡਿੰਗ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਲਈ



ਗੁਰੂ ਘਰ ਦੇ ਫੋਨ ਨੰਬਰ 847-357-1117, ਜਾਂ ਮੁੱਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ 630-217-2478, ਕਾਰਸੇਵਕ ਸਤਨਾਮ ਸਿੰਘ ਔਲਖ 847-809-6145 ਉਕਾਰ ਸਿੰਘ ਲਾਲ 630-664-3817, ਉਂਕਾਰ ਸਿੰਘ ਢਿੱਲੋਂ ਨਾਲ 847-917-2747 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਤੀਸ਼ ਕੁਮਾਰ ਰੱਲ੍ਹ ਦੇ ਪਿਤਾ ਦਲੀਪ ਚੰਦ ਨਮਿਤ ਅੰਤਿਮ ਅਰਦਾਸ 14 ਜਨਵਰੀ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼:** ਗੁਰੂ ਘਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਸਾਬਕਾ ਪ੍ਰਧਾਨ ਅਤੇ ਸਟੇਜ਼ ਸਕੱਤਰ ਸ੍ਰੀ ਸਤੀਸ਼ ਕੁਮਾਰ ਰੱਲ੍ਹ ਨੂੰ ਉਦੋਂ ਭਾਰੀ ਸਦਮਾ ਪੁੱਜਾ ਜਦੋਂ ਉਨ੍ਹਾਂ ਸਤਿਕਾਰਯੋਗ ਪਿਤਾ ਸ੍ਰੀ ਦਲੀਪ ਚੰਦ ਰੱਲ੍ਹ (86 ਸਾਲ) ਬੀਤੀ 4 ਜਨਵਰੀ ਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਲਧਾਣਾ ਉਚਾ ਨਾਲ ਸਬੰਧਿਤ ਸਨ। ਸ੍ਰੀ ਦਲੀਪ ਚੰਦ ਰੱਲ੍ਹ ਪੰਜਾਬ ਰਾਜ ਬਿਜਲੀ ਬੋਰਡ ਵਿਚੋਂ ਰਿਟਾਇਰ ਹੋ ਕੇ ਲਗਭਗ 22 ਸਾਲ ਤੋਂ ਅਮਰੀਕਾ ਦੀ ਧਰਤੀ ਤੇ ਰਹੇ ਸਨ। ਉਹ ਇਕ ਸਮਾਜ ਸੇਵੀ ਅਤੇ ਬਹੁਰੰਗੀ ਸ਼ਖਸ਼ੀਅਤ ਦੇ ਮਾਲਕ ਸਨ। ਉਨ੍ਹਾਂ ਪਿੰਡ ਵਿਚ ਕਈ ਸਮਾਜ ਸੇਵਾ ਦੇ ਕੰਮ ਵੀ ਕਰਵਾਏ ਅਤੇ ਹਰ ਗਰੀਬ ਦੀ ਮੱਦਦ ਲਈ ਹਮੇਸ਼ਾ ਤੱਤਪਰ ਰਹਿੰਦੇ ਸਨ। ਉਹ ਆਪਣੇ ਪਿੱਛੇ ਪਤਨੀ ਊਧਮ ਕੌਰ, ਪੁੱਤਰ, ਪੁੱਤਰੀਆਂ ਸਮੇਤ ਬਹੁਤ ਵੱਡਾ ਪਰਿਵਾਰ ਛੱਡ ਗਏ। ਸ੍ਰੀ ਦਲੀਪ ਚੰਦ ਰੱਲ੍ਹ ਨਮਿਤ ਅੰਤਿਮ ਅਰਦਾਸ 14 ਜਨਵਰੀ 2017 ਨੂੰ ਦੁਪਹਿਰ ਸਮੇਂ ਸ੍ਰੀ ਗੁਰੂ ਰਵਿਦਾਸ ਟੈਂਪਲ 6221, 16 ਸਟਰੀਟ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ 916-214-9092 ਤੇ ਸੰਪਰਕ ਕੀਤਾ ਜਾ ਸਕਦਾ ਹੈ।




SFO/LAX to DELHI

FARE as LOW as
Starting from
695 to 895
With Senior Citizens & Students Discount
(including taxes)



Flights to Amritsar available at higher airfare

INFINITY TRAVEL (408-245-8444)

Low season fare subject to availability
Restrictions apply (cst# 1007726-10)

SINGH EXPRESS INC

- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

ਬਾਬਾ ਬਿੱਧੀ ਚੰਦ ਜੀ ਦੀ ਅੰਸ ਬੰਸ਼ 'ਚੋਂ ਗਿਆਰਵੀਂ
ਗੱਦੀ ਨਸ਼ੀਨ ਮਹਾਂਪੁਰਖ ਸੱਚਖੰਡ ਵਾਸੀ

ਬਾਬਾ ਦਯਾ ਸਿੰਘ ਜੀ



ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ ਸੁਰ ਸਿੰਘ ਵਾਲੇ

ਦੀ ਮਿੱਠੀ ਪਿਆਰੀ
ਯਾਦ ਵਿਚ
ਤੀਸਰੀ ਬਰਸੀ
ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ
20, 21 ਅਤੇ 22 ਜਨਵਰੀ ਨੂੰ

ਨਾਰਥ ਅਮਰੀਕਾ ਦੀ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ
20, 21 ਅਤੇ 22 ਜਨਵਰੀ, 2017 ਨੂੰ ਮਨਾਈ ਜਾਵੇਗੀ
ਆਰੰਭ ਭੋਗ ਸ੍ਰੀ ਆਖੰਡ ਪਾਠ ਸਾਹਿਬ : 20 ਜਨਵਰੀ 2017, ਸ਼ੁੱਕਰਵਾਰ
22 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ
ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸੱਜਣਗੇ।
ਸਭਨਾਂ ਸੰਗਤਾਂ ਨੂੰ ਪਹੁੰਚਣ ਲਈ ਬੇਨਤੀ ਹੈ।

ਦਾਸ: ਕੁਲਦੀਪ ਸਿੰਘ ਤੇ ਗੁਰਬਚਨ ਸਿੰਘ ਅਤੇ ਸਹਿਯੋਗੀ

ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533

# JESSIE TAX SERVICES

**We Provide Comprehensive Tax Services**



JASWANT S. JESSIE

Enrolled Agent (EA), NTPI Fellow

**Specializing in:**

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | *By Appointment Only*

**Phone (408) 736-2451 | Fax (408) 736-8626**

Email: jessie@jessietax.com

**www.jessietax.com**


# ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ ਦੀ ਤੀਸਰੀ ਬਰਸੀ 19 ਜਨਵਰੀ ਨੂੰ



**ਸਿਆਟਲ/ ਗੁਰਚਰਨ ਸਿੰਘ ਢਿੱਲੋਂ**, ਬਾਬਾ ਬਿੱਧੀ ਚੰਦ ਜੀ ਦੀ ਅੰਸ ਬੰਸ਼ 'ਚੋਂ ਗਿਆਰਵੀਂ ਗੱਦੀ ਨਸ਼ੀਨ ਮਹਾਂਪੁਰਖ ਸੱਚਖੰਡ ਵਾਸੀ ਬਾਬਾ ਦਯਾ ਸਿੰਘ ਜੀ ਦੀ ਮਿਠੀ ਪਿਆਰੀ ਯਾਦ ਵਿਚ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਤੀਸਰੀ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸੁਰ ਸਿੰਘ ਤੇ ਇਲਾਕੇ ਦੀ ਸੰਗਤ ਵੱਲੋਂ 12ਵੇਂ ਜਾਨਸੀਨ ਬਾਬਾ ਅਵਤਾਰ ਸਿੰਘ ਤੇ ਬਾਬਾ ਗੁਰਬਚਨ ਸਿੰਘ ਦੀ ਅਗਵਾਈ ਹੇਠ ਹੈੱਡ ਕੁਆਟਰ ਸੁਰ ਸਿੰਘ (ਤਰਨਤਾਰਨ) ਵਿਖੇ 19 ਜਨਵਰੀ ਨੂੰ ਮਨਾਈ ਜਾ ਰਹੀ ਹੈ, ਜਿਸ ਵਿਚ ਵਿਦੇਸ਼ਾਂ 'ਚੋਂ ਕਾਫ਼ੀ ਸ਼ਰਧਾਲੂ ਪਹੁੰਚ ਰਹੇ ਹਨ। ਨਾਰਥ ਅਮਰੀਕਾ ਦੀ ਸੰਗਤ ਵੱਲੋਂ ਕੁਲਦੀਪ ਸਿੰਘ ਤੇ ਗੁਰਬਚਨ ਸਿੰਘ ਦੇ ਨਗਰਾਨੀ ਹੇਠ ਫੀਮਾਂਟ ਗੁਰਦੁਆਰਾ ਕੈਲੀਫੋਰਨੀਆ ਵਿਚ 20,21 ਅਤੇ 22 ਜਨਵਰੀ ਨੂੰ ਬਾਬਾ ਦਯਾ ਸਿੰਘ ਜੀ ਦੀ ਬਰਸੀ ਮਨਾਈ ਜਾਵੇਗੀ 22 ਜਨਵਰੀ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸੱਜਣਗੇ।

# ਡੈਮੋਕ੍ਰਟਿਕ ਡੈਲੀਗੇਟ ਤੇ ਐਗਜੈਕਟਿਵ ਬੋਰਡ ਦੀ ਚੋਣ 'ਚ ਅਟਾਰਨੀ ਅਮਰ ਸ਼ੇਰ ਗਿੱਲ ਜੇਤੂ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਦੇ ਅਸੈਂਬਲੀ ਡਿਸਟ੍ਰਿਕ 9 ਵਿਚ ਡੈਮੋਕ੍ਰਟਿਵ ਐਕਜੀਕੁਟਿਵ ਬੋਰਡ ਤੇ ਡੈਲੀਗੇਟ ਦੀ ਹੋਈ ਇਲੈਕਸ਼ਨ ਵਿਚ ਅਮਰ ਸ਼ੇਰਗਿੱਲ ਜੇਤੂ ਰਿਹਾ। ਇਨ੍ਹਾਂ ਚੋਣਾਂ ਵਿਚ ਅਮਰ ਸ਼ੇਰ ਗਿੱਲ ਵਾਲਾ 7 ਮੈਂਬਰੀ ਧੜਾ ਜੇਤੂ ਰਿਹਾ ਪਰ ਦੂਸਰੇ ਪਾਸੇ ਐਲਕ ਗਰੋਵ ਦੇ ਮੇਅਰ ਵਾਲੇ ਧੜੇ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਚੋਣਾਂ ਵਿਚ ਪੰਜਾਬੀ ਖਾਸ ਕਰ ਸਿੱਖਾਂ ਨੇ ਖਰਾਬ ਮੌਸਮ ਦੇ ਬਾਵਜੂਦ ਵੀ ਭਾਰੀ ਦਿਲਚਸਪੀ ਨਾਲ ਸ਼ਮੂਲੀਅਤ ਕੀਤੀ। ਇਸ ਦੌਰਾਨ ਬੋਰਡ ਪ੍ਰਤੀਨਿਧ ਵਜੋਂ ਅਮਰ ਸ਼ੇਰ ਗਿੱਲ ਅਟਾਰਨੀ ਐਟ ਲਾਅ ਨੂੰ ਸਭ ਤੋਂ ਵੱਧ 350 ਵੋਟਾਂ ਪਈਆ। ਜਿਹੜੇ 7 ਡੈਲੀਗੇਟ ਚੁਣੇ ਗਏ ਉਨ੍ਹਾਂ ਵਿੱਚ ਮਾਈਕ ਹੌਠੀ, ਮੈਗੂਅਲ ਕੋਰਡਾਨਾ, ਟਰਿਸਟਨ ਬਰਾਊਨ ਤੇ ਪੀਟਰ ਬਰੋਗਨ ਸ਼ਾਮਲ ਹਨ। ਅਮਰ ਸ਼ੇਰਗਿੱਲ ਦੇ ਜੇਤੂ ਰਹਿਣ ਤੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਉਨ੍ਹਾਂ ਭਾਈਚਾਰੇ ਦਾ ਉਨ੍ਹਾਂ ਨੂੰ ਵੋਟਾਂ ਪਾਉਣ ਦਾ ਧੰਨਵਾਦ ਕੀਤਾ।


# LAW OFFICE OF PARDEEP S. GREWAL

## ਪ੍ਰਦੀਪ ਸਿੰਘ ਗਰੇਵਾਲ

**Bankruptcy**

Immigration • Divorce

**ਬੈਂਕਰਪਸੀ**

ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)

**ਇਮੀਗ੍ਰੇਸ਼ਨ ਲਾਅ**

9th ਸਰਕਟ ਅਪੀਲ, ਬੀ ਆਈ ਏ ਅਪੀਲ,

ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ

**ਪਰਿਵਾਰਕ ਕਾਨੂੰਨ**

**ਤਲਾਕ**



Pardeep S. Grewal

Attorney At Law

**Bankruptcy**

- Chapter 7 & 13 Bankruptcy
- Protect Your Assets- Home, Etc..
- Start Fresh- Clear

**Immigration Law**

- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

**Family Law • Divorce**

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

**510.889.1999**

email : info@pardeeplaw.com

20980 REDWOOD ROAD, SUITE 240 • CASTRO VALLEY CA 94546



# CAPITAL ACCOUNTING & TAX SERVICES

**HELPING PEOPLE FOR THEIR TRUCKING NEEDS**

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

## ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

**Same Day Plates Same Day Plates Same Day Plates**



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**TRUCKING SERVICES AVAILABLE**

- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**

- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

**CALIFORNIA DMV LIV. # 40524**

**PH : 530-669-5780 Fax : 530-669-5775**

**Cell : 530-908-9386 Cell : 530-405-6020**

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.




### ਪੰਜ ਦਰਿਆਵਾਂ ਵਾਲੇ ਪੰਜਾਬ ਦੀ ਸਿਆਸਤ 'ਤੇ ਕਾਬਜ਼ ਸਿਰਫ਼ ਛੇ ਖ਼ਾਨਦਾਨ

# 60 ਸਾਲ ਤੋਂ ਚੱਲ ਰਹੀ ਰਿਸ਼ਤੇਦਾਰਾਂ ਦੀ ਸਰਕਾਰ, ਪਹਿਲੀ ਵਾਰ ਮਹਿਮਾਨ 'ਆਪ'

## ਸਰਕਾਰ ਵਿਚ ਹੋਵੋ ਜਾਂ ਵਿਰੋਧੀ ਧਿਰ ਵਿਚ, ਆਹਮਣੇ-ਸਾਹਮਣੇ ਰਿਸ਼ਤੇਦਾਰ ਹੀ ਰਹਿੰਦੇ ਹਨ

## 1965 ਵਿਚ ਮੁੱਖ ਮੰਤਰੀ ਬਣੇ ਸਨ ਕੈਰੋਂ, ਉਸ ਤੋਂ ਬਾਅਦ ਸ਼ੁਰੂ ਹੋਈ ਪਰਿਵਾਰ ਦੀ ਵਿਰਾਸਤ

**ਲੁਧਿਆਣਾ/ਸ਼ਮਸ਼ੇਰ ਚੰਦੇਲ :** ਇਹ ਪਰਿਵਾਰਾਂ ਦੀ ਸਿਆਸਤ ਹੈ, ਵਿਰਾਸਤ ਹੈ। ਸਿਰਫ਼ ਛੇ ਪਰਿਵਾਰ, ਉਹ ਵੀ ਆਪਸ ਵਿਚ ਕਿਸੇ ਨਾ ਕਿਸੇ ਤਰ੍ਹਾਂ ਰਿਸ਼ਤੇਦਾਰ। ਸੂਬੇ ਵਿਚ ਇਨ੍ਹਾਂ ਦਾ ਹੀ ਰਾਜ ਰਿਹਾ ਹੈ। ਪਹਿਲੀ ਵਾਰ ਆਮ ਆਦਮੀ ਪਾਰਟੀ ਵਜੋਂ ਕੁਝ ਹੋਰ ਪਰਿਵਾਰ ਇਸ ਸਮਰ ਵਿਚ ਸ਼ਾਲ ਹੋਣ ਦੀ ਤਿਆਰੀ ਵਿਚ ਹਨ, ਜਿਨ੍ਹਾਂ ਨੂੰ ਲੈ ਕੇ ਇਥੋਂ ਕੋਈ ਲੰਬਾ ਜ਼ਿਕਰ ਕਰਨਾ ਮੁਨਾਸਿਬ ਨਹੀਂ ਹੋਵੇਗਾ। ਖ਼ੈਰ, ਪੰਜਾਬ ਵਿਚ ਭਾਈ-ਭਤੀਜਾਵਾਦ ਵਾਲੀ ਸਿਆਸਤ ਨੂੰ ਮਹਾਂਰਥੀਆਂ ਨੇ ਸਿਆਸਤ ਖੇਤਰ 'ਤੇ ਉਪਰ ਉਠਣ ਦੀ ਕਲਾ ਬਣਾ ਦਿੱਤਾ। ਪਰਿਵਾਰ ਤੋਂ ਮਿਲੀ ਸਿਆਸੀ ਵਿਰਾਸਤ ਨੂੰ ਇਹ ਮਹਾਂਰਥੀ ਨੈਤਿਕ ਭ੍ਰਿਸ਼ਟਾਚਾਰ ਵੀ ਨਹੀਂ ਮੰਨਦੇ। ਹੁਣ ਜ਼ਰਾ ਸੂਬੇ ਵਿਚ ਖ਼ਾਸ ਪਰਿਵਾਰਾਂ ਦੇ ਸਿਆਸੀ ਗਠਜੋੜ ਦਾ ਦਿਲਚਸਪ ਪਹਿਲੂ ਦੇਖੋ। ਹਾਲ ਹੀ ਵਿਚ ਇਕ ਇੰਟਰਵਿਊ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਰਿਸ਼ਤਿਆਂ ਵਿਚ ਆਪਣੇਪਣ ਦੀ ਇਸ ਗਰਮਾਹਟ ਦਾ ਅਹਿਸਾਸ ਕਰਾਉਂਦਿਆਂ ਬੇਬਾਕੀ ਨਾਲ ਕਿਹਾ ਕਿ ਜਦੋਂ ਕਦੇ ਉਹ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਦੇ ਹਨ, ਤਾਂ ਉਨ੍ਹਾਂ ਦੇ ਪੈਰੀਂ ਹੱਥ ਲਾਉਂਦੇ ਹਨ। ਇਸ 'ਤੇ ਕੈਪਟਨ ਨੇ ਵੀ ਪੰਜਾਬ-ਟੋਨ ਵਿਚ ਸ਼ਗਨ ਮੋੜ ਵਰਗਾ ਜਵਾਬ ਦਿੱਤਾ ਕਿ ਜਦੋਂ ਸੁਖਬੀਰ ਜੇਲ੍ਹ ਵਿਚ ਸੀ ਤਾਂ ਉਨ੍ਹਾਂ ਨੂੰ ਡਾਈਟ ਕੋਕ ਜ਼ਰੂਰ ਮਿਲੇ, ਮੈਂ ਇਹ ਯਕੀਨੀ ਕਰਵਾਇਆ ਸੀ। ਕੁਲ ਮਿਲਾ ਕੇ ਬਾਦਲ ਤੇ ਕੈਪਟਨ ਦੂਰ ਦੇ ਰਿਸ਼ਤੇਦਾਰ ਹਨ। ਇਥੋਂ ਤਕ ਕਿ ਗਰਮਖਿਆਲੀ ਵਿਚਾਰਧਾਰਾ ਦੇ ਮੰਨੇ ਜਾਣ ਵਾਲੇ ਸਿਮਰਨਜੀਤ ਸਿੰਘ ਮਾਨ, ਇਸ ਦੇ ਉਲਟ ਵਿਚਾਰਧਾਰਾ ਦੀ ਕਾਂਗਰਸ ਪਾਰਟੀ ਦੇ ਕੈਪਟਨ ਅਮਰਿੰਦਰ ਸਿੰਘ ਵੀ ਉਨ੍ਹਾਂ ਦੇ ਰਿਸ਼ਤੇਦਾਰ ਹਨ। ਹੁਣ ਵਿਰੋਧੀ ਸਿਆਸੀ ਧੁਰੀ 'ਤੇ ਖੜ੍ਹੇ ਕੈਪਟਨ ਅਤੇ ਮਾਨ ਕਦੇ 1994 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਮੁੱਦੇ 'ਤੇ ਇਕਮਤ ਸਨ।




## ਰਿਸ਼ਤੇਦਾਰੀ ਦੇ ਚਾਰਟ ਨਾਲ ਸਮਝੋ ਸੂਬੇ ਦੀ ਸਿਆਸਤ

ਜਮਹੂਰੀ ਸੂਬੇ ਦੀ ਸਿਆਸਤ 'ਤੇ ਕਾਬਜ਼ 6 ਖਾਨਦਾਨਾਂ ਦੀ ਹਾਲਤ ਕਿਸੇ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਵਾਲੀ ਹੈ। ਬੱਸ ਅਹੁਦਾ ਮੁੱਖ ਮੰਤਰੀ ਦਾ ਹੁੰਦਾ ਹੈ ਜਾਂ ਫਿਰ ਵਿਰੋਧੀ ਧਿਰ ਦੇ ਆਗੂ ਦਾ। ਅਜਿਹੇ ਵਿਚ ਸੂਬੇ ਦੀ ਸਿਆਸਤ ਦਾ ਗਣਿਤ ਬੇਹੱਦ ਪੇਚੀਦਾ ਹੈ, ਇਸ ਨਾਲੋਂ ਚੰਗਾ ਹੈ ਕਿ ਅਸੀਂ ਗ਼ਲਤ ਜਾਂ ਸਹੀ 'ਤੇ ਜਾਏਈ, ਸਿੱਧੇ ਤੱਥਾਂ 'ਤੇ ਆਉਂਦੇ ਹਾਂ। ਢਿਲੋਂ ਭਾਵ ਬਾਦਲ ਪਰਿਵਾਰ-ਸ਼ੁਰੂਆਤ ਕਰਦੇ ਹਾਂ, ਢਿਲੋਂ ਪਰਿਵਾਰ ਤੋਂ। ਜੋ ਹੁਣ ਬਾਦਲਾਂ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਪੰਜ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਅਮਰੀਕਾ ਤੋਂ ਪਰਤੇ ਤਾਂ ਸੰਸਦ ਮੈਂਬਰ ਅਤੇ ਫਿਰ ਕੇਂਦਰੀ ਮੰਤਰੀ ਬਣੇ। ਵੱਡੇ ਬਾਦਲ ਨੇ ਉਨ੍ਹਾਂ ਲਈ ਦੋ ਯੋਜਨਾਵਾਂ ਬਣਾਈਆਂ ਏ ਅਤੇ ਬੀ। ਯੋਜਨਾ ਏ ਤਹਿਤ ਉਨ੍ਹਾਂ ਨੂੰ ਚੋਣ ਲੜਾਈ, ਲੜੇ ਅਤੇ 1990 ਵਿਚ ਲੋਕ ਸਭਾ ਚੋਣ ਹਾਰ ਗਏ। ਲਿਹਾਜ਼ਾ ਪਰਿਵਾਰ ਦੀ ਯੋਜਨਾ ਬੀ ਤਹਿਤ ਉਨ੍ਹਾਂ ਨੂੰ ਰਾਜ ਸਭਾ ਸੀਟ ਦੇ ਦਿੱਤੀ ਗਈ। ਬਾਦਲ ਦੇ ਭਰਾ ਗੁਰਦਾਸ ਬਾਦਲ ਖ਼ੁਦ ਸੰਸਦ ਮੈਂਬਰ ਅਤੇ ਵਿਧਾਇਕ ਰਹੇ, ਉਨ੍ਹਾਂ ਦੇ ਪੁੱਤਰ ਮਨਪ੍ਰੀਤ ਬਾਦਲ ਅਮਰੀਕਾ ਤੋਂ ਪੜ੍ਹ ਕੇ ਆਏ ਤਾਂ ਤਾਇਆ ਪ੍ਰਕਾਸ਼ ਨੇ ਉਨ੍ਹਾਂ ਨੂੰ ਟਿਕਟ ਦੇ ਦਿੱਤੀ, ਜਿੱਤੇ ਤੇ ਸਿੱਧਾ ਵਿੱਤ ਮੰਤਰੀ ਬਣ ਗਏ। ਵੱਡੇ ਬਾਦਲ ਦੀ ਧੀ ਪਰਨੀਤ ਸੂਬੇ ਦੇ ਪਹਿਲੇ ਕਾਂਗਰਸੀ ਕੈਰੋਂ ਪਰਿਵਾਰ ਵਿਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੋਤੇ ਆਦੇਸ਼ ਪ੍ਰਤਾਪ ਨਾਲ ਵਿਆਹੀ ਜਦਕਿ ਛੋਟੇ ਕੈਰੋਂ ਆਦੇਸ਼ ਨੂੰ ਸਿਆਸੀ ਸ਼ਗਨ ਵਜੋਂ ਸ਼੍ਰੋਮਣੀ ਅਕਾਲੀ ਦਲ ਤੋਂ ਟਿਕਟ ਮਿਲੀ, ਜਿੱਤਣ 'ਤੇ ਸਹੁਰਾ ਪਰਿਵਾਰ ਦੀ ਕਮਾਂਡ ਵਾਲੀ ਸਰਕਾਰ ਵਿਚ ਮੰਤਰੀ ਬਣੇ। ਵੱਡੇ ਕੈਰੋਂ ਦੇ ਇਕ ਭਰਾ ਜਸਵੰਤ ਸਿੰਘ ਕੈਰੋਂ ਦੀ ਧੀ ਗੁਰਵਿੰਦਰ ਕੌਰ ਰਾਣੋ ਕਾਂਗਰਸ ਪ੍ਰਦੇਸ਼ ਪ੍ਰਧਾਨ ਹਰਚਰਨ ਸਿੰਘ ਬਰਾੜ ਨਾਲ ਵਿਆਹੀ। ਜੋ 1995 ਵਿਚ ਮੁੱਖ ਮੰਤਰੀ ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਮੁੱਖ ਮੰਤਰੀ ਬਣੇ। ਉਨ੍ਹਾਂ ਦੀ ਧੀ ਬਬਲੀ ਨੇ ਸੁਖਬੀਰ ਬਾਦਲ ਦੇ ਮੁਕਾਬਲੇ ਚੋਣ ਲੜੀ ਤੇ ਅਤੇ ਹਾਲੇ ਸਿਆਸਤ ਵਿਚ ਸਰਗਰਮ ਹੈ। ਬਰਾੜ ਦੇ ਪੁੱਤ ਕੰਵਰਜੀਤ ਸੰਨੀ ਲਾਲੀ ਬਰਾੜ 1977 ਵਿਚ ਵਿਧਾਇਕ ਬਣੇ।

### ਪਟਿਆਲਾ ਦਾ ਸ਼ਾਹੀ ਖਾਨਦਾਨ ਅਤੇ ਮਾਨ

ਸਾਬਕਾ ਮੁੱਖ ਮੰਤਰੀ ਬਰਾੜ ਦੇ ਬੇਟੇ ਸੰਨੀ ਬਰਾੜ ਤੇ ਪਟਿਆਲਾ ਦੇ ਸ਼ਾਹੀ ਖਾਨਦਾਨ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਛੋਟੇ ਭਰਾ ਮਾਲਵਿੰਦਰ ਸਿੰਘ ਦਾ ਵਿਆਹ ਸਕੀਆਂ ਭੈਣਾਂ ਨਾਲ ਹੋਇਆ। ਨਵੀਂ ਦਿੱਲੀ ਦੇ ਕਾਰੋਬਾਰੀ ਸੁਰਿੰਦਰ ਪਾਲ ਸਿੰਘ ਮਾਨ ਉਨ੍ਹਾਂ ਦੇ ਸਹੁਰਾ ਹਨ। ਦੂਸਰੀ ਦਿਲਚਸਪ ਗੱਲ, ਸਾਢੂ-ਭਰਾ ਵਾਲੀ ਜੋੜੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੰਗਰੂਰ ਤੋਂ ਸੰਸਦ ਮੈਂਬਰ ਬਣੇ ਸਿਮਰਨਜੀਤ ਸਿੰਘ ਮਾਨ ਦੀ ਹੈ। ਦੋਹਾਂ ਦਾ ਵਿਆਹ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਗਿਆਨ ਸਿੰਘ ਕਾਹਲੋਂ ਦੀਆਂ ਧੀਆਂ ਪਰਨੀਤ ਕੌਰ ਤੇ ਗੀਤਇੰਦਰ ਕੌਰ ਨਾਲ ਹੋਇਆ। ਕਾਹਲੋਂ ਪਰਿਵਾਰ ਦੀਆਂ ਦੋਹਾਂ ਧੀਆਂ ਸਹੁਰਿਆਂ ਤੋਂ ਵਿਰਾਸਤ ਵਿਚ ਸਿਆਸਤ ਮਿਲਣ ਕਾਰਨ ਸਿਆਸਤ ਵਿਚ ਸਰਗਰਮ ਹਨ। ਪਰਨੀਤ ਕੇਂਦਰੀ ਮੰਤਰੀ ਰਹੀ ਹੈ। ਗੀਤਇੰਦਰ ਪਤੀ ਦੀ ਚੋਣ ਪ੍ਰਚਾਰ ਦੀ ਕਮਾਂਡ ਸੰਭਾਲਦੀ ਹੈ।

### ਬਾਦਲ ਤੇ ਮਜੀਠੀਆ ਪਰਿਵਾਰ ਦੇ ਰਿਸ਼ਤੇ

ਵਾਪਸ ਇਕ ਨਜ਼ਰ ਬਾਦਲ ਪਰਿਵਾਰ 'ਤੇ...ਪ੍ਰਕਾਸ਼ ਸਿੰਘ ਬਾਦਲ ਦੇ ਪੁੱਤਰ ਸੁਖਬੀਰ ਦਾ ਵਿਆਹ ਹਰਸਿਮਰਤ ਕੌਰ ਨਾਲ ਹੋਇਆ। ਉਹ ਸਤਿਆਜੀਤ ਮਜੀਠੀਆ ਦੀ ਧੀ ਹੈ ਤੇ ਹਰਸਿਮਰਤ ਦੇ ਭਰਾ ਬਿਕਰਮ ਮਜੀਠੀਆ ਕੈਬਨਿਟ ਮੰਤਰੀ ਹਨ। ਬਾਦਲਾਂ ਦੇ ਰਿਸ਼ਤੇਦਾਰ ਵੀ ਬੇਹਤਰ ਸਥਿਤੀ ਵਿਚ ਹਨ। ਮਸਲਨ ਉਨ੍ਹਾਂ ਦੇ ਚਾਚਾ ਹਰਰਾਜ ਸਿੰਘ ਦੇ ਬੇਟੇ ਪਰਮਜੀਤ ਸਿੰਘ ਢਿਲੋਂ ਲਾਲੀ ਬਾਦਲ ਦੇ ਨਾਂ ਨਾਲ ਮਸ਼ਹੂਰ ਹਨ, ਜੋ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਰਹੇ ਹਨ। ਦੂਸਰੇ ਚਾਚਾ ਗੁਰਰਾਜ ਸਿੰਘ ਦੇ ਬੇਟੇ ਭੁਪਿੰਦਰ ਸਿੰਘ ਢਿਲੋਂ 1997 ਤੋਂ 2002 ਤਕ ਮੁੱਖ ਮੰਤਰੀ ਬਾਦਲ ਦੇ ਸਿਆਸੀ ਸਕੱਤਰ ਰਹੇ। ਜਦਕਿ ਮੁੱਖ ਮੰਤਰੀ ਬਾਦਲ ਦੇ ਚਚੇਰੇ ਭਰਾ ਹਰਦੀਪ ਇੰਦਰ ਸਿੰਘ ਇਕ ਵਾਰ ਅਕਾਲੀ ਸਰਕਾਰ ਵਿਚ ਟਰਾਂਸਪੋਰਟ ਮੰਤਰੀ ਰਹੇ ਸਨ।

## ਪੌਣੇ ਦੋ ਸਾਲ ਬਾਅਦ ਚੋਣ, ਉਹੀ ਮੰਤਰੀ, ਉਹੀ ਪੀੜਤ ਤੇ ਫਿਰ ਉਹੀ ਵਾਅਦਾ...

**ਬਠਿੰਡਾ/ਬਿਊਰੋ ਨਿਊਜ਼ :**
2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪਰਸਰਾਮ ਨਗਰ ਦੀ ਅਪਾਹਜ ਕੁੜੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਮਿਲੀ ਸੀ। ਹਰਸਿਮਰਤ ਨੇ ਉਸ ਨੂੰ ਨੌਕਰੀ ਦਾ ਭਰੋਸਾ ਦਿੱਤਾ ਸੀ। ਹੁਣ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਹਰਸਿਮਰਤ ਐਤਵਾਰ ਨੂੰ ਫਿਰ ਉਥੇ ਆਈ ਤਾਂ ਜਿਓਤੀ ਮਿਲਣ ਪਹੁੰਚ ਗਈ। ਉਸ ਨੇ ਫੇਰ ਨੌਕਰੀ ਦੀ ਗੁਹਾਰ ਲਾਈ। ਕੇਂਦਰੀ ਮੰਤਰੀ ਬਾਦਲ ਨੇ ਕਿਹਾ ਕਿ ਹਾਲੇ ਚੋਣ ਜ਼ਾਬਤਾ ਲਾਗੂ ਹੈ, ਸਰਕਾਰ ਆਈ ਤਾਂ ਉਹ ਜਿਓਤੀ ਨੂੰ ਨੌਕਰੀ ਦਿਲਵਾਏਗੀ।



### ਅਕਾਲੀ ਦਲ ਤੋਂ ਆਏ ਨੇਤਾਵਾਂ 'ਤੇ ਕਾਂਗਰਸ ਵਿਚ ਪੇਚਾ ਫਸਿਆ

ਬੇਸ਼ੱਕ ਕਾਂਗਰਸ ਨੇ ਪਹਿਲੀਆਂ ਦੋ ਲਿਸਟਾਂ ਵਿਚ ਬਾਹਰੀਆਂ ਨੂੰ ਟਿਕਟਾਂ ਨਹੀਂ ਦਿੱਤੀਆਂ ਹਨ ਪਰ ਬਾਕੀ 40 ਸੀਟਾਂ 'ਤੇ ਇਨ੍ਹਾਂ ਵਿਚੋਂ ਕਈਆਂ ਨੂੰ ਉਮੀਦਵਾਰ ਬਣਾ ਸਕਦੀ ਹੈ। ਇਨ੍ਹਾਂ ਵਿਚ ਭਾਜਪਾ ਤੋਂ ਆਏ ਨਵਜੋਤ ਸਿੰਘ ਸਿੱਧੂ ਜਾਂ ਉਨ੍ਹਾਂ ਦੀ ਪਤਨੀ, ਅਕਾਲੀ ਦਲ ਤੋਂ ਆਏ ਪਰਗਟ ਸਿੰਘ, ਸਰਵਣ ਸਿੰਘ ਫਿਲੌਰ, ਇੰਦਰਬੀਰ ਸਿੰਘ ਬੁਲਾਰਿਆ, ਅਮਰੀਕ ਸਿੰਘ ਆਲੀਵਾਲ, ਮਹੇਸ਼ਇੰਦਰ ਸਿੰਘ, ਰਾਜਵਿੰਦਰ ਕੌਰ, ਕਮਲਜੀਤ ਸਿੰਘ ਕਡਵਾਲ, ਸ਼ੇਰ ਸਿੰਘ ਘੁਬਾਇਆ ਦੇ ਬੇਟੇ ਦਵਿੰਦਰ ਸਿੰਘ ਘੁਬਾਇਆ ਸਮੇਤ ਕਈ ਨਾਂ ਸ਼ਾਮਲ ਹਨ।




## *ਪਿਕਚਰ ਅਭੀ ਬਾਕੀ ਹੈ*

# ਚੋਣਾਂ ਵਿਚ ਨਵੀਂ ਪਾਰੀ ਖੇਡਣ ਉਤਰੇ ਦਰਜਨ ਕਲਾਕਾਰ

## ਪਾਲੀਟੀਕਲ ਐਕਟਿੰਗ, ਸਿੰਗਿੰਗ ਐਂਡ ਕਾਮੇਡੀ ਸ਼ੋਅ

**ਚੰਡੀਗੜ੍ਹ/ਸੁਖਬੀਰ ਸਿੰਘ ਬਾਜਵਾ :** ਇਸ ਵਾਰ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਸਿੰਗਿੰਗ, ਐਕਟਿੰਗ ਤੇ ਕਾਮੇਡੀ ਦਾ ਅੱਛਾ-ਖਾਸਾ ਤੜਕਾ ਲੱਗਣ ਜਾ ਰਿਹਾ ਹੈ। ਅਲੱਗ ਅਲੱਗ ਦਲਾਂ ਤੋਂ ਕਰੀਬ ਦਰਜਨ ਭਰ ਕਲਾਕਾਰ ਵਿਧਾਨ ਸਭਾ ਚੋਣਾਂ ਵਿਚ ਆਪਣੀ ਕਿਸਮਤ ਅਜ਼ਮਾਉਣ ਜਾ ਰਹੇ ਹਨ, ਜਿਨ੍ਹਾਂ ਨੇ ਹੁਣ ਤਕ ਆਪਣੇ ਟੈਲੰਟ ਨਾਲ ਲੋਕਾਂ ਨੂੰ ਟੀ.ਵੀ., ਸਿਨੇਮਾ ਅਤੇ ਸਟੇਜ ਸ਼ੋਅ ਰਾਹੀਂ ਹੱਸਣ-ਮੁਸਕਰਾਉਣ ਦਾ ਮੌਕਾ ਦਿੱਤਾ।

ਜਦੋਂ ਤੋਂ ਚੋਣਾਂ ਦਾ ਐਲਾਨ ਹੋਇਆ ਹੈ, ਉਹ ਹੁਣ ਘਰ ਘਰ ਜਾ ਕੇ ਲੋਕਾਂ ਨੂੰ ਆਪਣੀ ਨਵੀਂ ਪਾਰੀ ਵਿਚ ਕਾਮਯਾਬੀ ਲਈ ਸ਼ੁਭਕਾਮਨਾਵਾਂ ਮੰਗ ਰਹੇ ਹਨ। ਹਾਲਾਂਕਿ ਜਨਤਾ ਦੀਆਂ ਦੁਆਵਾਂ ਨਾਲ ਇਨ੍ਹਾਂ ਦੀ ਕਿਸਮਤ ਕਿੰਨੀ ਬਦਲੇਗੀ, ਇਹ ਤਾਂ 4 ਫਰਵਰੀ ਨੂੰ ਵੋਟਿੰਗ ਅਤੇ ਚੋਣ ਨਤੀਜੇ ਆਉਣ 'ਤੇ ਹੀ ਪਤਾ ਚਲੇਗਾ, ਪਰ ਆਓ ਪਹਿਲਾਂ ਇਨ੍ਹਾਂ ਲੋਕ ਪ੍ਰਿਯ ਨਾਵਾਂ 'ਤੇ ਨਜ਼ਰ ਮਾਰੀਏ-

### ਮੁਹੰਮਦ ਸਦੀਕ



ਭਦੌੜ ਤੋਂ ਕਾਂਗਰਸ ਦੇ ਵਿਧਾਇਕ ਮੁਹੰਮਦ ਸਦੀਕ ਪੰਜਾਬ ਦੇ ਲੋਕ ਗਾਇਕ ਰਹੇ ਹਨ। ਬਾਅਦ ਵਿਚ ਉਹ ਸਿਆਸਤ ਵਿਚ ਆ ਗਏ। ਹੁਣ ਕਾਂਗਰਸ ਨੇ ਉਨ੍ਹਾਂ ਦੀ ਸੀਟ ਬਦਲ ਕੇ ਜੈਤੋਂ ਤੋਂ ਚੋਣ ਮੈਦਾਨ ਵਿਚ ਉਤਾਰਿਆ ਹੈ। ਸਦੀਕ ਦੇ ਗੀਤ ਹਰ ਵਰਗ ਦੇ ਲੋਕ ਖੂਬ ਪਸੰਦ ਕਰਦੇ ਰਹੇ ਹਨ ਤੇ ਕਰ ਰਹੇ ਹਨ।

### ਗੁਰਪ੍ਰੀਤ ਸਿੰਘ ਘੁੱਗੀ



ਗੁਰਪ੍ਰੀਤ ਸਿੰਘ ਘੁੱਗੀ ਵੀ ਪ੍ਰਸਿੱਧ ਕਾਮੇਡੀਅਨ ਹੈ। ਉਹ ਆਮ ਆਦਮੀ ਪਾਰਟੀ ਦੇ ਪੰਜਾਬ ਦਾ ਕਨਵੀਨਰ ਹੈ। ਇਸ ਤੋਂ ਇਲਾਵਾ ਬਟਾਲਾ ਤੋਂ ਵਿਧਾਨ ਸਭਾ ਚੋਣ ਵੀ ਲੜ ਰਿਹਾ ਹੈ। ਇਸ ਤੋਂ ਪਹਿਲਾਂ ਉਹ ਕਦੇ ਸਿਆਸਤ ਵਿਚ ਨਹੀਂ ਆਇਆ। ਗੁਰਪ੍ਰੀਤ ਕਾਮੇਡੀ ਦੇ ਨਾਲ ਨਾਲ ਕਈ ਪੰਜਾਬੀ ਫ਼ਿਲਮਾਂ ਵਿਚ ਵੀ ਕੰਮ ਕਰ ਚੁੱਕਾ ਹੈ।

### ਭਗਵੰਤ ਮਾਨ



ਭਗਵੰਤ ਮਾਨ ਮਸ਼ਹੂਰ ਕਾਮੇਡੀਅਨ ਰਿਹਾ ਹੈ। 2014 ਲੋਕ ਸਭਾ ਚੋਣਾਂ ਵਿਚ 'ਆਪ' ਨੇ ਉਨ੍ਹਾਂ ਨੂੰ ਸੰਗਰੂਰ ਤੋਂ ਉਮੀਦਵਾਰ ਬਣਾਇਆ ਸੀ। ਉਹ ਉਥੋਂ ਸੰਸਦ ਮੈਂਬਰ ਚੁਣੇ ਗਏ ਹਨ। ਇਸ ਵਾਰ ਉਹ ਵਿਧਾਨ ਸਭਾ ਚੋਣਾਂ ਵਿਚ ਜਲਾਲਾਬਾਦ ਤੋਂ ਚੋਣ ਲੜ ਰਹੇ ਹਨ। ਭਗਵੰਤ ਕਾਮੇਡੀ ਵਿਚ ਆਪਣੇ ਕਾਮਯਾਬ ਕਰੀਅਰ ਦੀ ਢਲਾਣ 'ਤੇ ਸਿਆਸਤ ਦੇ ਮੈਦਾਨ ਵਿਚ ਉਤਰੇ ਅਤੇ ਇਥੇ ਉਹ ਹਾਲੇ ਤਕ ਸਫਲ ਵੀ ਰਹੇ ਹਨ।

### ਸਤਿੰਦਰ ਬਿੱਟੀ



ਸਤਿੰਦਰ ਮਸ਼ਹੂਰ ਪੰਜਾਬੀ ਗਾਇਕਾ ਹੈ। ਇਨ੍ਹਾਂ ਦੇ ਗੀਤ ਕਾਫ਼ੀ ਲੋਕ ਪ੍ਰਿਯ ਹਨ। ਕਾਂਗਰਸ ਉਨ੍ਹਾਂ ਨੂੰ ਸਾਹਨੇਵਾਲ ਸੀਟ ਤੋਂ ਉਮੀਦਵਾਰ ਵੀ ਬਣਾ ਸਕਦੀ ਹੈ। ਹਾਲਾਂਕਿ ਸਤਵਿੰਦਰ ਗਾਇਕੀ ਵਿਚ ਹਾਲੇ ਵੀ ਸਰਗਰਮ ਹੈ।

### ਹੰਸਰਾਜ ਹੰਸ



ਅਕਾਲੀ ਦਲ ਵਲੋਂ ਲੋਕ ਸਭਾ ਚੋਣ ਲੜ ਚੁੱਕੇ ਹਨ। ਇਸ ਤੋਂ ਬਾਅਦ ਉਹ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਚਲੇ ਗਏ ਸਨ। ਹਾਲਾਂਕਿ ਇਥੇ ਵੀ ਉਹ ਜ਼ਿਆਦਾ ਦਿਨ ਨਹੀਂ ਰਹੇ ਤੇ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਉਹ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਉਮੀਦਵਾਰ ਬਣਾਇਆ ਜਾ ਸਕਦਾ ਹੈ।

### ਜੱਸੀ ਜਸਰਾਜ



ਲੋਕ ਪ੍ਰਿਯ ਪੰਜਾਬੀ ਗਾਇਕ ਹੈ। ਬਠਿੰਡਾ ਤੋਂ ਪਾਰਟੀ ਟਿਕਟ ਨਾ ਮਿਲਣ 'ਤੇ ਪਾਰਟੀ ਛੱਡ ਦਿੱਤੀ ਸੀ ਪਰ ਬਾਅਦ ਵਿਚ ਮੁੜ 'ਆਪ' ਵਿਚ ਸ਼ਾਮਲ ਹੋ ਗਏ ਹਨ।

# 'ਆਪ' ਹਮੇਸ਼ਾ ਕਹਿੰਦੀ ਰਹੀ, ਅਕਾਲੀ-ਕਾਂਗਰਸੀ ਮਿਲੇ ਹੋਏ.., ਪਰ 30 ਟਿਕਟਾਂ ਉਨ੍ਹਾਂ ਦੇ ਹੀ ਨੇਤਾਵਾਂ ਨੂੰ

**ਜਲੰਧਰ/ਰਣਦੀਪ ਵਸ਼ਿਸ਼ਟ :** ਨਸ਼ੇ ਦਾ ਮੁੱਦਾ ਹੋਵੇ ਜਾਂ ਕਿਸਾਨ ਖੁਦਕੁਸ਼ੀ ਦਾ ਜਾਂ ਕੋਈ ਹੋਰ...ਆਮ ਆਦਮੀ ਪਾਰਟੀ ਆਪਣੀਆਂ ਰੈਲੀਆਂ ਵਿਚ ਅਕਾਲੀ-ਭਾਜਪਾ ਅਤੇ ਕਾਂਗਰਸੀਆਂ ਨੂੰ ਜਿੰਨਾ ਮਰਜ਼ੀ ਬੁਰਾ-ਭਲਾ ਬੋਲ ਲਵੇ, ਮਿਲੀਭੁਗਤ ਦੇ ਦੋਸ਼ ਲਗਾ ਲਵੇ ਪਰ ਟਿਕਟ ਵੰਡ ਨੇ ਉਨ੍ਹਾਂ ਦੇ ਇਨ੍ਹਾਂ ਵਿਰੋਧੀ ਬਿਆਨਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਾਰਟੀ 111 ਸੀਟਾਂ 'ਤੇ ਉਮੀਦਵਾਰ ਉਤਾਰ ਚੁੱਕੀ ਹੈ, ਦਿਲਚਸਪ ਗੱਲ ਇਹ ਹੈ ਕਿ ਇਸ ਵਿਚੋਂ ਇਕ ਤਿਹਾਈ ਟਿਕਟਾਂ ਅਕਾਲੀ ਦਲ, ਭਾਜਪਾ ਅਤੇ ਕਾਂਗਰਸ ਛੱਡ ਕੇ ਆਏ ਨੇਤਾਵਾਂ ਨੂੰ ਹੀ ਦਿੱਤੀਆਂ ਗਈਆਂ ਹਨ। 'ਆਪ' ਦੇ ਉਤਾਰੇ 16 ਉਮੀਦਰਵਾਰ ਕਾਂਗਰਸ ਤੋਂ ਹਨ ਤਾਂ 11 ਅਕਾਲੀ ਦਲ ਤੋਂ ਤੇ 3 ਭਾਜਪਾ ਤੋਂ ਹਨ। ਪਾਰਟੀ ਵਿਚ ਬਗ਼ਾਵਤ ਦਾ ਵੀ ਵੱਡਾ ਕਾਰਨ ਬਾਹਰੀਆਂ ਨੂੰ ਟਿਕਟਾਂ ਦੇਣਾ ਹੈ। ਉਧਰ ਦੂਜੇ ਪਾਸੇ ਅਕਾਲੀ ਦਲ ਨੇ ਵੀ ਦੂਸਰੀਆਂ ਪਾਰਟੀਆਂ ਤੋਂ ਆਏ 7 ਨੇਤਾਵਾਂ ਨੂੰ ਟਿਕਟਾਂ ਦਿੱਤੀਆਂ ਹਨ ਜਦਕਿ ਕਾਂਗਰਸ ਵਿਚ ਵੀ ਬਾਕੀ 40 ਸੀਟਾਂ 'ਤੇ ਕਈ ਬਾਹਰੀ ਲੋਕਾਂ ਨੂੰ ਟਿਕਟ ਮਿਲਣ ਦੀ ਸੰਭਾਵਨਾ ਹੈ। ਅਜਿਹੇ ਵਿਚ ਤੈਅ ਹੈ ਕਿ ਪਿਛਲੀਆਂ ਚੋਣਾਂ ਵਾਂਗ ਇਕ ਵਾਰ ਵੀ ਅਲੱਗ ਅਲੱਗ ਸਿਆਸੀ ਪਾਰਟੀਆਂ ਵਿਚੋਂ ਬਾਹਰੀਆਂ ਦੀ ਬੱਲੇ ਬੱਲੇ ਰਹਿਣ ਵਾਲੀ ਹੈ। ਇਸੇ ਤਰ੍ਹਾਂ 'ਆਪ' ਨਾਲ ਗਠਜੋੜ ਕਰਕੇ ਚੋਣ ਲੜ ਰਹੀ ਲੋਕ ਇਨਸਾਫ਼ ਪਾਰਟੀ ਨੇ ਵੀ ਫਗਵਾੜਾ ਤੋਂ ਪਹਿਲਾਂ ਬਸਪਾ ਤੇ ਫਿਰ ਕਾਂਗਰਸ ਵਿਚੋਂ ਰਹੇ ਜਰਨੈਲ ਸਿੰਘ ਨੂੰ ਟਿਕਟ ਨਾਲ ਨਿਵਾਜਿਆ ਹੈ।




### ਇਹ 11 ਉਮੀਦਵਾਰ ਅਕਾਲੀ ਦਲ ਤੋਂ ਆਏ

- ਸਨੌਰ ਤੋਂ ਕੁਲਦੀਪ ਕੌਰ ਟੌਹੜਾ ਅਕਾਲੀ ਦਲ ਤੋਂ ਆਮ ਆਦਮੀ ਪਾਰਟੀ ਵਿਚ ਆਏ।
- ਡੇਰਾਬਸੀ ਤੋਂ ਸਰਬਜੀਤ ਕੌਰ ਅਕਾਲੀ ਸਰਕਾਰ ਵਿਚ ਵਿਤ ਮੰਤਰੀ ਰਹੇ ਕੈਪਟਨ ਕੰਵਲਜੀਤ ਸਿੰਘ ਦੀ ਪਤਨੀ।
- ਨਰਿੰਦਰ ਸਿੰਘ ਸ਼ੇਰਗਿਲ ਅਕਾਲੀ ਦਲ ਤੋਂ ਐਸ.ਜੀ.ਪੀ.ਸੀ. ਮੈਂਬਰ ਭਜਨ ਸਿੰਘ ਸ਼ੇਰਗਿਲ ਦੇ ਪੁੱਤਰ।
- ਸਰਦੂਲਗੜ੍ਹ ਤੋਂ ਸੁਖਵਿੰਦਰ ਸਿੰਘ ਮਾਨ ਅਕਾਲੀ ਦਲ ਤੋਂ।
- ਤਲਵੰਡੀ ਸਾਬੋ ਤੋਂ ਪ੍ਰੋ. ਬਲਜਿੰਦਰ ਕੌਰ ਦੇ ਪਿਤਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਨਾਲ ਸਨ।
- ਖੇਮਕਰਨ ਤੋਂ ਕੈਪਟਨ ਬਿਕਰਮਜੀਤ ਸਿੰਘ ਪਹੁਵਿੰਡਿਆ ਕੈਪਟਨ ਦੇ ਸਾਬਕਾ ਓ.ਐਸ.ਡੀ. ਫਿਰ ਅਕਾਲੀ ਦਲ ਤੋਂ ਆਮ ਆਦਮੀ ਪਾਰਟੀ ਵਿਚ ਆਏ।
- ਗਿਦੜਬਾਹਾ ਤੋਂ ਜਗਦੀਪ ਸਿੰਘ ਸੰਧੂ ਅਕਾਲੀ ਦਲ ਤੋਂ।
- ਮੁਕਤਸਰ ਤੋਂ ਜਗਦੀਪ ਬਰਾੜ ਅਕਾਲੀ ਦਲ ਤੋਂ।
- ਸਮਰਾਲਾ ਤੋਂ ਸਰਬੰਸ ਸਿੰਘ ਮਾਣਕੀ ਐਸ.ਜੀ.ਪੀ.ਸੀ. ਮੈਂਬਰ ਸਨ।
- ਲੁਧਿਆਣਾ ਈਸਟ ਤੋਂ ਦਲਜੀਤ ਸਿੰਘ ਭੋਲਾ ਅਕਾਲੀ ਦਲ ਤੋਂ।
- ਮਲੇਰਕੋਟਲਾ ਤੋਂ ਅਰਸ਼ਦ ਡਾਲੀ ਅਕਾਲੀ ਦਲ (ਅ) ਤੋਂ।

### ਇਹ 16 ਉਮੀਦਵਾਰ ਕਾਂਗਰਸ ਤੋਂ ਆਏ

- ਸਮਾਣਾ ਤੋਂ ਜਗਤਾਰ ਰਾਜਲਾ ਪਹਿਲਾਂ ਅਕਾਲੀ ਦਲ ਫਿਰ ਕਾਂਗਰਸ ਤੋਂ ਆਮ ਆਦਮੀ ਪਾਰਟੀ ਵਿਚ।
- ਘਨੌਰ ਤੋਂ ਅੰਨੂ ਰੰਧਾਵਾ ਕਾਂਗਰਸ ਤੋਂ ਆਈ।
- ਰਾਜਪੁਰਾ ਤੋਂ ਆਸ਼ੂਤੋਸ਼ ਜੋਸ਼ੀ ਦਾ ਪਰਿਵਾਰ ਹੁਣ ਤਕ ਕਾਂਗਰਸੀ ਸੀ।
- ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ ਗਿਆਨੀ ਜ਼ੈਲ ਸਿੰਘ ਦੇ ਪਰਿਵਾਰ ਤੋਂ ਹਨ।
- ਅੰਮ੍ਰਿਤਸਰ ਸੈਂਟਰਲ ਤੋਂ ਦਰਬਾਰੀ ਲਾਲ ਕਾਂਗਰਸ ਤੋਂ।
- ਅਜਨਾਲਾ ਤੋਂ ਰਾਜਪ੍ਰੀਤ ਕਾਂਗਰਸ ਤੋਂ।
- ਭੁਲੱਥ ਤੋਂ ਸੁਖਪਾਲ ਖਹਿਰਾ ਕਾਂਗਰਸ ਤੋਂ।
- ਨਵਾਂ ਸ਼ਹਿਰ ਤੋਂ ਚਰਨਜੀਤ ਸਿੰਘ ਚੰਨੀ ਕਾਂਗਰਸ ਤੋਂ।
- ਫਤਹਿਗੜ੍ਹ ਸਾਹਿਬ ਤੋਂ ਲਖਬੀਰ ਸਿੰਘ ਰਾਏ ਕਾਂਗਰਸ ਤੋਂ।
- ਖਡੂਰ ਸਾਹਿਬ ਤੋਂ ਭੁਪਿੰਦਰ ਸਿੰਘ ਬਿੱਟੂ ਕਾਂਗਰਸ ਤੋਂ।
- ਮੋਗਾ ਤੋਂ ਰਮੇਸ਼ ਗਰੋਵਰ ਕਾਂਗਰਸ ਤੋਂ।
- ਫਿਰੋਜ਼ਪੁਰ ਤੋਂ ਨਰਿੰਦਰ ਸੰਘਾ ਕਾਂਗਰਸ ਤੋਂ।
- ਅਬੋਹਰ ਤੋਂ ਅਤੁਲ ਨਾਗਪਾਲ ਕਾਂਗਰਸ ਤੋਂ।
- ਜਲੰਧਰ ਨਾਰਥ ਤੋਂ ਗੁਲਸ਼ਨ ਸ਼ਰਮਾ ਕਾਂਗਰਸ ਤੋਂ 'ਆਪ' ਵਿਚ ਆਏ ਹਨ।
- ਜਲੰਧਰ ਸੈਂਟਰਲ ਤੋਂ ਡਾ. ਸੰਜੀਵ ਸ਼ਰਮਾ ਦਾ ਪਰਿਵਾਰ ਕਾਂਗਰਸੀ ਸੀ।
- ਸੁਨਾਮ ਤੋਂ ਅਮਨ ਅਰੋੜਾ ਕਾਂਗਰਸ ਤੋਂ।

### ਇਹ ਪੀ.ਪੀ.ਪੀ.-ਬਸਪਾ ਤੋਂ ਆਏ

- ਨਾਭਾ ਤੋਂ ਦੇਵ ਮਾਨ ਪੀ.ਪੀ.ਪੀ. ਛੱਡ ਕੇ 'ਆਪ' ਵਿਚ ਆਏ।
- ਭੋਆ ਤੋਂ ਅਮਰਜੀਤ ਸਿੰਘ ਬਸਪਾ ਤੋਂ।
- ਅਮਲੋਹ ਤੋਂ ਗੁਰਪ੍ਰੀਤ ਭੱਟੀ ਅਕਾਲੀ ਦਲ ਤੋਂ ਪੀ.ਪੀ.ਪੀ., ਫਿਰ 'ਆਪ'।
- ਬੱਸੀ ਪਠਾਣਾ ਤੋਂ ਸੰਤੋਖ ਸਿੰਘ ਸਲਾਣਾ ਅਕਾਲੀ ਦਲ (ਅ) ਤੋਂ ਪੀ.ਪੀ.ਪੀ.।
- ਫਿਰੋਜ਼ਪੁਰ ਤੋਂ ਮੋਹਨ ਸਿੰਘ ਬਸਪਾ ਤੋਂ 'ਆਪ' ਵਿਚ ਆਏ।
- ਫਗਵਾੜਾ ਤੋਂ ਜਰਨੈਲ ਸਿੰਘ ਨੰਗਲ ਪਹਿਲਾਂ ਬਸਪਾ ਫਿਰ ਕਾਂਗਰਸ ਤੋਂ ਲੋਕ ਇਨਸਾਫ਼ ਪਾਰਟੀ ਵਿਚ।

### ਇਹ 3 ਉਮੀਦਵਾਰ ਭਾਜਪਾ ਤੋਂ ਆਏ

- ਪਠਾਨਕੋਟ ਤੋਂ ਆਰ.ਕੇ. ਮਹਾਜਨ ਪਿਛਲੇ ਨਗਰ ਕੌਂਸਲ ਚੋਣਾਂ ਵਿਚ ਭਾਜਪਾ ਤੋਂ ਟਿਕਟ ਮੰਗ ਰਹੇ ਸਨ, ਨਾ ਮਿਲਣ ਕਾਰਨ ਆਜ਼ਾਦ ਐਮ.ਸੀ. ਬਣੇ ਸਨ।
- ਖੰਨਾ ਤੋਂ ਅਨਿਲ ਦੱਤ ਫੱਲੀ ਭਾਜਪਾ ਤੋਂ।
- ਜਲੰਧਰ ਵੈਸਟ ਤੋਂ ਦਰਸ਼ਨ ਲਾਲ ਭਗਤ ਭਾਜਪਾ ਤੋਂ।

# ਪੰਜਾਬ ਤੋਂ ਪਰਵਾਸੀ ਵੋਟਰ ਸਿਰਫ਼ 138 ਹੀ, ਗਿਣਤੀ ਲੱਖਾਂ ਦੀ ਪਰ ਵੋਟ ਨਹੀਂ ਬਣਵਾਈ



**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਤੋਂ ਲੱਖਾਂ ਲੋਕ ਪਰਵਾਸੀ ਹਨ ਅਤੇ ਪੰਜਾਬ ਦੀਆਂ ਚੋਣਾਂ ਵਿਚ ਉਨ੍ਹਾਂ ਦੀ ਸਰਗਰਮ ਭੂਮਿਕਾ ਵੀ ਹੈ। ਇਸ ਦੇ ਬਾਵਜੂਦ ਚੋਣਾਂ ਦੌਰਾਨ ਵੋਟ ਪਾਉਣ ਵਲੋਂ ਪਰਵਾਸੀਆਂ ਦੀ ਸੰਖਿਆ ਸਿਰਫ਼ 138 ਹੀ ਹੈ। ਦਰਅਸਲ, ਦੋਹਰੀ ਨਾਗਰਿਕਤਾ ਦੇ ਚਲਦਿਆਂ ਉਨ੍ਹਾਂ ਨੂੰ ਵੋਟ ਬਣਵਾਉਣ ਦਾ ਵੀ ਅਧਿਕਾਰ ਮਿਲਿਆ ਹੋਇਆ ਹੈ ਪਰ ਇਸ ਵਾਰ ਵੀ ਸਿਰਫ਼ 138 ਪਰਵਾਸੀ ਹੀ ਪੰਜਾਬ ਚੋਣਾਂ ਵਿਚ ਵੋਟ ਪਾ ਸਕਣਗੇ ਕਿਉਂਕਿ ਚੋਣ ਕਮਿਸ਼ਨ ਕੋਲ ਸਿਰਫ਼ 138 ਪਰਵਾਸੀਆਂ ਨੇ ਹੀ ਆਪਣਾ ਵੋਟ ਬਣਵਾਇਆ ਹੈ। ਵੋਟ ਬਣਾਉਣ ਲਈ ਵਿਦੇਸ਼ਾਂ ਵਿਚ ਭਾਰਤੀ ਦੂਤਾਵਾਸਾਂ ਅਤੇ ਹਾਈ ਕਮਿਸ਼ਨਾਂ ਵਲੋਂ ਲੋਕਾਂ ਨੂੰ ਵੋਟ ਬਣਾਉਣ ਦੀ ਪ੍ਰਕਿਰਿਆ ਬਾਰੇ ਵੀ ਦੱਸਿਆ ਗਿਆ ਸੀ ਪਰ ਇਸ ਦੇ ਬਾਵਜੂਦ ਪਰਵਾਸੀ ਪੰਜਾਬੀਆਂ ਵਿਚ ਵੋਟ ਬਣਾਉਣ ਨੂੰ ਲੈ ਕੇ ਕੋਈ ਖ਼ਾਸ ਉਤਸਾਹ ਨਹੀਂ ਦੇਖਿਆ ਗਿਆ। ਪੰਜਾਬ ਤੋਂ ਤਾਂ ਫਿਰ ਵੀ 138 ਪਰਵਾਸੀਆਂ ਨੇ ਵੋਟ ਬਣਾਈ ਹੈ, ਉਧਰ ਉਤਰ ਪ੍ਰਦੇਸ਼ ਤੋਂ ਵੀ ਲੱਖਾਂ ਦੀ ਸੰਖਿਆ ਵਿਚ ਪਰਵਾਸੀ ਹੋਣ ਦੇ ਬਾਵਜੂਦ ਸਿਰਫ਼ ਇਕ ਐਨ.ਆਰ.ਆਈ. ਨੇ ਹੀ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣ ਲਈ ਵੋਟ ਬਣਾਈ ਹੈ। ਚੋਣ ਕਮਿਸ਼ਨ ਕੋਲ ਕੁਲ 11,486 ਰਜਿਸਟਰਡ ਪਰਵਾਸੀ ਵੋਟਾਂ ਹਨ ਜਿਨ੍ਹਾਂ ਵਿਚੋਂ 11,448 ਭਾਵ 96.64 ਫ਼ੀਸਦੀ ਸਿਰਫ਼ ਕੇਰਲਾ ਤੋਂ ਹਨ। 138 ਪੰਜਾਬ ਤੋਂ, 112 ਤਾਮਿਲਨਾਡੂ ਤੋਂ, 56 ਪੁਡੂਚੇਰੀ ਤੋਂ, 13 ਦਿੱਲੀ ਤੋਂ, 9 ਦਮਨ ਤੇ ਦੀਵ ਤੋਂ ਅਤੇ ਇਕ ਉਤਰ ਪ੍ਰਦੇਸ਼ ਤੋਂ ਹੈ। ਪਰਵਾਸੀਆਂ ਨੂੰ ਵੋਟਰ ਲਿਸਟ ਵਿਚ ਸ਼ਾਮਲ ਕਰਨ ਦੇ ਤਮਾਮ ਯਤਨਾਂ ਦੇ ਬਾਵਜੂਦ ਚੋਣ ਕਮਿਸ਼ਨ ਨੂੰ ਵਧੇਰੇ ਸਫਲਤਾ ਨਹੀਂ ਮਿਲੀ ਹੈ। ਉਨ੍ਹਾਂ ਨੂੰ ਰਜਿਸਟਰਡ ਕਰਨ ਲਈ ਆਨ ਲਾਈਨ ਅਪੀਲ ਦੀ ਸੁਵਿਧਾ ਵੀ ਦਿੱਤੀ ਗਈ ਹੈ ਪਰ ਫਿਰ ਵੀ ਵਧੇਰੇ ਸਫਲਤਾ ਨਹੀਂ ਮਿਲੀ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਕਈ ਦੇਸ਼ਾਂ ਵਿਚ ਕੁਝ ਸਥਾਨਕ ਨਿਯਮਾਂ ਕਾਰਨ ਵੀ ਪਰਵਾਸੀ ਭਾਰਤ ਵਿਚ ਵੋਟ ਬਣਾਉਣ ਤੋਂ ਬਚ ਰਹੇ ਹਨ। ਉਧਰ ਪਰਵਾਸੀਆਂ ਦਾ ਕਹਿਣਾ ਹੈ ਕਿ ਭਾਰਤੀ ਦੂਤਾਵਾਸਾਂ ਅਤੇ ਹਾਈ ਕਮਿਸ਼ਨ ਵਿਚ ਨਿਯੁਕਤ ਅਧਿਕਾਰੀ ਵੀ ਵਧੇਰੇ ਉਤਸ਼ਾਹ ਨਹੀਂ ਦਿਖਾਉਂਦੇ।




# ਕਾਂਗਰਸ ਦਾ ਚੋਣ ਮੈਨੀਫੈਸਟੋ : ਪਾਣੀ, ਜਵਾਨੀ ਅਤੇ ਕਿਸਾਨੀ ’ਤੇ ਫੋਕਸ

ਸਫ਼ਾ ਇਕ ਦੀ ਬਾਕੀ

ਰਿਪੈਕੇਜਿੰਗ ਕੀਤੀ ਸੀ। ਯਾਦ ਰਹੇ ਕਿ 2014 ਵਿਚ ਮੋਦੀ ਲਈ ਵੀ ਪ੍ਰਸ਼ਾਂਤ ਕਿਸ਼ੋਰ ਨੇ ਰਣਨੀਤੀ ਬਣਾਈ ਸੀ, ਹੁਣ ਕੈਪਟਨ ਲਈ ਵੀ ਉਹੀ ਬਣਾ ਰਹੇ ਹਨ। ਕਾਂਗਰਸ ਦਾ ਮੰਨਣਾ ਹੈ ਕਿ ਇਸ ਘੋਸ਼ਣਾ ਪੱਤਰ ਨੂੰ ਲਾਗੂ ਕਰਾਉਣ ’ਤੇ ਸਾਲਾਨਾ 10,000 ਕਰੋੜ ਖਰਚਾ ਆਵੇਗਾ। ਇਸ ’ਤੇ ਕੈਪਟਨ ਨੇ ਨਵੀਂ ਦਿੱਲੀ ਅਤੇ ਮਨਪ੍ਰੀਤ ਬਾਦਲ ਨੇ ਚੰਡੀਗੜ੍ਹ ਵਿਚ ਆਪਣੇ ਤਰਕ ਰੱਖੇ। ਕਿਹਾ, ਟਰਾਂਸਪੋਰਟ, ਕੇਬਲ ਨੈੱਟਵਰਕ ਰਾਹੀਂ ਚਲਾਈ ਜਾ ਰਹੀ ਬਰਾਬਰ ਅਰਥ-ਵਿਵਸਥਾ, ਗੁੰਡਾ ਟੈਕਸ ਖਤਮ ਕਰਕੇ ਸਾਲਾਨਾ 5000 ਕਰੋੜ ਆਮਦਨ ਵਿਚ ਲਿਆਉਣਗੇ।






### ‘ਮੇਕ ਇਨ ਇੰਡੀਆ’ ਉਤੇ ਕਾਰੋਬਾਰ ਦੀ ਆਜ਼ਾਦੀ

**ਦਾਅਵਾ** : ਲੈਵਲ ਪਲੇਇੰਗ ਫੀਲਡ ਦੇਣਗੇ। ਇੰਡਸਟਰੀ ਲੈ ਕੇ ਆਉਣਗੇ। ਟਰਾਂਸਪੋਰਟ, ਮਾਈਨਿੰਗ, ਸ਼ਰਾਬ, ਸਟੋਨ ਕ੍ਰੈਸ਼ਿੰਗ, ਕੇਬਲ ਟੀ.ਵੀ. ’ਤੇ ਅਕਾਲੀਆਂ ਦਾ ਕਬਜ਼ਾ ਖਤਮ ਕਰਾਂਗੇ। 5 ਰੁਪਏ ਯੂਨਿਟ ਬਿਜਲੀ ਦੇਣਗੇ।

**ਹਕੀਕਤ** : ਇੰਡਸਟਰੀ ਲਈ ਮੌਜੂਦਾ ਸਰਕਾਰ ਵੀ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇ ਰਹੀ ਹੈ। ਬਾਦਲਾਂ, ਕਰੀਬੀਆਂ ਦੀਆਂ ਬੱਸਾਂ ਦੇ ਪ੍ਰੋਫਿਟ ਰੂਟ ਦੇ ਪਰਮਿਟ ਕੈਂਸਿਲ ਹੋਣਗੇ ? ਇਸ ਦਾ ਜਵਾਬ ਕਾਂਗਰਸ ਨਹੀਂ ਦੇ ਪਾਈ ਹੈ। (ਢਾਈ ਸਾਲ ਪਹਿਲਾਂ ਵੀ ਮੋਦੀ ਸਰਕਾਰ ਇਸ ਦਿਸ਼ਾ ’ਚ ਫੇਲ ਸਾਬਤ ਹੋਈ ਹੈ।)

### ਸਾਰਿਆਂ ਨੂੰ ਘਰ ਦੀ ਤਰਜ਼ ’ਤੇ ਐਸ.ਸੀ. ਵਰਗ ਲਈ ਸਕੀਮ

**ਦਾਅਵਾ** : ਸੂਬੇ ਦੀ 32 ਫ਼ੀਸਦੀ ਐਸ.ਸੀ. ਆਬਾਦੀ ’ਚ ਬੇਘਰਾਂ ਲਈ ਘਰ। 5 ਮਰਲੇ ਦਾ ਪਲਾਟ ਅਤੇ ਇਕ ਲੱਖ ਰੁਪਏ ਦੀ ਮੱਦਦ।

**ਹਕੀਕਤ** : ਕਿੰਨੇ ਐਸ.ਸੀ. ਬੇਘਰ ਹਨ, ਇਸ ਦਾ ਅੰਕੜਾ ਉਪਲਬਧ ਨਹੀਂ ਹੈ। ਪਲਾਟ ਮੁਫਤ ਦੇਣ ਲਈ ਸੂਬੇ ’ਚ ਲੋੜੀਂਦੀ ਜ਼ਮੀਨ ਹੀ ਨਹੀਂ ਹੈ।

### ਗਵਰਨੈਂਸ ’ਚ ਐਕਸ ਸਰਵਿਸਮੈਨ ਦੀ ਤੈਨਾਤੀ

**ਦਾਅਵਾ** : ਸਰਕਾਰੀ ਸਕੀਮ-ਪ੍ਰੋਗਰਾਮ ਲਾਗੂ ਕਰਾਉਣ ਦੀ ਜ਼ਿੰਮੇਵਾਰੀ ਐਕਸ ਸਰਵਿਸਮੈਨ ਦੇ ਹੱਥਾਂ ’ਚ ਦੇਵਾਂਗੇ। ਪਿੰਡਾਂ ਤੋਂ ਬਲਾਕ ਪੱਧਰ ਤਕ।

**ਹਕੀਕਤ** : ਸੂਬੇ ਦੇ 12681 ਪਿੰਡਾਂ ’ਚ ਗਰਵਨੈਂਸ ਗਾਡੀਏਂਸ ਅਹੁਦੇ ਲਈ ਟਰੇਂਡ ਐਕਸ ਸਰਵਿਸਮੈਨ ਕਿੱਥੋਂ ਲਿਆਉਣਗੇ ? ਇਹ ਵੋਟ ਬੈਂਕ ਦੀ ਸਿਆਸਤ ਵਿਖਾਈ ਦਿੰਦੀ ਹੈ।

### ਪੰਜਾਬ ਦਾ ਪਾਣੀ, ਪੰਜਾਬ ਵਾਸਤੇ

**ਦਾਅਵਾ** : ਪਾਣੀ ਦੀ 30 ਫ਼ੀਸਦੀ ਕਮੀ ਆ ਚੁਕੀ ਹੈ। 100 ਤੋਂ ਵੱਧ ਬਲਾਕ ਡਾਰਕ ਜੋਨ ’ਚ ਹਨ। ਐਸ.ਵਾਈ.ਐਲ. ਦੇ ਰਸਤੇ ਪੰਜਾਬ ਦਾ ਪਾਣੀ ਕਿਸੇ ਹਾਲਤ ’ਚ ਨਹੀਂ ਦਿੱਤਾ ਜਾਵੇਗਾ।

**ਹਕੀਕਤ** : ਚੋਣਾਂ ਸਮੇਂ ਹੀ ਮੁੱਦਾ ਚੁੱਕਿਆ ਜਾਂਦਾ ਹੈ। ਪਰ, ਕੋਰਟ ’ਚ ਸਹੀ ਪੈਰਵੀ ਨਹੀਂ ਕੀਤੀ ਗਈ। ਕਾਂਗਰਸ ਨੇ ਪਹਿਲਾਂ ਐਸ.ਵਾਈ.ਐਲ. ਦਾ ਨਿਰਮਾਣ ਸ਼ੁਰੂ ਕਰਵਾਇਆ। 2004 ’ਚ ਟਰਮੀਨੇਸ਼ਨ ਐਕਟ ਲੈ ਕੇ ਆਏ।

### ਡਰੱਗ ਰੈਕੇਟ 4 ਹਫਤੇ ’ਚ ਖਤਮ

**ਦਾਅਵਾ** : ਸਾਰੇ ਤਸਕਰ ਜੇਲ ’ਚ ਡੱਕੇ ਜਾਣਗੇ। ਉਨ੍ਹਾਂ ਦੀ ਜਾਇਦਾਦ ਜਬਤ ਕੀਤੀ ਜਾਵੇਗੀ। ਹੋਰ ਡੀ-ਐਡੀਕਸ਼ਨ ਸੈਂਟਰ ਖੋਲ੍ਹੇ ਜਾਣਗੇ।

**ਹਕੀਕਤ** : 10 ਸਾਲਾਂ ਤੋਂ ਨਸ਼ਾ ਲਗਾਤਾਰ ਵੱਧ ਰਿਹਾ ਹੈ। ਇਕ ਮਹੀਨੇ ’ਚ ਕਿਵੇਂ ਖਤਮ ਹੋਵੇਗਾ ? ਮਾਫੀਆ-ਪੁਲੀਸ ਦਾ ਗਠਜੋੜ ਕਿਵੇਂ ਟੁੱਟੇਗਾ ? ਸਖਤ ਕਾਰਵਾਈ ਕਿਵੇਂ ਹੋਵੇਗੀ ? ਇਹ ਹਾਲੇ ਸਪਸ਼ਟ ਨਹੀਂ।

### ਓ.ਬੀ.ਸੀ. ਦੀ ਚਿੰਤਾ :

**ਦਾਅਵਾ** : ਨੌਕਰੀਆਂ ’ਚ 12 ਤੋਂ ਵੱਧਾ ਕੇ 15 ਫ਼ੀਸਦੀ ਰਾਖਵਾਂਕਰਨ, ਸਿੱਖਿਆ ਸੰਸਥਾਵਾਂ ’ਚ 5 ਤੋਂ ਵਧਾ ਕੇ 10 ਫੀਸਦੀ। ਓ.ਬੀ.ਸੀ. ਕ੍ਰਿਮੀ ਲੇਅਰ 6 ਤੋਂ ਵਧਾ ਕੇ 10 ਲੱਖ ਰੁਪਏ ਸਾਲਾਨਾ ਕਰਾਂਗੇ। ਢਾਈ ਲੱਖ ਜਾਂ ਇਸ ਤੋਂ ਘੱਟ ਆਮਦਨ ਵਾਲੇ ਬੇਘਰਾਂ ਨੂੰ ਮੁਫਤ ਘਰ।

**ਹਕੀਕਤ** : 10 ਲੱਖ ਸਾਲਾਨ ਆਮਦਨ ਵਾਲੇ ਅਮੀਰ ਓਸੀਬੀ ਲਾਭਪਾਤਰੀ ਹੋਣਗੇ, ਜਦਕਿ ਆਮ ਵਰਗ ਦੇ ਗਰੀਬ ਲਾਭ ਤੋਂ ਵਾਂਝੇ।

### ਹੈਲੀਕਾਪਟਰ ਵਿਚ ਨਹੀਂ ਘੁੰਮਣਗੇ ਮੁੱਖ ਮੰਤਰੀ, ਮੰਤਰੀ, ਲਾਲ ਬੱਤੀ ਨਹੀਂ ਲੱਗੇਗੀ :

ਕਾਂਗਰਸ ਨੇ ਵੀ.ਆਈ.ਪੀ. ਕਲਚਰ ਦੇ ਖ਼ਾਤਮੇ ਦਾ ਵਾਅਦਾ ਕੀਤਾ ਹੈ। ਮਨਪ੍ਰੀਤ ਬਾਦਲ ਨੇ ਕਿਹਾ ਕਿ ਲਾਲ ਬੱਤੀ ਲੱਗੀਆਂ ਗੱਡੀਆਂ ਵਿਚ ਲੋਕਾਂ ਨੂੰ ਢੋਹਣ ਦਾ ਵੀ.ਆਈ.ਪੀ. ਕਲਚਰ ਨਹੀਂ ਰਹੇਗਾ। ਮੁੱਖ ਮੰਤਰੀ ਤੇ ਮੰਤਰੀ ਹੈਲੀਕਾਪਟਰ ਵਿਚ ਦੌਰੇ ਨਹੀਂ ਕਰਨਗੇ। ਸਿਰਫ਼ ਐਮਰਜੈਂਸੀ ਦੇ ਹਾਲਾਤ ਵਿਚ ਹੈਲੀਕਾਪਟਰ ਦਾ ਇਸਤੇਮਾਲ ਕੀਤਾ ਜਾਵੇਗਾ।

**ਮੁੱਖ ਮੰਤਰੀ ਦੇ ਦੌਰੇ ਵਿਚ ਨਹੀਂ ਰੁਕੇਗਾ ਟਰੈਫਿਕ** : ਨਾ ਹੀ ਰੂਟ ਬਦਲਿਆ ਜਾਵੇਗਾ। ਸਕਿਊਰਟੀ ਵਿਚ ਹਰ ਗਜ਼ ’ਤੇ ਪੁਲੀਸ ਕਰਮੀ ਤੈਨਾਤ ਕਰਨ ਦੀ ਪ੍ਰਥਾ ਵੀ ਖ਼ਤਮ ਹੋਵੇਗੀ।

**90 ਫੀਸਦੀ ਗਨਮੈਨ ਹਟਾ ਲਏ ਜਾਣਗੇ** : ਵੀ.ਆਈ.ਪੀ. ਸੁਰੱਖਿਆ ਵਿਚ ਲੱਗੇ 90 ਫੀਸਦੀ ਗਨਮੈਨ ਹਟਾਏ ਜਾਣਗੇ। ਅਹੁਦੇ ਦੀ ਦੁਰਵਰਤੋਂ ਕਰਦਿਆਂ ਕੋਈ ਮੰਤਰੀ ਜਾਂ ਵਿਧਾਇਕ ਫੜਿਆ ਗਿਆ ਤਾਂ ਉਸ ਨੂੰ ਤੁਰੰਤ ਅਹੁਦੇ ਤੋਂ ਹਟਾ ਦਿੱਤਾ ਜਾਵੇਗਾ। ਪੰਜ ਫ਼ੀਸਦੀ ਸ਼ਰਾਬ ਕੋਟਾ ਹਰ ਸਾਲ ਘਟਾਉਣ ਦੇ ਨਾਲ ਹੀ ਹਰ ਸਾਲ ਪੰਜ ਫ਼ੀਸਦੀ ਠੇਕੇ ਬੰਦ ਕੀਤੇ ਜਾਣਗੇ।

### ਵਿਦੇਸ਼ੀ ਦੌਰੇ ਦੋ ਸਾਲ ਤੱਕ ਕੀਤੇ ਜਾਣਗੇ ਬੰਦ

ਵਿਧਾਇਕਾਂ-ਅਫ਼ਸਰਾਂ ਦੇ ਵਿਦੇਸ਼ ਦੌਰੇ ਦੋ ਸਾਲ ਤੱਕ ਬੰਦ ਕੀਤੇ ਜਾਣਗੇ। ਵਿਧਾਇਕਾਂ, ਸਾਬਕਾ ਮੰਤਰੀਆਂ, ਮੁੱਖ ਮੰਤਰੀ ਦੇ ਮੈਡੀਕਲ ਖਰਚ ਘੱਟ ਕੀਤੇ ਜਾਣਗੇ। ਵਿਧਾਇਕ ਜਾਂ ਮੰਤਰੀ ਉਦਘਾਟਨ ਤੇ ਨੀਂਹ ਪੱਥਰ ਨਹੀਂ ਰੱਖਣਗੇ। ਨਵਾਂ ਲੋਕਪਾਲ ਬਿਲ ਲਿਆਂਦਾ ਜਾਵੇਗਾ। ਮੁੱਖ ਮੰਤਰੀ ਦਾ ਅਹੁਦਾ ਵੀ ਲੋਕਪਾਲ ਦੇ ਦਾਇਰੇ ਵਿਚ ਆਏਗਾ। ਕਿਸਾਨਾਂ ਨੂੰ ਘੱਟੋ-ਘੱਟ ਆਮਦਨ ਦਿੱਤੀ ਜਾਵੇਗੀ।

# ਫਾਜ਼ਿਲਕਾ ਵਿੱਚ ਸੁਖਬੀਰ ਬਾਦਲ ਦੇ ਕਾਫ਼ਲੇ ’ਤੇ ਪਥਰਾਅ

**ਇਕ ਦਰਜਨ ਗੱਡੀਆਂ ’ਤੇ 15-20 ਨੌਜਵਾਨਾਂ ਨੇ ਮਾਰੇ ਪੱਥਰ, 4 ਜ਼ਖਮੀ, ਸੁਖਬੀਰ ਵਾਲ ਵਾਲ ਬਚੇ**

ਜਲਾਲਾਬਾਦ/ਬਿਊਰੋ ਨਿਊਜ਼ : ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੇ ਕਾਫ਼ਲੇ ’ਤੇ ਜਲਾਲਾਬਾਦ ਹਲਕੇ ਦੇ ਪਿੰਡ ਕੰਧਵਾਲਾ ਹਾਜ਼ਿਰ ਖ਼ਾਨ ਨੇੜੇ ਪਥਰਾਅ ਹੋਇਆ ਜਿਸ ਵਿਚ ਅਕਾਲੀਆਂ ਦੇ ਚਾਰ ਹਮਾਇਤੀ ਜ਼ਖ਼ਮੀ ਹੋ ਗਏ ਅਤੇ ਪੁਲੀਸ ਜਿਪਸੀ ਨੁਕਸਾਨੀ ਗਈ। ਸੁਖਬੀਰ ਬਾਦਲ ਵਾਲ ਵਾਲ ਬਚ ਗਏ। ਐਸਪੀ (ਵਿਸ਼ੇਸ਼ ਸ਼ਾਖਾ) ਅਮਰਜੀਤ ਸਿੰਘ ਮੋਤਵਾਨੀ ਦੇ ਸਰਕਾਰੀ ਵਾਹਨ ਨੂੰ ਵੀ ਨੁਕਸਾਨ ਪਹੁੰਚਿਆ ਹੈ। ਗ੍ਰਹਿ ਸਕੱਤਰ ਕੇ ਬੀ.ਐਸ. ਸਿੱਧੂ ਨੇ ਘਟਨਾ ਦੀ ਰਿਪੋਰਟ ਮੰਗ ਲਈ ਹੈ। ਇਸ ਘਟਨਾ ਨੇ ਪੰਜਾਬ ਵਿਧਾਨ ਸਭਾ ਦੀਆਂ 4 ਫਰਵਰੀ ਨੂੰ ਪੈਣ ਵਾਲੀਆਂ ਵੋਟਾਂ ਤੋਂ ਪਹਿਲਾਂ ਸੁਰੱਖਿਆ ਪ੍ਰਬੰਧਾਂ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸ੍ਰੀ ਸਿੱਧੂ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਚੋਣ ਅਮਲ ਦੌਰਾਨ ਕਿਸੇ ਨੂੰ ਵੀ ਅਮਨ ਕਾਨੂੰਨ ਵਿਗਾੜਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਫਾਜ਼ਿਲਕਾ ਦੇ ਐਸਐਸਪੀ ਕੇਤਨ ਬਲੀਰਾਮ ਪਾਟਿਲ ਨੇ ਦੱਸਿਆ ਕਿ ਜਿਵੇਂ ਹੀ ਸੁਖਬੀਰ ਨੇ ਆਪਣਾ ਭਾਸ਼ਣ ਮੁਕੰਮਲ ਕੀਤਾ ਤਾਂ ਕੁਝ ਵਿਅਕਤੀ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ ਪਰ ਸਮਾਂ ਨਾ ਹੋਣ ਕਰ ਕੇ ਉਹ ਮਿਲ ਨਹੀਂ ਸਕੇ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਨੇ ਕਾਫ਼ਲੇ ’ਤੇ ਪਥਰਾਅ ਕਰ ਦਿੱਤਾ ਪਰ ਪੁਲੀਸ ਨੇ ਹਾਲਾਤ ਕਾਬੂ ਹੇਠ ਕਰ ਲਏ। ਪਥਰਾਅ ਕਰਨ ਵਾਲੇ ਵਿਅਕਤੀਆਂ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ। ਪੱਥਰਾਓ ਵਿਚ ਮਾਮੂਖੇੜਾ ਪਿੰਡ ਦੇ ਸਾਬਕਾ ਅਕਾਲੀ ਸਰਪੰਚ ਪਰਮਿੰਦਰ ਸਿੰਘ, ਜਿਨ੍ਹਾਂ ਦੇ ਕੁਝ ਦੰਦ ਟੁੱਟੇ ਹਨ, ਮਨਪ੍ਰੀਤ ਸਿੰਘ, ਗੁਰਵਿੰਦਰ ਸਿੰਘ ਅਤੇ ਬਲਜਿੰਦਰ ਸਿੰਘ ਜ਼ਖਮੀ ਹੋਏ ਹਨ। ਸਥਾਨਕ ਮਾਰਕਿਟ ਕਮੇਟੀ ਦੇ ਚੇਅਰਮੈਨ ਚਰਨ ਸਿੰਘ ਨੇ ਕਿਹਾ ਕਿ ਕੁਝ ਨਾਰਾਜ਼ ਨੌਜਵਾਨ ਸੁਖਬੀਰ ਬਾਦਲ ਨੂੰ ਮਿਲਣਾ ਚਾਹੁੰਦੇ ਸਨ ਪਰ ਜਦੋਂ ਉਹ ਮੌਕੇ ਤੋਂ ਚਲੇ ਗਏ ਤਾਂ ਇਨ੍ਹਾਂ ਨੌਜਵਾਨਾਂ ਨੇ ਪੱਥਰ ਚੁੱਕ ਕੇ ਕਾਫ਼ਲੇ ’ਤੇ ਸੁੱਟੇ। ਅਰਨੀਆਵਾਲਾ ਬਲਾਕ ਸੰਮਤੀ ਦੇ ਚੇਅਰਮੈਨ ਸੁਖਜਿੰਦਰ ਸਿੰਘ ਨੇ ਹਮਲੇ ਪਿੱਛੇ ‘ਆਪ’ ਵਰਕਰਾਂ ਦਾ ਹੱਥ ਦੱਸਿਆ ਹੈ। ਉਸ ਨੇ ਕਿਹਾ ਕਿ ‘ਆਪ’ ਵਰਕਰਾਂ ਨੇ ਪਹਿਲਾਂ ਹੀ ਪੱਥਰਾਓ ਦੀ ਯੋਜਨਾ ਬਣਾਈ ਹੋਈ ਸੀ।



## ਸੁਖਬੀਰ ਦੇ ਕਾਫ਼ਲੇ ’ਤੇ ਕੋਈ ਹਮਲਾ ਨਹੀਂ ਹੋਇਆ : ਹਰਸਿਮਰਤ ਬਾਦਲ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼** : ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮੁਕਤਸਰ ਦੇ ਅਕਾਲੀ ਉਮੀਦਵਾਰ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੇ ਹੱਕ ਵਿਚ ਪ੍ਰਚਾਰ ਦੌਰਾਨ ਕਿਹਾ ਕਿ ਜਲਾਲਾਬਾਦ ਵਿਖੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਾਫਲੇ ਉਪਰ ਹਮਲਾ ਹੋਣ ਦੀ ਘਟਨਾ ਸਬੰਧੀ ਚਰਚਾ ਨਿਰਮੂਲ ਹੈ। ਇਹ ਹਮਲਾ ਸ੍ਰੀ ਬਾਦਲ ਦੇ ਕਾਫਲੇ ਉਪਰ ਨਹੀਂ ਹੋਇਆ ਸਗੋਂ ਦੋ ਧੜਿਆਂ ਦੀ ਆਪਸੀ ਖਹਿਬਾਜ਼ੀ ਦੀ ਘਟਨਾ ਸੀ। ਉਨ੍ਹਾਂ ਕਿਹਾ ਕਿ ‘ਆਮ ਆਦਮੀ ਪਾਰਟੀ’ ਦੇ ਬੁਲਾਰੇ ਅਤੇ ਐਮ.ਪੀ. ਭਗਵੰਤ ਮਾਨ ਵੱਲੋਂ ਸ਼ਰੇਆਮ ਲੋਕਾਂ ਨੂੰ ਪੱਥਰਬਾਜ਼ੀ ਲਈ ਭੜਕਾਇਆ ਜਾ ਰਿਹਾ ਜੋ ਕਿ ਬਹੁਤ ਹੀ ਨਿੰਦਣਯੋਗ ਤੇ ਚਿੰਤਾਜਨਕ ਗੱਲ ਹੈ।

ਉਨ੍ਹਾਂ ਕਾਂਗਰਸ ਦੇ ਮਨੋਰਥ ਪੱਤਰ ਉਪਰ ਪ੍ਰਤੀਕਰਮ ਜ਼ਾਹਰ ਕਰਦਿਆਂ ਕਿਹਾ ਕਿ ਇਹ ਮਨੋਰਥ ਪੱਤਰ ਝੂਠ ਦਾ ਪੁਲੰਦਾ ਹੈ। ਕਾਂਗਰਸ ਵੱਲੋਂ ਪਹਿਲਾਂ ਵੀ ਜਾਰੀ ਕੀਤੇ ਗਏ ਮੈਨੀਫੈਸਟੋ ਵੇਖ ਲਵੋ ਉਨ੍ਹਾਂ ਕਦੇ ਵੀ ਕੋਈ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਹਲਕਾ ਸ੍ਰੀ ਮੁਕਤਸਰ ਸਾਹਿਬ ਵਿਖੇ ਅਕਾਲੀ ਦਲ ਤੋਂ ਬਾਗੀ ਹੋ ਕੇ ਖੜ੍ਹੇ ਆਜ਼ਾਦ ਉਮੀਦਵਾਰ ਸੁਖਦਰਸ਼ਨ ਸਿੰਘ ਮਰਾੜ੍ਹ ਸਬੰਧੀ ਕਿਹਾ ਕਿ ਉਹ ਮਤਲਬਪ੍ਰਸਤ ਹੈ। ਹਰਸਿਮਰਤ ਕੌਰ ਬਾਦਲ ਨੇ ਕੁਝ ਚੈਨਲਾਂ ਵੱਲੋਂ ਕੀਤੇ ਸਰਵੇਖਣਾਂ ਬਾਰੇ ਕਿਹਾ ਕਿ ਇਨ੍ਹਾਂ ਦੀ ਕੋਈ ਅਹਿਮੀਅਤ ਨਹੀਂ। ਪਿਛਲੀਆਂ ਚੋਣਾਂ ਵੇਲੇ ਸਰਵੇਖਣ, ਨਤੀਜੇ ਆਉਣ ਤੋਂ ਕੁਝ ਪਲ ਪਹਿਲਾਂ ਵੀ ਕਾਂਗਰਸ ਦੀ ਸਰਕਾਰ ਬਣਾਉਂਦੇ ਸੀ ਪਰ ਨਤੀਜੇ ਉਲਟ ਆਏ। ਹੁਣ ਵੀ ਇਸੇ ਤਰ੍ਹਾਂ ਹੀ ਹੋਵੇਗਾ।

# ਆਪਣਾ ਪੰਜਾਬ ਨੇ ਛੋਟੇਪੁਰ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਪਣਾ ਪੰਜਾਬ ਪਾਰਟੀ ਨੇ ਸੁੱਚਾ ਸਿੰਘ ਛੋਟੇਪੁਰ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ ਹੈ। ਇਸ ਤੋਂ ਇਲਾਵਾ ਚੌਥੀ ਸੂਚੀ ਜਾਰੀ ਕਰ ਕੇ ਪਾਰਟੀ ਦੇ 26 ਹੋਰ ਉਮੀਦਵਾਰ ਐਲਾਨੇ ਗਏ ਹਨ। ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਉਪ ਚੋਣ ਲਈ ਪਾਰਟੀ ਦੇ ਮੀਤ ਪ੍ਰਧਾਨ ਗੁਰਿੰਦਰ ਸਿੰਘ ਬਾਜਵਾ ਨੂੰ ਟਿਕਟ ਦਿੱਤੀ ਗਈ ਹੈ।



ਆਪਣਾ ਪੰਜਾਬ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਆਈਏਐਸ ਅਧਿਕਾਰੀ ਆਰ.ਆਰ. ਭਾਰਦਵਾਜ ਅਤੇ ਮੀਡੀਆ ਇੰਚਾਰਜ ਕਰਨਲ ਜੇ.ਐਸ. ਗਿੱਲ ਨੇ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਛੋਟੇਪੁਰ ਨੂੰ ਮੁੱਖ ਮੰਤਰੀ ਦਾ ਉਮੀਦਵਾਰ ਐਲਾਨਿਆ। ਇਸ ਮੌਕੇ ਸ੍ਰੀ ਛੋਟੇਪੁਰ ਨੇ 'ਆਪ' ਦੇ ਖਰੜ ਤੋਂ ਉਮੀਦਵਾਰ ਕੰਵਰ ਸੰਧੂ ਦੀ ਹਮਾਇਤ ਕਰਨ ਦੀ ਥਾਂ ਉਨ੍ਹਾਂ ਵਿਰੁੱਧ 'ਆਪ' ਦੇ ਹੀ ਇਕ ਬਾਗ਼ੀ ਆਗੂ ਸੁਦੇਸ਼ ਮੂੰਧੋਂ ਨੂੰ ਖੜ੍ਹੇ ਕਰਨ ਦਾ ਐਲਾਨ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਫਰੰਟ ਦੇ ਸਰਪ੍ਰਸਤ ਡਾਕਟਰ ਗਾਂਧੀ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਸ੍ਰੀ ਸੰਧੂ ਨੇ ਸ੍ਰੀ ਛੋਟੇਪੁਰ ਨੂੰ ਪਾਰਟੀ ਵਿੱਚੋਂ ਕੱਢਣ ਵੇਲੇ ਦਿੱਲੀ ਦਰਬਾਰ ਅੱਗੇ ਝੁਕਣ ਦੀ ਥਾਂ ਸੱਚ ਉਪਰ ਪਹਿਰਾ ਦਿੱਤਾ ਸੀ, ਜਿਸ ਕਾਰਨ ਫਰੰਟ ਕੋਲ ਖਰੜ ਲਈ ਠੋਸ ਉਮੀਦਵਾਰ ਹੋਣ ਦੇ ਬਾਵਜੂਦ ਉਹ ਇਸ ਹਲਕੇ ਤੋਂ ਆਪਣਾ ਉਮੀਦਵਾਰ ਖੜ੍ਹਾ ਨਹੀਂ ਕਰਨਗੇ। ਇਸ ਮੌਕੇ ਖਰੜ ਹਲਕੇ ਦੇ 'ਆਪ' ਦੇ ਕੁਝ ਆਗੂ ਵੀ ਇਸ ਪਾਰਟੀ ਵਿੱਚ ਸ਼ਾਮਲ ਹੋਏ। ਸ੍ਰੀ ਛੋਟੇਪੁਰ ਨੇ ਦੱਸਿਆ ਕਿ ਉਹ ਹੁਣ ਤੱਕ 74 ਉਮੀਦਵਾਰਾਂ ਦਾ **ਬਾਕੀ ਸਫ਼ਾ 33 'ਤੇ**

# ਕੇਜਰੀਵਾਲ ਹੋਣਗੇ ਪੰਜਾਬ ਦੇ ਮੁੱਖ ਮੰਤਰੀ ?

## ਮਨੀਸ਼ ਸਿਸੋਦੀਆ ਦੀ ਟਿੱਪਣੀ ਨੇ ਮਚਾਈ ਹਲਚਲ



ਮਨੀਸ਼ ਸਿਸੋਦੀਆ, ਸੰਤ ਅਜੀਤ ਸਿੰਘ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕਰਦੇ ਹੋਏ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਰਹੇ ਤੇ ਸਾਬਕਾ ਵਿਧਾਇਕ ਸੰਤ ਅਜੀਤ ਸਿੰਘ ਨਾਲ ਮੀਟਿੰਗ ਲਈ ਪਹੁੰਚੇ ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਅਸਿੱਧੇ ਤੌਰ ਉੱਤੇ ਸੰਕੇਤ ਦਿੱਤੇ ਹਨ ਕਿ ਜੇਕਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸੂਬੇ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੀ ਹੋਣਗੇ। ਇੱਥੇ ਕਰੀਬ 15-20 ਮਿੰਟ ਤੱਕ ਚੱਲੀ ਮੀਟਿੰਗ ਉਪਰੰਤ ਦਿੱਲੀ ਦੇ ਉੱਪ ਮੁੱਖ ਮੰਤਰੀ ਤੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਰੀਬੀ ਸਾਥੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਦੇ ਲੋਕ ਅਰਵਿੰਦ ਕੇਜਰੀਵਾਲ ਉੱਤੇ ਭਰੋਸਾ ਰੱਖ ਕੇ ਹੀ ਆਪਣੀ ਵੋਟ ਆਮ ਆਦਮੀ ਪਾਰਟੀ ਨੂੰ ਪਾਉਣ। ਕੇਜਰੀਵਾਲ ਜੋ ਵਾਅਦਾ ਪੰਜਾਬ ਦੀ ਜਨਤਾ ਨਾਲ ਕਰ ਰਹੇ ਹਨ, ਉਸ ਨੂੰ ਹਰ ਹਾਲ ਵਿੱਚ ਪੂਰਾ ਕਰਨਗੇ। ਸਿਸੋਦੀਆ ਨੇ ਸਾਫ਼ ਕਰ ਦਿੱਤਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਦੇ ਨਾਂ ਦਾ ਐਲਾਨ ਪਾਰਟੀ ਵੱਲੋਂ ਜਾਣਬੁੱਝ ਕੇ ਸੋਚੀ ਸਮਝੀ ਰਣਨੀਤੀ ਤਹਿਤ ਨਹੀਂ ਕੀਤਾ ਗਿਆ ਹੈ।

ਪੰਜਾਬ ਵਿੱਚ ਸਨਅਤ ਦਾ ਲੱਕ ਟੁੱਟਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਯੋਗ ਉਮੀਦਵਾਰਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਭੇਜੇ, ਮਗਰੋਂ ਇੱਕ ਚੰਗੇ ਵਪਾਰੀ ਨੂੰ ਰਾਜ ਦਾ ਵਿੱਤ ਮੰਤਰੀ ਬਣਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਰਹੇਗੀ।

'ਆਪ' ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਲੋਕਾਂ ਨੂੰ ਪੱਥਰ ਮਾਰਨ ਲਈ ਉਕਸਾਉਣ ਦੇ ਸਾਹਮਣੇ ਆ ਰਹੇ ਮਾਮਲੇ ਬਾਰੇ ਸ੍ਰੀ ਸਿਸੋਦੀਆ ਨੇ ਕਿਹਾ ਕਿ ਫਿਲਹਾਲ ਉਨ੍ਹਾਂ ਦੇ ਧਿਆਨ ਵਿਚ ਅਜਿਹਾ ਕੋਈ ਬਿਆਨ ਨਹੀਂ ਹੈ, ਪਰ ਉਂਜ ਉਨ੍ਹਾਂ ਪੱਥਰਬਾਜ਼ੀ ਕੀਤੇ ਜਾਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਪਣਾ ਗੁੱਸਾ 4 ਫਰਵਰੀ ਨੂੰ ਵੋਟ ਪਾ ਕੇ ਕੱਢਣ ਫਿਰ ਚਾਹੇ ਉਨ੍ਹਾਂ ਦਾ ਗੁੱਸਾ ਅਕਾਲੀ ਦਲ, ਭਾਜਪਾ ਜਾਂ ਕਾਂਗਰਸ ਖ਼ਿਲਾਫ਼ ਹੀ ਕਿਉਂ ਨਾ ਹੋਵੇ। ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਬਾਰੇ ਬੋਲਦਿਆਂ ਸਿਸੋਦੀਆ ਨੇ ਕਿਹਾ ਕਿ ਕਈ ਦਹਾਕਿਆਂ ਤੋਂ ਕਾਂਗਰਸ ਪਾਰਟੀ ਦੇਸ਼ ਦੀ ਜਨਤਾ ਨੂੰ ਲੁੱਟ ਰਹੀ ਹੈ, ਇਸ ਲਈ ਪੰਜਾਬ ਦੇ ਲੋਕ ਹੁਣ ਝੂਠ ਦੇ ਪੁਲੰਦੇ 'ਤੇ ਵਿਸ਼ਵਾਸ ਨਹੀਂ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਆਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਸੰਜੀਵ ਗੌਤਮ, ਮਾਸਟਰ ਹਰਦਿਆਲ ਸਿੰਘ, ਹਰਤੇਗਵੀਰ ਸਿੰਘ ਤੇਗੀ, ਜਸਵੀਰ ਸਿੰਘ ਜੱਸੂ, ਰਾਜਾ ਹਾਜ਼ਰ ਸਨ।

ਸਿਸੋਦੀਆ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੀ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦਾ ਟਾਕਰਾ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਵੀ ਹੋਇਆ। ਹਾਲਾਂਕਿ ਗਿਆਨੀ ਗੁਰਬਚਨ ਸਿੰਘ ਨੇ ਸਿਸੋਦੀਆ ਨੂੰ ਸਿਰੋਪਾਓ ਤਾਂ ਨਹੀਂ ਦਿੱਤਾ, ਪਰ ਦੋਵਾਂ ਨੇ ਇੱਕ ਦੂਜੇ ਨਾਲ ਹੱਥ ਜ਼ਰੂਰ ਮਿਲਾਏ।

# ਬਾਦਲ ਸਮੇਤ ਦੋ ਸਾਬਕਾ ਮੁੱਖ ਮੰਤਰੀਆਂ ਕੈਪਟਨ ਤੇ ਭੱਠਲ ਦਾ ਭਵਿੱਖ ਦਾਅ 'ਤੇ







**ਹਮੀਰ ਸਿੰਘ**

ਪੰਜਾਬ ਦੀ ਸਿਆਸਤ ਵਿੱਚ ਕੁਝ ਪੁਰਾਣੇ ਸਿਆਸੀ ਪਰਿਵਾਰਾਂ ਦਾ ਦਖ਼ਲ ਲਗਾਤਾਰ ਬਣਿਆ ਹੋਇਆ ਹੈ। ਕਈ ਪਰਿਵਾਰਾਂ ਦਾ ਦਬਦਬਾ ਤਾਂ ਹੋਰ ਵੀ ਮਜ਼ਬੂਤ ਹੋ ਰਿਹਾ ਹੈ। ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਦੋ ਸਾਬਕਾ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਭੱਠਲ ਦਾ ਭਵਿੱਖ ਦਾਅ 'ਤੇ ਹੈ। ਪੰਜਾਬ ਦੇ ਚਾਰ ਹੋਰ ਮੁੱਖ ਮੰਤਰੀਆਂ ਦੇ ਪਰਿਵਾਰਕ ਮੈਂਬਰ ਵੀ ਚੋਣ ਮੈਦਾਨ ਵਿੱਚ ਹਨ। ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦਾ ਪਰਿਵਾਰ ਪਹਿਲੀ ਵਾਰ ਚੋਣ ਮੈਦਾਨ ਵਿੱਚੋਂ ਬਾਹਰ ਹੋ ਗਿਆ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਮੁੜ ਪਟਿਆਲਾ ਤੋਂ ਉਮੀਦਵਾਰ ਹਨ। ਬੇਸ਼ੱਕ ਉਨ੍ਹਾਂ ਨੂੰ ਅਜੇ ਤੱਕ ਅਧਿਕਾਰਤ ਤੌਰ 'ਤੇ ਕਾਂਗਰਸ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਹੀਂ ਐਲਾਨਿਆ ਗਿਆ ਪਰ ਸਾਰੀ ਚੋਣ ਉਨ੍ਹਾਂ ਦੁਆਲੇ ਕੇਂਦਰਿਤ ਹੈ। ਉਹ ਖੁਦ ਕਹਿ ਚੁੱਕੇ ਹਨ ਕਿ ਉਹ 74 ਸਾਲ ਦੇ ਹੋ ਗਏ ਹਨ ਅਤੇ ਇਹ ਉਨ੍ਹਾਂ ਦੀ ਆਖ਼ਰੀ ਚੋਣ ਹੈ। ਇਸ ਵਾਰ ਪਰਿਵਾਰ ਵਿੱਚੋਂ ਇੱਕ ਜੀਅ ਨੂੰ ਹੀ ਟਿਕਟ ਦੇਣ ਕਰਕੇ ਉਹ ਇਕੱਲੇ ਚੋਣ ਮੈਦਾਨ ਵਿੱਚ ਹਨ। ਪਿਛਲੀ ਚੋਣ ਵਿੱਚ ਉਨ੍ਹਾਂ ਦਾ ਪੁੱਤਰ ਰਣਇੰਦਰ ਸਿੰਘ ਵੀ ਸਮਾਣਾ ਤੋਂ ਉਮੀਦਵਾਰ ਸੀ। ਪਤਨੀ ਪਰਨੀਤ ਕੌਰ ਕੇਂਦਰ ਵਿੱਚ ਮੰਤਰੀ ਸੀ। ਪ੍ਰਕਾਸ਼ ਸਿੰਘ ਬਾਦਲ ਮੋਗਾ ਵਿੱਚ 8 ਦਸੰਬਰ ਨੂੰ ਵੱਡੀ ਰੈਲੀ ਕਰਕੇ ਆਪਣਾ 90ਵਾਂ ਜਨਮ ਦਿਵਸ ਮਨਾ ਕੇ ਹਟੇ ਹਨ। ਉਨ੍ਹਾਂ ਦੀ ਲੰਬੀ ਤੋਂ ਉਮੀਦਵਾਰੀ ਅਜੇ ਅਧਿਕਾਰਤ ਤੌਰ ਉੱਤੇ ਐਲਾਨੀ ਨਹੀਂ ਗਈ ਪਰ ਅਗਲੀ ਵਾਰ ਵੀ ਅਕਾਲੀ ਦਲ ਦੇ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਐਲਾਨ ਹੋ ਚੁੱਕਿਆ ਹੈ। ਉਮਰ ਦੇ ਲਿਹਾਜ਼ ਨਾਲ ਉਨ੍ਹਾਂ ਦੀ ਵੀ ਇਹ ਆਖਰੀ ਚੋਣ ਹੋਣ ਦੀ ਸੰਭਾਵਨਾ ਹੈ। ਅਕਾਲੀ-ਭਾਜਪਾ ਗਠਜੋੜ ਲਈ ਬਾਦਲ ਅਜੇ ਵੀ ਸਰਵ-ਪ੍ਰਵਾਨਿਤ ਚਿਹਰਾ ਹਨ। ਚੋਣ ਲੜਨ ਦੇ ਪੁਰਾਣੇ ਖਿਡਾਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਹਲਕੇ ਵਿੱਚ ਕਰੋੜਾਂ ਰੁਪਏ ਸੰਗਤ ਦਰਸ਼ਨਾਂ ਰਾਹੀਂ ਵੰਡ ਕੇ ਸੀਟ ਸੁਰੱਖਿਅਤ ਰੱਖਣ ਦਾ ਹਰ ਉਪਰਾਲਾ ਕੀਤਾ ਹੈ ਪਰ ਉਨ੍ਹਾਂ ਦੇ ਨੇੜਲੇ ਕਾਰਕੁਨਾਂ ਦਾ ਵਿਹਾਰ ਉਨ੍ਹਾਂ ਲਈ ਮੁਸ਼ਕਲ ਦਾ ਸਬੱਬ ਬਣ ਸਕਦਾ ਹੈ। ਉਨ੍ਹਾਂ ਦਾ ਪੂਰਾ ਪਰਿਵਾਰ ਸਿਆਸਤ ਵਿੱਚ ਹੈ। ਪੁੱਤਰ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਹਨ ਅਤੇ ਮੁੜ ਚੋਣ ਮੈਦਾਨ ਵਿੱਚ ਨਿੱਤਰਣਗੇ। ਨੂੰਹ ਹਰਸਿਮਰਤ ਕੌਰ ਬਾਦਲ ਕੇਂਦਰ ਵਿੱਚ ਵਜ਼ੀਰ ਹਨ। ਸੁਖਬੀਰ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਵੀ ਮਜੀਠਾ ਤੋਂ ਅਤੇ ਜੀਜਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਪੱਟੀ ਤੋਂ ਚੋਣ ਲੜ ਰਹੇ ਹਨ।

ਆਮ ਆਦਮੀ ਪਾਰਟੀ ਨੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਨੂੰ ਬਾਦਲ ਖਿਲਾਫ਼ ਚੋਣ ਮੈਦਾਨ ਵਿੱਚ ਉਤਾਰ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਵੱਡੇ ਆਗੂਆਂ ਖ਼ਿਲਾਫ਼ ਉਹ ਮਜ਼ਬੂਤ ਉਮੀਦਵਾਰ ਖੜ੍ਹੇ ਕਰਕੇ ਚੁਣੌਤੀ ਦੇ ਰਹੀ ਹੈ। ਪਟਿਆਲਾ ਤੋਂ ਅਮਰਿੰਦਰ ਸਿੰਘ ਨੂੰ ਫਿਲਹਾਲ ਕੋਈ ਖਾਸ ਚੁਣੌਤੀ ਦਿਖਾਈ ਨਹੀਂ ਦਿੱਤੀ ਪਰ ਲੋਕ ਸਭਾ ਚੋਣਾਂ ਸਮੇਂ 'ਆਪ' ਦੀ ਚੱਲੀ ਹਨੇਰੀ ਵਿੱਚ ਪਟਿਆਲਾ ਸ਼ਹਿਰੀ ਸੀਟ ਤੋਂ ਵੀ 'ਆਪ' ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਪ੍ਰਨੀਤ ਕੌਰ ਨੂੰ ਵੱਡੀ ਚੁਣੌਤੀ ਦਿੰਦਿਆਂ ਮਾਤ ਦੇ ਦਿੱਤੀ ਸੀ। ਅਮਰਿੰਦਰ ਸਿੰਘ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਲਈ ਚੁਣੇ ਜਾਣ ਤੋਂ ਬਾਅਦ ਪਟਿਆਲਾ ਦੀ ਸੀਟ ਤੋਂ ਪ੍ਰਨੀਤ ਕੌਰ ਮੁੜ ਭਾਰੀ ਅੰਤਰ ਨਾਲ ਚੋਣ ਜਿੱਤ ਕੇ ਵਿਧਾਇਕ ਬਣ ਗਏ ਸਨ। ਇਸ ਵਾਰ ਅਮਰਿੰਦਰ ਸਿੰਘ ਖਿਲਾਫ਼ 'ਆਪ' ਦੇ ਡਾ. ਬਲਬੀਰ ਸਿੰਘ ਮੈਦਾਨ ਵਿੱਚ ਹਨ।

ਕਾਂਗਰਸੀ ਸੂਤਰਾਂ ਅਨੁਸਾਰ ਤਿੰਨ ਮਹੀਨਿਆਂ ਤੋਂ ਵੀ ਘੱਟ ਸਮੇਂ ਲਈ ਪੰਜਾਬ ਦੀ ਮੁੱਖ ਮੰਤਰੀ ਰਹੀ ਰਾਜਿੰਦਰ ਕੌਰ ਭੱਠਲ ਹਲਕਾ ਤਬਦੀਲ ਕਰਨ ਦੀ ਕੋਸ਼ਿਸ਼ ਵਿੱਚ ਸਨ ਪਰ ਅਮਰਿੰਦਰ ਸਿੰਘ ਵੱਲੋਂ ਜਨਰਲ ਵਰਗ ਦੇ ਕਿਸੇ ਵੀ ਉਮੀਦਵਾਰ ਨੂੰ ਹਲਕਾ ਨਾ ਬਦਲਣ ਦੇਣ ਦੇ ਲਏ ਸਟੈਂਡ ਕਰਕੇ ਉਹ ਮੁੜ ਆਪਣੀ ਪੁਰਾਣੀ ਲਹਿਰਾ ਸੀਟ ਤੋਂ ਹੀ ਚੋਣ ਲੜ ਰਹੇ ਹਨ। ਭੱਠਲ ਖਿਲਾਫ਼ ਇਸ ਵਾਰ ਸੁਨਾਮ ਤੋਂ ਹਲਕਾ ਤਬਦੀਲ ਕਰਕੇ ਆਏ ਸੂਬੇ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਮੈਦਾਨ ਵਿੱਚ ਹਨ। 2012 ਵਿੱਚ ਲਹਿਰੇ ਤੋਂ 'ਆਪ' ਦੇ ਚੋਣ ਮੁਹਿੰਮ ਕਮੇਟੀ ਦੇ ਇੰਚਾਰਜ ਭਗਵੰਤ ਮਾਨ ਪੀਪੀਪੀ ਵੱਲੋਂ ਚੋਣ ਮੈਦਾਨ ਵਿੱਚ ਸਨ। 'ਆਪ' ਨੇ ਜਸਵੀਰ ਸਿੰਘ ਕੁਦਾਨ ਨੂੰ ਉਮੀਦਵਾਰ ਐਲਾਨਿਆ ਹੈ। ਭੱਠਲ ਲਈ ਇਸ ਵਾਰ ਸਖ਼ਤ ਚੁਣੌਤੀ ਦਰਪੇਸ਼ ਹੈ। ਤਤਕਾਲੀ ਮੁੱਖ ਮੰਤਰੀ ਸਵਰਗੀ ਬੇਅੰਤ ਸਿੰਘ ਦਾ ਵਿਧਾਇਕ ਪੋਤਰਾ ਗੁਰਕੀਰਤ ਸਿੰਘ ਕੋਟਲੀ ਖੰਨਾ ਤੋਂ ਮੁੜ ਕਾਂਗਰਸ ਦੇ ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਇੱਕ ਹੋਰ ਪੋਤਰਾ ਰਵਨੀਤ ਸਿੰਘ ਬਿੱਟੂ ਲੁਧਿਆਣਾ ਤੋਂ ਸੰਸਦ ਮੈਂਬਰ ਹੈ। ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਤਾਪ ਸਿੰਘ ਕੈਰੋਂ ਦਾ ਪੋਤਰਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਬਾਦਲ ਦਾ ਦਾਮਾਦ ਹੈ ਅਤੇ ਕਾਂਗਰਸ ਤੋਂ ਦੂਰੀ ਤੇ ਬਾਦਲ ਪਰਿਵਾਰ ਨਾਲ ਰਿਸ਼ਤੇਦਾਰੀ ਕਾਰਨ ਉਹ 1997 ਤੋਂ ਲੈ ਕੇ ਹੁਣ ਤੱਕ ਪੱਟੀ ਹਲਕੇ ਤੋਂ ਅਕਾਲੀ ਦਲ ਦੀ ਟਿਕਟ ਉੱਤੇ ਚੋਣ ਲੜਦੇ ਆ ਰਹੇ ਹਨ।

## ਬਾਦਲ ਬੋਲੇ : ਪੰਜਾਬੀ ਕਿਸੇ ਹਰਿਆਣਵੀ ਨੂੰ ਸਹਿਣ ਨਹੀਂ ਕਰਨਗੇ

**ਚੰਡੀਗੜ੍ਹ :** ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਇਹ ਗੱਲ ਆਪਣੇ ਧਿਆਨ ਵਿਚ ਰੱਖਣ ਕਿ ਪੰਜਾਬ ਦੇ ਲੋਕ ਪੰਜਾਬ ਤੋਂ ਬਾਹਰ ਦੇ ਵਿਅਕਤੀ ਨੂੰ ਕਦੇ ਵੀ ਸਹਿਣ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਜਦੋਂ ਕੋਈ ਹਰਿਆਣਵੀ ਇਹ ਸਹਿਣ ਨਹੀਂ ਕਰ ਸਕਦਾ ਕਿ ਕੋਈ ਪੰਜਾਬੀ ਜਾਂ ਗੈਰ-ਹਰਿਆਣਵੀ ਵਿਅਕਤੀ ਉਸ 'ਤੇ ਰਾਜ ਕਰੇ ਤਾਂ ਪੰਜਾਬੀ ਇਹ ਗੱਲ ਕਿਵੇਂ ਸਹਿਣ ਕਰ ਸਕਦਾ ਹੈ ਕਿ ਕੋਈ ਹਰਿਆਣਵੀ ਉਸ 'ਤੇ ਰਾਜ ਕਰੇ। ਸ. ਬਾਦਲ ਨੇ ਕਿਹਾ ਕਿ ਪੰਜਾਬੀਆਂ ਨੇ ਤਾਂ ਮੁਗਲਾਂ ਤੇ ਅੰਗਰੇਜ਼ਾਂ ਨੂੰ ਆਪਣੇ ਸ਼ਾਸਕਾਂ ਵਜੋਂ ਪ੍ਰਵਾਨ ਨਹੀਂ ਕੀਤਾ। ਸਿਸੋਦੀਆ, ਕੇਜਰੀਵਾਲ ਤੇ ਉਨ੍ਹਾਂ ਦਾ ਸਾਰਾ ਗੈਰ-ਪੰਜਾਬੀ ਗੈਂਗ ਇਸ ਇਸ ਗੱਲ ਤੋਂ ਵਾਕਿਫ਼ ਨਹੀਂ ਕਿ ਪੰਜਾਬੀਆਂ ਨੇ ਆਪਣੀ ਖ਼ੁਦ ਦੀ ਸਰਕਾਰ ਦਾ ਹੱਕ ਹਾਸਲ ਕਰਨ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ।



## ਸੁਖਬੀਰ ਨੇ ਕਿਹਾ : ਬਿੱਲੀ ਥੈਲਿਓਂ ਬਾਹਰ ਆਈ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਬਾਹਰੀ ਵਿਅਕਤੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਸਿਰ ਮੜ੍ਹਨ ਦੀ ਸਾਜ਼ਿਸ਼ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੱਲੋਂ ਐਲਾਨ ਕਰਨ ਨਾਲ ਬੇਨਕਾਬ ਹੋ ਗਈ ਹੈ। ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਬਿੱਲੀ ਹੁਣ ਥੈਲਿਓਂ ਬਾਹਰ ਆ ਗਈ ਹੈ। ਕੇਜਰੀਵਾਲ ਪਿਛਲੇ ਦੋ ਸਾਲਾਂ ਤੋਂ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਲਾਲਸਾ ਰੱਖ ਰਿਹਾ ਸੀ ਤੇ ਹੁਣ ਪਾਰਟੀ ਨੇ ਇਸ ਮਾਮਲੇ ਵਿਚ ਸਾਰੇ ਅੜਿੱਕੇ ਦੂਰ ਹੋਣ ਤੋਂ ਬਾਅਦ ਐਲਾਨ ਕਰ ਦਿੱਤਾ ਹੈ। ਸੁਖਬੀਰ ਨੇ ਕਿਹਾ ਕਿ ਪਹਿਲਾਂ ਪਾਰਟੀ ਨੇ ਸੂਬਾ ਕਨਵੀਨਰ ਤੇ ਸਭ ਤੋਂ ਸੀਨੀਅਰ ਨੇਤਾ ਸੁੱਚਾ ਸਿੰਘ ਛੋਟੇਪੁਰ ਨੂੰ ਬਾਹਰ ਕੱਢਿਆ ਕਿਉਂਕਿ ਉਹ ਸਿੱਖ ਚਿਹਰਾ ਸਨ ਅਤੇ ਸ੍ਰੀ ਕੇਜਰੀਵਾਲ ਲਈ ਚੁਣੌਤੀ ਬਣ ਰਹੇ ਸਨ। ਇਸ ਮਗਰੋਂ ਪਾਰਟੀ ਨੇ ਭਗਵੰਤ ਮਾਨ ਤੇ ਹਿੰਮਤ ਸਿੰਘ ਸ਼ੇਰਗਿੱਲ ਦੀ ਸੰਭਾਵਨਾ ਨੂੰ ਉਨ੍ਹਾਂ ਦੇ ਅਤੇ ਸ. ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼ ਖੜ੍ਹੇ ਕਰਕੇ ਖ਼ਤਮ ਕਰ ਦਿੱਤੀ। ਹੁਣ ਜਦੋਂ ਸਾਰੀਆਂ ਰੁਕਾਵਟਾਂ ਦੂਰ ਹੋ ਗਈਆਂ ਤਾਂ ਫਿਰ ਸਿਸੋਦੀਆ ਨੇ ਪੰਜਾਬ ਆ ਕੇ ਇਸ ਸਬੰਧੀ ਬਹੁਤ ਹੀ ਗਿਣੇ ਮਿੱਥੇ ਢੰਗ ਨਾਲ ਇਸ ਦਾ ਐਲਾਨ ਕਰ ਦਿੱਤਾ ਜਿਸ ਦਾ ਪਾਰਟੀ ਕੇਡਰ ਨੇ ਢੋਲ ਢਮੱਕਿਆਂ ਨਾਲ ਸਵਾਗਤ ਕੀਤਾ।



## ਕੈਪਟਨ ਬੋਲੇ : ਕੇਜਰੀਵਾਲ ਦੀ ਲਾਲਸਾ ਜੱਗ ਜ਼ਾਹਰ ਹੋਈ

ਨਵੀਂ ਦਿੱਲੀ : ਅਰਵਿੰਦ ਕੇਜਰੀਵਾਲ 'ਤੇ ਹਮਲਾ ਕਰਦਿਆਂ ਸੂਬਾ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇਕਰ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਭੈੜੇ ਮਨਸੂਬੇ ਕਾਮਯਾਬ ਹੋ ਗਏ ਤਾਂ ਹਰਿਆਣਵੀ ਮੁੱਖ ਮੰਤਰੀ ਬਣ ਜਾਵੇਗਾ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਕੇਜਰੀਵਾਲ ਦੇ ਮਾੜੇ ਇਰਾਦੇ ਪੂਰੀ ਤਰ੍ਹਾਂ ਸਾਹਮਣੇ ਆ ਗਏ ਹਨ ਜਿਸ ਨੇ ਦੱਸ ਦਿੱਤਾ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਦੀ ਕਿੰਨੀ ਭੈੜੀ ਲਾਲਸਾ ਹੈ। ਕੈਪਟਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਸੂਬੇ ਵਿਚ ਸੱਤਾ 'ਤੇ ਕਾਬਜ਼ ਹੋਣ ਅਤੇ ਨਿੱਜੀ ਲਾਭ ਲੈਣ ਲਈ ਸੂਬੇ ਦੇ ਲੋਕਾਂ ਨੂੰ ਮੂਰਖ ਬਣਾਉਣ ਦਾ ਯਤਨ ਕਰ ਰਿਹਾ ਹੈ।



ਅੰਮ੍ਰਿਤਸਰ ਟਾਈਮਜ਼ AMRITSAR TIMES

11 ਜਨਵਰੀ 2017 ਤੋਂ 17 ਜਨਵਰੀ 2017

# ਸੁਪਨੇ ਵੇਚਣ ਲਈ ਸਜੀ ਚੋਣ ਵਾਅਦਿਆਂ ਦੀ ਮੰਡੀ

## ਬਦਹਾਲੀ ਦੀਆਂ ਬਰੂਹਾਂ 'ਤੇ ਖੜ੍ਹੇ ਪੰਜਾਬੀਆਂ ਲਈ ਪਰਖ ਦੀ ਘੜੀ

ਭਾਰਤ ਵਿਚ ਪੰਜਾਬ ਸਮੇਤ 5 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੀ ਘੰਟੀ ਵੱਜ ਗਈ ਹੈ। ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਬਸਤੇ ਸਾਂਭ ਲਏ ਹਨ। ਲੋਕ-ਦਰਬਾਰਾਂ ਵਿਚ ਹਾਜ਼ਰੀਆਂ ਭਰਨ ਦੇ ਨਵੇਂ ਨਵੇਂ ਢੰਗ ਤਰੀਕੇ ਲੱਭੇ ਜਾ ਰਹੇ ਹਨ। ਦਾਅਵਿਆਂ ਅਤੇ ਵਾਅਦਿਆਂ ਦੀਆਂ ਝੜੀਆਂ ਲੱਗ ਗਈਆਂ ਹਨ। ਹਰ ਕਿਸੇ ਕੋਲ ਆਪੋ-ਆਪਣੀ ਡੁਗਡੁਗੀ ਹੈ ਤੇ ਆਪੋ ਆਪਣੇ ਰਾਗ। ਕਾਂਗਰਸ ਦੇ ਵਾਅਦਿਆਂ ਦਾ ਛਾਬਾ ਚੁੱਕੀ ਕੈਪਟਨ ਅਮਰਿੰਦਰ ਸਿੰਘ ਵੀ ਸਿਆਸੀ ਮੰਡੀ ਵਿਚ ਆ ਕੇ ਸਜ ਗਏ ਹਨ। ਇਸ ਛਾਬੇ ਵਿਚ ਆਪਣੇ ਵਿਰੋਧੀਆਂ ਦੇ ਲੁਭਾਵਣੇ ਵਾਅਦਿਆਂ ਦਾ ਮਿਲ-ਗੋਭਾ ਤਿਆਰ ਕੀਤਾ ਗਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ ਇੰਡਸਟਰੀ-ਰੁਜ਼ਗਾਰ ਦਾ ਵਾਅਦਾ, ਤਾਮਿਲਨਾਡੂ ਦੀ ਮਰਹੂਮ ਮੁੱਖ ਮੰਤਰੀ ਜੈਲਲਿਤਾ ਭਾਵ ਅੰਮਾ ਤੋਂ ਪੰਜ ਰੁਪਏ ਦੇ ਖਾਣੇ ਦਾ ਵਾਅਦਾ ਅਤੇ ਆਮ ਆਦਮੀ ਪਾਰਟੀ ਤੋਂ ਵੀ.ਆਈ.ਪੀ. ਕਲਚਰ ਖ਼ਤਮ ਕਰਨ ਦਾ ਫਾਰਮੂਲਾ ਲੈ ਲਿਆ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਦਿੱਲੀ ਦੀ ਹਕੂਮਤ ਸਾਂਭਦਿਆਂ ਹੀ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੀ ਬਾਕੀ ਲੀਡਰਾਂ ਵਾਂਗ ਸੁਰੱਖਿਆ ਵੀ ਲਈ ਤੇ ਲਾਲ ਬੱਤੀ ਵਾਲੀ ਕਾਰ ਵੀ।

ਕਾਂਗਰਸ ਦੇ ਮੈਨੀਫੈਸਟੋ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਝਲਕ ਮਿਲਣੀ ਵੀ ਸੁਭਾਵਕ ਹੈ ਕਿਉਂਕਿ ਦੋਹਾਂ ਦਾ ਸੂਤਰਧਾਰ ਇਕੋ ਵਿਅਕਤੀ ਹੈ, ਪ੍ਰਸ਼ਾਂਤ ਕਿਸ਼ੋਰ। ਇਹੀ ਪ੍ਰਸ਼ਾਂਤ ਕਿਸ਼ੋਰ ਕਦੇ ਮੋਦੀ ਲਈ ਰਣਨੀਤੀ ਘੜਦਾ ਹੈ ਤੇ ਕਦੇ ਕਾਂਗਰਸ ਲਈ। ਉਂਜ ਤਾਂ ਭਾਰਤ ਦੀਆਂ ਦੋਵੇਂ ਮੁੱਖ ਸਿਆਸੀ ਧਿਰਾਂ ਭਾਜਪਾ ਤੇ ਕਾਂਗਰਸ ਦੀਆਂ ਨੀਤੀਆਂ ਵਿਚ ਕੋਈ ਵਖਰੇਵਾਂ ਹੀ ਨਹੀਂ ਹੈ। ਮੋਦੀ ਨੇ ਵੀ ਸੱਤਾ ਵਿਚ ਆਉਣ ਲਈ ਅੱਛੇ ਦਿਨਾਂ ਦਾ ਲਾਰਾ ਦਿੱਤਾ ਸੀ ਤੇ ਇਹੀ ਰਾਗ ਕੈਪਟਨ ਅਮਰਿੰਦਰ ਸਿੰਘ ਵੀ ਗਾ ਰਹੇ ਹਨ। ਉਨ੍ਹਾਂ ਮੈਨੀਫੈਸਟੋ ਜਾਰੀ ਕਰਦਿਆਂ ਹੀ ਟਵੀਟ ਕੀਤਾ ਕਿ ਪੰਜਾਬ ਵਿਚ ਅੱਛੇ ਦਿਨ ਪਰਤਣ ਵਾਲੇ ਹਨ।

ਪੰਜਾਬ ਵਿਚ ਅਗਲੀ ਸਰਕਾਰ ਬਣਾਉਣ ਦੀਆਂ ਤਿਆਰੀਆਂ ਵਿਚ ਆਪੋ-ਆਪਣੇ ਚੋਣ ਵਾਅਦਿਆਂ ਦੀਆਂ ਹੱਟੀਆਂ ਸਜਾਈ ਬੈਠੀਆਂ ਸਿਆਸੀ ਧਿਰਾਂ ਦੇ ਪ੍ਰਚਾਰ ਦੇ ਤਰੀਕੇ ਵੀ ਪੂਰੀ ਤਰ੍ਹਾਂ ਬਾਜ਼ਾਰੀ ਹਨ। ਸੂਬੇ ਵਿਚ ਪਸਰੀ ਬਦਹਾਲੀ ਨੂੰ ਚੁਟਕੀਆਂ ਵਿਚ ਹੀ ਦੂਰ ਕਰਨ ਦੇ ਨੁਸਖ਼ੇ ਦੱਸੇ ਜਾ ਰਹੇ ਹਨ। ਕਾਂਗਰਸ ਤੇ ਅਕਾਲੀ-ਭਾਜਪਾ ਤਾਂ ਸੁਪਨੇ ਵੇਚਣ ਵਿਚ ਮਾਹਰ ਸਨ ਹੀ, ਇਨ੍ਹਾਂ ਪਿਛੇ ਪਿਛੇ ਤੁਰੀ ਆ ਰਹੀ ਨਵੀਂ-ਨਵੇਲੀ ਆਮ ਆਦਮੀ ਪਾਰਟੀ ਵੀ ਸੁਪਨੇ ਸਜਾ ਕੇ ਇਨ੍ਹਾਂ ਤੋਂ ਅੱਗੇ ਨਿਕਲ ਜਾਣਾ ਚਾਹੁੰਦੀ ਹੈ। 68 ਸਾਲਾਂ ਵਿਚ ਸਮੱਸਿਆਵਾਂ ਨੂੰ ਵਿਕਰਾਲ ਰੂਪ ਦੇਣ ਵਾਲੀ ਕਾਂਗਰਸ ਨੇ ਹੁਣ ਨਸ਼ਿਆਂ ਨੂੰ ਚਾਰ ਹਫ਼ਤਿਆਂ ਦੇ ਅੰਦਰ-ਅੰਦਰ ਖ਼ਤਮ ਕਰਨ ਦਾ ਵਾਅਦਾ ਕੀਤਾ ਹੈ। ਜਿਵੇਂ ਬਾਜ਼ਾਰ ਕੋਲ ਬੱਚਿਆਂ ਦੀ ਭੁੱਖ ਦਾ ਇਲਾਜ ਮਿੰਟਾਂ ਵਿਚ ਮੈਗੀ ਦੇ ਤਿਆਰ ਹੋਣ ਵਿਚ ਹੈ, ਉਵੇਂ ਕਾਂਗਰਸ ਇਹਦਾ ਇਲਾਜ ਪੰਜ ਰੁਪਏ ਖਾਣੇ ਦੇ ਚੋਣ ਵਾਅਦੇ ਵਿਚੋਂ ਲਭ ਰਹੀ ਹੈ।

ਸਭ ਤੋਂ ਅਹਿਮ ਸਵਾਲ ਪੈਦਾ ਹੋ ਗਿਆ ਹੈ ਕਿ ਪ੍ਰਮੁੱਖ ਸਿਆਸੀ ਪਾਰਟੀਆਂ ਨੂੰ ਇਸ ਤਰ੍ਹਾਂ ਦੇ ਚੋਣ ਵਾਅਦੇ ਕਰਨ ਦੀ ਲੋੜ ਕਿਉਂ ਪੈ ਰਹੀ ਹੈ ? ਦਰਅਸਲ, ਇਨ੍ਹਾਂ ਸਿਆਸੀ ਪਾਰਟੀਆਂ ਕੋਲ ਮੁਲਕ ਦੇ ਆਮ ਬੰਦੇ ਦੀ ਤਕਦੀਰ ਬਦਲ ਦੇਣ ਦਾ ਕੋਈ ਪ੍ਰੋਗਰਾਮ ਹੀ ਨਹੀਂ ਹੈ। ਜੇਕਰ ਇਨ੍ਹਾਂ ਦੇ ਬੋਝਿਆਂ ਵਿਚ ਅਵਾਮ ਲਈ ਕੁੱਝ ਹੁੰਦਾ ਤਾਂ ਭੁੱਖਮਰੀ ਦੇ ਰਿਕਾਰਡ ਕਿਉਂ ਟੁੱਟਦੇ, ਕਿਸਾਨ ਖੁਦਕੁਸ਼ੀਆਂ ਕਿਉਂ ਕਰਦੇ ਅਤੇ ਕਰੋੜਾਂ ਹੱਥ ਬੇਰੁਜ਼ਗਾਰ ਕਿਉਂ ਹੁੰਦੇ। ਇਹ ਇਨ੍ਹਾਂ ਪ੍ਰਮੁੱਖ ਸਿਆਸੀ ਧਿਰਾਂ ਦੀ ਨਾਕਾਮੀ ਹੀ ਹੈ ਕਿ ਇਨ੍ਹਾਂ ਨੂੰ ਚੋਣ ਤਮਾਸ਼ੇ ਵਿਚ ਭਰਮਾਊ ਵਾਅਦਿਆਂ ਦੀ ਡੁਗਡੁਗੀ ਵਜਾਉਣੀ ਪੈ ਰਹੀ ਹੈ। ਪਰ ਇਸ ਡੁਗਡੁਗੀ ਨੂੰ ਸੁਣੇਗਾ ਕੌਣ ? ਕਾਂਗਰਸ ਆਪਣੀ ਡੁਗਡੁਗੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਫੜਾ ਕੇ ਇਸ ਭੁਲੇਖੇ ਵਿਚ ਹੈ ਕਿ ਮਜ੍ਹਮਾ ਚੰਗਾ ਲੱਗੇਗਾ।

ਕਿਸੇ ਨੂੰ ਇਉਂ ਲੱਗ ਸਕਦਾ ਹੈ ਕਿ ਇਹ ਤਾਂ ਅਤਕਥਨੀ ਹੈ, ਹਾਲਾਤ ਏਨੇ ਵੀ ਮਾੜੇ ਨਹੀਂ ਪਰ ਜਿਹੜੇ ਲੋਕ ਇਹ ਸਭ ਕੁਝ ਭੋਗ ਰਹੇ ਹਨ, ਉਨ੍ਹਾਂ ਦੀਆਂ ਸਥਿਤੀਆਂ ਤਾਂ ਬਿਆਨ ਕਰਨੀਆਂ ਵੀ ਔਖੀਆਂ ਹਨ। ਇਨ੍ਹਾਂ ਕੋਲੋਂ ਤਾਂ ਮਨੁੱਖਾਂ ਵਾਂਗ ਜਿਉਣ ਦਾ ਹੱਕ ਵੀ ਖੋਹ ਲਿਆ ਗਿਆ ਹੈ। ਇਹ ਜ਼ਿੰਦਗੀ ਦੀਆਂ ਬਿਲਕੁਲ ਬੁਨਿਆਦੀ ਲੋੜਾਂ ਤੋਂ ਹਰ ਪਾਸਿਉਂ ਮਹਿਰੂਮ ਹਨ। ਕਿਧਰੇ ਕੋਈ ਸੁਣਵਾਈ ਵੀ ਨਹੀਂ ਹੈ। ਸਿਆਸਤਦਾਨਾਂ ਨੂੰ ਇਨ੍ਹਾਂ ਦੀ ਯਾਦ ਸਿਰਫ਼ ਵੋਟਾਂ ਵਾਲੇ ਦਿਨਾਂ ਦੌਰਾਨ ਹੀ ਆਉਂਦੀ ਹੈ ਤੇ ਹਰ ਵਾਰ ਵਾਅਦਿਆਂ ਦੀਆਂ ਬੇੜੀਆਂ ਵਿਚ ਚਾੜ੍ਹ ਕੇ ਇਨ੍ਹਾਂ ਨੂੰ ਝੂਟੇ ਦੇ ਦਿੱਤੇ ਜਾਂਦੇ ਹਨ ਤੇ ਚੋਣਾਂ ਲੰਘਦਿਆਂ ਹੀ ਇਨ੍ਹਾਂ ਦੀਆਂ ਬੇੜੀਆਂ ਵਿਚ ਉਹੀ ਪੁਰਾਣੇ ਵੱਟੇ ਸੁੱਟ ਦਿੱਤੇ ਜਾਂਦੇ ਹਨ। ਇਕ ਵੋਟ ਪਰਚੀ ਹੀ ਇਨ੍ਹਾਂ ਦੀ ਹੈਸੀਅਤ ਹੈ।

ਅੱਜ ਲੋੜਾਂ ਦੀ ਲੋੜ ਇਹ ਹੀ ਹੈ ਕਿ ਜੇ ਸੱਤਾ ਬਦਲਦੀ ਹੈ ਤਾਂ ਲੋਕਾਂ ਦੀ ਤਕਦੀਰ ਵੀ ਬਦਲੇ। ਇਹ ਤਾਂ ਹੀ ਸੰਭਵ ਹੈ ਜੇ ਪ੍ਰਮੁੱਖ ਸਿਆਸੀ ਧਿਰਾਂ ਲੋਕ-ਪੱਖੀ ਸਿਆਸਤ ਵੱਲ ਮੋੜਾ ਕੱਟਣ ਤੇ ਲੋਕ ਜਾਗਰੂਕ ਹੋਣ। ਲੋਕਾਂ ਦੀ ਸਿਆਸੀ ਪਾਰਟੀਆਂ ਤੇ ਇਨ੍ਹਾਂ ਦੇ ਆਗੂਆਂ ਪ੍ਰਤੀ ਬੜੀ ਨਰਮ ਪਹੁੰਚ ਹੀ ਲੋਕ ਵਿਰੋਧੀ ਸਿਆਸਤ ਲਈ ਆਕਸੀਜਨ ਮੁਹੱਈਆ ਕਰਵਾ ਰਹੀ ਹੈ।

ਸਾਫ ਗੱਲ ਇਹ ਹੈ ਕਿ ਆਪਣਾ ਮੁਲਕ ਆਜ਼ਾਦ ਹੋ ਕੇ ਵੀ ਆਜ਼ਾਦ ਨਹੀਂ ਹੈ। ਜਿਸ ਮੁਲਕ ਵਿਚ ਸਿਆਸੀ ਆਜ਼ਾਦੀ ਨਾ ਹੋਵੇ, ਉਹ ਹਰ ਖੇਤਰ ਵਿਚ ਹੀ ਗੁਲਾਮ ਹੋਇਆ ਕਰਦਾ ਹੈ। ਮੁਲਕ ਦੀ ਸਿਆਸਤ ਵਿਚ ਵਿਚਰਦੇ ਸਾਡੇ ਆਗੂ ਉਹ ਕਠਪੁਤਲੀਆਂ ਹਨ, ਜਿਨ੍ਹਾਂ ਨੂੰ ਨਚਾਉਣ ਵਾਲੇ ਦਾ ਚਿਹਰਾ ਪਰਦੇ ਪਿੱਛੇ ਹੈ। ਮੁਲਕ ਦੀ ਮਹਾਂ ਪੰਚਾਇਤ ਵਿਚ ਲੋਕਾਂ ਦੇ ਅਸਲੀ ਨੁਮਾਇੰਦੇ ਨਹੀਂ ਹਨ। ਇਹ ਮੁਲਕ ਦੀ ਕੁਲ ਜਨਤਾ ਵਿਚੋਂ ਸਿਰਫ 15 ਤੋਂ 20 ਫੀਸਦੀ ਲੋਕਾਂ ਦੀਆਂ ਵੋਟਾਂ ਨਾਲ ਵਿਧਾਨ ਸਭਾਵਾਂ/ਸੰਸਦ ਵਿਚ ਪਹੁੰਚਦੇ ਹਨ। ਮੁਲਕ ਦੀ 80 ਫੀਸਦੀ ਜਨਤਾ ਦੀ ਇਹ ਪਸੰਦ ਨਹੀਂ ਹਨ। ਇਕ ਟੀ.ਵੀ. ਚੈਨਲ ਦੇ ਸਰਵੇਖਣ ਅਨੁਸਾਰ ਤਾਂ 70 ਫੀਸਦੀ ਦਰਸ਼ਕਾਂ ਦਾ ਇਹ ਵਿਚਾਰ ਸੀ ਕਿ ਭਾਰਤ 'ਤੇ ਦਲਾਲ, ਅਪਰਾਧੀ ਅਤੇ ਭਟਕੇ ਹੋਏ ਸਿਆਸੀ ਲੀਡਰ ਰਾਜ ਕਰ ਰਹੇ ਹਨ। ਗੱਲਾਂ ਦੀ ਗੱਲ ਇਹ ਹੈ ਕਿ ਪੰਜਾਬ ਵਿਚ ਸਰਕਾਰ ਕਿਸੇ ਵੀ ਧਿਰ ਦੀ ਬਣੇ, ਲੋਕਾਂ 'ਤੇ ਹਰ ਹਾਲ ਵਿਚ ਨਵੇਂ ਤੋਂ ਨਵੇਂ ਭਾਰ ਪੈਣੇ ਹੀ ਪੈਣੇ ਹਨ ਕਿਉਂਕਿ ਸੱਤਾ ਵਿਚਲੀ ਧਿਰ ਤੇ ਸੱਤਾ ਵਿਚ ਆਉਣ ਲਈ ਵਾਰੀ ਦੀ ਉਡੀਕ ਕਰ ਰਹੀਆਂ ਧਿਰਾਂ ਦੀਆਂ ਆਰਥਿਕ ਅਤੇ ਹੋਰ ਨੀਤੀਆਂ ਵਿਚ ਰੱਤੀ ਭਰ ਵੀ ਫ਼ਰਕ ਨਹੀਂ ਹੈ। ਪੰਜਾਬੀਆਂ ਨੂੰ ਆਪਣੀ ਵੋਟ ਦੀ ਤਾਕਤ ਦਿਖਾਉਣ ਦਾ ਫੇਰ ਮੌਕਾ ਮਿਲਿਆ ਹੈ, ਜੇ ਫੇਰ ਉਕਾਈ ਹੋਈ ਤਾਂ ਪੰਜ ਸਾਲ ਹੋਰ ਗ਼ੁਲਾਮੀ ਦਾ ਦੌਰ। ਸੋ, ਝੂਠੇ ਵਾਅਦਿਆਂ 'ਤੇ ਯਕੀਨ ਕਰਨ ਦੀ ਬਜਾਏ, ਲਾਜ਼ਿਮ ਹੈ ਸੱਚ ਦੇ ਰੂਬਰੂ ਹੋਣਾ।

# ਆ ਗਿਆ ਪਰਖ ਦਾ ਵੇਲ਼ਾ

**ਕਿਸੇ ਵੇਲੇ ਆਮ ਆਦਮੀ ਪਾਰਟੀ ਨੇ ਚੋਖੀ ਆਸ ਜਗਾਈ ਸੀ ਕਿ ਇਹ ਕਾਂਗਰਸ ਜਾਂ ਅਕਾਲੀ ਦਲ ਦੇ ਮੁਕਾਬਲੇ ਜ਼ਰਾ ਜ਼ਿਆਦਾ ਇਖ਼ਲਾਕਪ੍ਰਸਤ ਸਾਬਤ ਹੋਵੇਗੀ ਅਤੇ ਇੱਕ ਨਿਵੇਕਲੀ ਸਿਆਸਤ ਦਾ ਆ.ਗਾਜ਼ ਕਰੇਗੀ। ਉਹ ਵੇਲਾ ਵੀ ਕਿੱਧਰੇ ਹੀ ਗਿਆ ਅਤੇ ਆਸ ਵੀ। ਭਾਵੇਂ ਵੋਟਰ ਹਾਲੇ ਵੀ ਬਦਲਾਅ ਦੇ ਖ਼ਿਆਲ ਦੇ ਮਿਕਨਾਤੀਸੀ ਪ੍ਰਭਾਵ ਹੇਠ ਹਨ ਪਰ ਆਮ ਆਦਮੀ ਪਾਰਟੀ ਹੁਣ ਆਪਣੀ ਚਮਕ-ਦਮਕ ਗੁਆ ਬੈਠੀ ਹੈ। ਇਨ੍ਹਾਂ ਹਾਲਤਾਂ ਵਿੱਚ ਭਾਜਪਾ ਕਸੂਤੀ ਸਥਿਤੀ ਵਿੱਚ ਫਸ ਗਈ ਹੈ। ਉੱਤਰ ਪ੍ਰਦੇਸ਼ ਵਿੱਚ ਪ੍ਰਧਾਨ ਮੰਤਰੀ ਵੋਟਰਾਂ ਨੂੰ ਤਬਦੀਲੀ ਦਾ ਜ਼ਾਇਕਾ ਚੱਖਣ ਲਈ ਅਪੀਲ ਕਰ ਰਹੇ ਹਨ ਜਦੋਂਕਿ ਪੰਜਾਬ ਵਿੱਚ ਉਹ ਯਥਾ-ਸਥਿਤੀ ਦੇ 'ਬੁੱਲੇ ਲੁੱਟਣ' ਲਈ ਹੋਕਾ ਦੇਣਗੇ।**

**ਹਰੀਸ਼ ਖਰੇ**





ਚਿੱਤਰ: ਸੰਦੀਪ ਜੋਸ਼ੀ

ਚਾਰ ਫਰਵਰੀ ਦੇ ਦਿਨ ਪੰਜਾਬੀ ਲੋਕ ਫਿਰ ਕਤਾਰਾਂ ਵਿੱਚ ਲੱਗੇ ਦਿਖਾਈ ਦੇਣਗੇ- ਇਹ ਫ਼ੈਸਲਾ ਕਰਨ ਲਈ ਕਿ ਅਗਲੇ ਪੰਜ ਸਾਲਾਂ ਲਈ ਉਨ੍ਹਾਂ ਦੇ ਹਾਕਮ ਕੌਣ ਹੋਣਗੇ। ਕੀ ਉਹ ਇਮਾਨਦਾਰੀ ਨਾਲ ਇਹ ਚੋਣ ਕਰਨ ਲਈ ਆਤਮ ਵਿਸ਼ਵਾਸ ਜੁਟਾ ਪਾਉਣਗੇ ?

ਇੱਕ ਨਾਗਰਿਕ ਦੇ ਨਜ਼ਰੀਏ ਤੋਂ ਇਹ ਨਿਹਾਇਤ ਜ਼ਰੂਰੀ ਹੈ ਕਿ ਪੰਜਾਬ ਦੀਆਂ ਇਹ ਚੋਣਾਂ ਨਿਰਪੱਖ ਅਤੇ ਸਾਫ਼-ਸੁਥਰੇ ਢੰਗ ਨਾਲ ਨੇਪਰੇ ਚੜ੍ਹਨ। ਇਹ ਜ਼ਿੰਮੇਵਾਰੀ ਚੋਣ ਕਮਿਸ਼ਨ ਦੀ ਹੈ। ਪੰਜਾਬ ਵਿੱਚ ਤਾਇਨਾਤ ਇਸ ਦੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਉਹ ਮੁਕਾਮੀ ਪੱਧਰ 'ਤੇ ਪ੍ਰਸ਼ਾਸਨ ਨੂੰ ਬਾਦਲਾਂ ਦੇ ਪ੍ਰਭਾਵ ਤੋਂ ਨਿਜਾਤ ਦਿਵਾਉਣ। ਪਿਛਲੇ ਇੱਕ ਦਹਾਕੇ ਤੋਂ ਅਫ਼ਸਰਸ਼ਾਹੀ, ਪੁਲੀਸ, ਪੰਚਾਇਤੀ ਨਿਜ਼ਾਮ ਅਤੇ ਹੋਰ ਵੀ ਥੱਲੇ ਤਕ ਭਾਵ ਪੂਰੇ ਸਿਸਟਮ ਨੂੰ ਹੀ ਅਕਾਲੀ ਦਲ ਦੀਆਂ ਸਿਆਸੀ ਤਰਜੀਹਾਂ ਅਤੇ ਇਸ ਦੇ ਆਗੂਆਂ ਦੇ ਚੋਜਾਂ 'ਤੇ ਲੋੜਾਂ ਅਨੁਸਾਰ ਢਲਣ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਅਫ਼ਸਰਾਂ ਦੀ ਤਾਂ ਮਰਜ਼ੀ ਵਾਲੀ ਗੱਲ ਕੋਈ ਰਹਿ ਹੀ ਨਹੀਂ ਗਈ ਸੀ। ਲਿਹਾਜ਼ਾ, ਪੰਜਾਬ ਨੂੰ ਬਾਦਲਾਂ ਵੱਲੋਂ ਆਪਣੇ ਕੁਨਬੇ ਦੀ ਜਾਗੀਰ ਬਣਾ ਛੱਡਣ ਦਾ ਇਲਜ਼ਾਮ ਦਸਾਂ ਸਾਲਾਂ ਬਾਅਦ ਵੀ ਇੰਨ-ਬਿੰਨ ਕਾਇਮ ਹੈ।

ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਜਾਣ ਨਾਲ ਹੁਣ ਇਹ ਸੂਰਤਿ-ਹਾਲ ਬਦਲਣੀ ਚਾਹੀਦੀ ਹੈ। ਖ਼ੁਸ਼ਕਿਸਮਤੀ ਨਾਲ ਪੰਜਾਬ ਦੇ ਦੋ ਆਹਲਾਤਰੀਨ ਅਫ਼ਸਰਾਨ-ਮੁੱਖ ਸਕੱਤਰ ਸਰਵੇਸ਼ ਕੌਸ਼ਲ ਅਤੇ ਸੂਬਾ ਪੁਲੀਸ ਮੁਖੀ ਸੁਰੇਸ਼ ਅਰੋੜਾ- ਦੋਵੇਂ ਹੀ ਪੇਸ਼ਾਵਰਾਨਾ ਪਹੁੰਚ ਰੱਖਣ ਵਾਲੇ ਵਿਅਕਤੀ ਹਨ। ਉਨ੍ਹਾਂ ਨੂੰ ਬੁਲਾ ਕੇ ਹਦਾਇਤ ਦਿੱਤੀ ਜਾਵੇਗੀ ਕਿ ਉਹ ਆਪਣੇ ਜੂਨੀਅਰ ਸਹਿਕਰਮੀਆਂ ਨੂੰ ਸਾਰੇ ਹੀ ਉਮੀਦਵਾਰਾਂ ਅਤੇ ਸਿਆਸੀ ਦਲਾਂ ਲਈ ਇੱਕ ਹਮਵਾਰ ਚੋਣ ਮੈਦਾਨ ਮੁਹੱਈਆ ਕਰਨ ਲਈ ਨਿਰਦੇਸ਼ ਦੇਣ। ਜੇ ਇਸ ਚੋਣ ਮੌਸਮ ਦੌਰਾਨ ਇਨ੍ਹਾਂ ਕਰਮਚਾਰੀਆਂ ਦਾ ਵਤੀਰਾ ਸਹੀ ਰਹਿੰਦਾ ਹੈ ਤਾਂ ਬਾਅਦ ਵਿੱਚ ਜ਼ਿਆਦਾ ਪੈਰਵਾਈ ਦੀ ਜ਼ਰੂਰਤ ਨਹੀਂ ਰਹੇਗੀ।

ਅਕਾਲੀਆਂ ਦੇ ਪੱਲੇ ਪਿਛਲੇ ਦਸ ਸਾਲ ਹਕੂਮਤ ਕਰਨ ਦੇ ਨੁਕਸਾਨ ਹੀ ਨੁਕਸਾਨ ਹਨ। ਉਨ੍ਹਾਂ ਦਾ ਕੰਮਕਾਜ ਦਾ ਰਿਕਾਰਡ ਤਾਂ ਫਿਰ ਵੀ ਰਲਿਆ-ਮਿਲਿਆ ਜਿਹਾ ਹੈ ਪਰ ਉਨ੍ਹਾਂ ਦਾ ਅਕਸ ਬੁਰੀ ਤਰ੍ਹਾਂ ਵਿਗੜ ਚੁੱਕਾ ਹੈ। ਕੁਨਬਾ-ਪ੍ਰਸਤੀ ਵਾਲੀ ਸਿਆਸਤ ਦਾ ਹਮੇਸ਼ਾ ਨੁਕਸਾਨ ਹੀ ਹੋਇਆ ਕਰਦਾ ਹੈ ਅਤੇ ਪੰਜਾਬ ਇਸ ਮਾਮਲੇ ਵਿੱਚ ਕੋਈ ਅਪਵਾਦ ਨਹੀਂ ਹੈ।

ਕਿਉਂਕਿ ਪੰਜਾਬ ਨੂੰ ਵਿਆਪਕ ਪੱਧਰ ਦੇ ਸਨਅਤੀਕਰਨ ਅਤੇ ਇਸ ਦੇ ਸਮਾਜਕ ਕਦਰਾਂ-ਕੀਮਤਾਂ ਅਤੇ ਆਰਥਿਕ ਵਿਹਾਰ ਉੱਪਰ ਪੈਣ ਵਾਲੇ ਆਧੁਨਿਕੀਕਰਨ ਦੇ ਪ੍ਰਭਾਵ ਦਾ ਕੋਈ ਤਜਰਬਾ ਨਹੀਂ, ਇਸ ਲਈ ਇੱਥੋਂ ਦੀ ਸਿਆਸੀ ਜਮਾਤ ਹਾਲੇ ਪੁਰਾਤਨ ਸਮੀਕਰਨਾਂ ਦੀ ਕੈਦ ਵਿਚੋਂ ਆਜ਼ਾਦ ਨਹੀਂ ਹੋ ਸਕੀ। ਇਸ ਤੋਂ ਇੱਕ ਗੱਲ ਯਕੀਨੀ ਹੋ ਜਾਂਦੀ ਹੈ ਕਿ ਸਿਆਸਤਦਾਨ ਦਾ ਸਾਰਾ ਜ਼ੋਰ ਸਥਾਨਕ ਪੱਧਰ ਦੇ ਮੁਲਾਜ਼ਮਾਂ ਨੂੰ ਆਪਣੇ ਸਮਰਥਕਾਂ ਦੀ ਮਦਦ ਕਰਨ ਅਤੇ ਵਿਰੋਧੀਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਵਰਤਣ 'ਤੇ ਲੱਗ ਜਾਂਦਾ ਹੈ। ਇਹ ਪਿੰਡ ਪੱਧਰ 'ਤੇ ਨਿਗੂਣੇ ਜਿਹੇ ਭ੍ਰਿਸ਼ਟਾਚਾਰ ਵਿਚ ਲੱਗੇ ਸਿਆਸਤਦਾਨ ਦੀ ਆਮ-ਫ਼ਹਿਮ ਕਹਾਣੀ ਹੈ। ਪਿੰਡ ਪੱਧਰ ਦਾ ਭ੍ਰਿਸ਼ਟਾਚਾਰ ਬਹੁਤ ਹੀ ਕਰੂਪ ਅਤੇ ਇਨਸਾਨੀਅਤ ਤੋਂ ਗਿਰਿਆ ਹੋਇਆ ਹੁੰਦਾ ਹੈ ਕਿਉਂਕਿ ਇਸ ਤੋਂ ਬਚਾਅ ਦੀ ਕੋਈ ਗੁੰਜਾਇਸ਼ ਨਹੀਂ- ਨਾ ਕਰਨ ਵਾਲੇ ਲਈ ਅਤੇ ਨਾ ਹੀ ਇਸ ਦੇ ਸ਼ਿਕਾਰ ਲਈ। ਪੰਜਾਬ ਸਾਮੰਤੀ ਵਫ਼ਾਦਾਰੀਆਂ ਅਤੇ ਨਾਰਾਜ਼ਗੀਆਂ ਦੇ ਚੁੰਗਲ ਵਿੱਚ ਫਸਿਆ ਹੋਇਆ ਹੈ।

ਕਿਸੇ ਵੇਲੇ ਆਮ ਆਦਮੀ ਪਾਰਟੀ ਨੇ ਚੋਖੀ ਆਸ ਜਗਾਈ ਸੀ ਕਿ ਇਹ ਕਾਂਗਰਸ ਜਾਂ ਅਕਾਲੀ ਦਲ ਦੇ ਮੁਕਾਬਲੇ ਜ਼ਰਾ ਜ਼ਿਆਦਾ ਇਖ਼ਲਾਕਪ੍ਰਸਤ ਸਾਬਤ ਹੋਵੇਗੀ ਅਤੇ ਇੱਕ ਨਿਵੇਕਲੀ ਸਿਆਸਤ ਦਾ ਆ.ਗਾਜ਼ ਕਰੇਗੀ। ਉਹ ਵੇਲਾ ਵੀ ਕਿੱਧਰੇ ਹੀ ਗਿਆ ਅਤੇ ਆਸ ਵੀ। ਭਾਵੇਂ ਵੋਟਰ ਹਾਲੇ ਵੀ ਬਦਲਾਅ ਦੇ ਖ਼ਿਆਲ ਦੇ ਮਿਕਨਾਤੀਸੀ ਪ੍ਰਭਾਵ ਹੇਠ ਹਨ ਪਰ ਆਮ ਆਦਮੀ ਪਾਰਟੀ ਹੁਣ ਆਪਣੀ ਚਮਕ-ਦਮਕ ਗੁਆ ਬੈਠੀ ਹੈ।

ਇਨ੍ਹਾਂ ਹਾਲਤਾਂ ਵਿੱਚ ਭਾਜਪਾ ਕਸੂਤੀ ਸਥਿਤੀ ਵਿੱਚ ਫਸ ਗਈ ਹੈ। ਉੱਤਰ ਪ੍ਰਦੇਸ਼ ਵਿੱਚ ਪ੍ਰਧਾਨ ਮੰਤਰੀ ਵੋਟਰਾਂ ਨੂੰ ਤਬਦੀਲੀ ਦਾ ਜ਼ਾਇਕਾ ਚੱਖਣ ਲਈ ਅਪੀਲ ਕਰ ਰਹੇ ਹਨ ਜਦੋਂਕਿ ਪੰਜਾਬ ਵਿੱਚ ਉਹ ਯਥਾ-ਸਥਿਤੀ ਦੇ 'ਬੁੱਲੇ ਲੁੱਟਣ' ਲਈ ਹੋਕਾ ਦੇਣਗੇ। ਕੇਂਦਰ ਵਿੱਚ ਬਤੌਰ ਹਾਕਮ ਪਾਰਟੀ ਭਾਜਪਾ ਨਵੀਨਤਾ ਦਾ ਰਾਗ਼ ਅਲਾਪੇਗੀ ਅਤੇ ਪੰਜਾਬ ਵਿੱਚ ਇਹ ਪੁਰਾਤਨ ਨਿਜ਼ਾਮ ਦੀ ਕਸੀਦਾਗੋਈ ਕਰਨਾ ਚਾਹੇਗੀ। ਪਰ ਫਿਰ ਵੀ ਇਹ ਸਭ ਤਾਂ ਵੋਟਰ ਦੀ ਸੂਝ-ਬੂਝ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਵੇਂ ਇਨ੍ਹਾਂ ਆਗੂਆਂ ਅਤੇ ਇਨ੍ਹਾਂ ਦੇ ਦੰਭ ਨੂੰ ਸਮਝਦਾਰੀ ਦੇ ਛੱਜ ਵਿੱਚ ਪਾ ਕੇ ਛੰਡਦਾ ਹੈ।

ਮੈਨੂੰ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਸਾਬਕਾ ਥਲ ਸੈਨਾ ਮੁਖੀ ਜੇ.ਜੇ. ਸਿੰਘ ਨੇ ਪਟਿਆਲੇ ਤੋਂ ਆਪਣਾ ਨਾਮ ਕੈਪਟਨ ਅਮਰਿੰਦਰ ਸਿੰਘ ਦੇ ਮੁਕਾਬਲੇ ਬਤੌਰ ਅਕਾਲੀ ਦਲ ਉਮੀਦਵਾਰ ਚੋਣ ਲੜਨ ਲਈ ਤਜਵੀਜ਼ ਕਰਨ ਦੀ ਹਾਮੀ ਕਿਵੇਂ ਭਰ ਦਿੱਤੀ। ਕੋਈ ਵੀ ਇਹ ਗੱਲ ਯਕੀਨ ਨਾਲ ਨਹੀਂ ਕਹਿ ਸਕਦਾ ਸੀ ਕਿ ਉਹ ਪਟਿਆਲੇ ਤੋਂ ਚੋਣ ਲੜਨ ਜਾਂ ਚੁਣੇ ਜਾਣ ਲਈ ਸਹਿਮਤ ਹੋ ਜਾਣਗੇ। ਖ਼ੈਰ, ਜੋ ਵੀ ਹੈ, ਇਹ ਲੱਗਦਾ ਬੜਾ ਅਜੀਬ ਹੈ। ਇਸ ਲਈ ਨਹੀਂ ਕਿ ਉਨ੍ਹਾਂ ਨੇ ਕਿਸੇ ਖ਼ਾਸ ਸਿਆਸੀ ਦਲ ਦੇ ਪ੍ਰਤੀ ਆਪਣਾ ਝੁਕਾਅ ਦਰਸਾਇਆ ਹੈ ਬਲਕਿ ਇਸ ਲਈ ਇਹ ਮੁਕਾਬਲਾ ਬੇਹਿਸਾਬਾ ਜਿਹਾ ਹੋਵੇਗਾ। ਇੱਕ ਸਾਬਕਾ ਸੈਨਾ ਮੁਖੀ ਆਪਣਾ ਕੱਦਬੁੱਤ ਇੱਕ ਵਿਧਾਨ ਸਭਾ ਉਮੀਦਵਾਰ ਦੇ ਪੱਧਰ ਤਕ ਲੈ ਆਉਣ ਬਾਰੇ ਸੋਚੇ! ਬਿਲਕੁਲ ਅਨੋਖੀ ਅਤੇ ਬਿਆਨੋਂ ਬਾਹਰੀ ਲੱਗਦੀ ਹੈ ਇਹ ਗੱਲ। ਲੋਕ ਸਭਾ ਸੀਟ ਲਈ ਉਮੀਦਵਾਰੀ ਪੇਸ਼ ਕੀਤੀ ਹੁੰਦੀ ਤਾਂ ਕੋਈ ਗੱਲ ਸਮਝ ਵਿੱਚ ਵੀ ਆਉਂਦੀ ਪਰ ਅਸੈਂਬਲੀ ਸੀਟ ? ਪੰਜਾਬ ਵਿੱਚ ਸ਼ਾਸਨ ਅਤੇ ਸਿਆਸਤ ਦੇ ਨਵੇਂ ਮਿਆਰ ਸਿਰਜਣ ਦਾ ਦਾਅਵਾ ਕਰਨ ਵਾਲੀ 'ਆਪ' ਵਰਗੀ ਪਾਰਟੀ ਵੱਲੋਂ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਉਭਾਰਿਆ ਗਿਆ ਹੁੰਦਾ ਤਾਂ ਵੀ ਕੋਈ ਗੱਲ ਪਿੜ ਪੱਲੇ ਪੈਂਦੀ। ਪਰ ਇੱਕ ਅਜਿਹੀ ਪਾਰਟੀ ਦੇ ਉਮੀਦਵਾਰ ਬਣਨਾ ਜਿਹੜੀ ਐਲਾਨੀਆ ਇੱਕੋ ਕੁਨਬੇ ਦੀ ਪਾਰਟੀ ਵਜੋਂ ਬਦਨਾਮ ਹੈ, ਬਹੁਤ ਹੀ ਮਾਯੂਸਕੁਨ ਹੈ। ਇਸ ਗੱਲ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਕਿ ਇਨ੍ਹਾਂ ਚੋਣਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੇ ਚਿਹਰੇ ਵਜੋਂ ਚੋਣਾਂ ਵਿਚ ਨਿੱਤਰਨਗੇ ਅਤੇ ਉਨ੍ਹਾਂ ਤੋਂ ਬਾਅਦ ਅਕਾਲੀ ਗੱਦੀ ਦੇ ਜਾਂਨਸ਼ੀਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੋਣਗੇ।

ਮੰਨਣ ਵਾਲੀ ਗੱਲ ਹੈ ਕਿ ਕਿਸੇ ਨੇ ਵੀ ਕਦੇ ਜੇ.ਜੇ. ਸਿੰਘ ਦੇ ਵਧੀਆ ਜਰਨੈਲ ਹੋਣ 'ਤੇ ਕਿੰਤੂ ਨਹੀਂ ਕੀਤਾ। ਇਸ ਬਾਰੇ ਵੀ ਸਾਰੇ ਸਹਿਮਤ ਹੋਣਗੇ ਕਿ ਜਨਰਲ ਜੇ.ਜੇ. ਸਿੰਘ ਦਿਆਨਤਦਾਰ ਸਿਪਾਹੀ ਸਨ। ਪਰ ਹੁਣ ਜਨਰਲ ਸਾਹਿਬ ਦੀ ਇੱਜ਼ਤ ਆਬਰੂ ਕਿੰਨੇ ਜ਼ੋਖ਼ਮ ਵਿੱਚ ਹੈ, ਇਹ ਸ਼ਾਇਦ ਉਹ ਖ਼ੁਦ ਵੀ ਨਹੀਂ ਜਾਣਦੇ।

ਕੀ ਮਹਿਜ਼ ਸੇਵਾਮੁਕਤ ਹੋ ਜਾਣ ਨਾਲ ਹੀ ਜਰਨੈਲ ਲੋਕ ਆਪਣੇ ਅਹੁਦੇ ਨਾਲ ਜੁੜੀ ਸ਼ਾਲੀਨਤਾ ਦੇ ਮੁਹਾਫ਼ਿਜ਼ ਨਹੀਂ ਰਹਿੰਦੇ ? ਕੀ ਜ਼ਰੂਰੀ ਹੈ ਕਿ ਹਰ ਜਰਨੈਲ ਵੀ.ਕੇ. ਸਿੰਘ ਦੀ ਨਕਲ ਕਰੇ ਜਿਹੜੇ ਅੱਜ-ਕੱਲ੍ਹ ਮਾਮੂਲੀ ਜਿਹੇ ਰਾਜ ਮੰਤਰੀ ਬਣ ਕੇ ਹੀ ਸੰਤੁਸ਼ਟ ਹੋਏ ਬੈਠੇ ਹਨ ? ਮੈਨੂੰ ਇਹ ਸਾਰਾ ਮਾਜਰਾ ਸਮਝ ਹੀ ਨਹੀਂ ਆ ਰਿਹਾ।' ਤੇ ਫਿਰ, ਅਸੀਂ 'ਚੀਫ਼' ਅਤੇ ਉਸ ਦੀ ਪਦਵੀ ਨਾਲ ਜੁੜੀ 'ਇੱਜ਼ਤ' ਦੀ ਵਡਿਆਈ ਕਰਦੇ ਵੀ ਨਹੀਂ ਥੱਕਦੇ।

*'ਪੰਜਾਬੀ ਟ੍ਰਿਬਿਊਨ' ਤੋਂ ਧੰਨਵਾਦ ਸਹਿਤ*

# ਸਿੱਖੀ ਦੇ ਸਨਮੁਖ ਬੁੱਤ ਪੂਜਾ ਦੇ ਰਾਹ ਅਤੇ ਰੂਪ

**ਸਿੱਖ ਜਗਤ ਜੋ ਕਾਫੀ ਹੱਦ ਤੱਕ ਪਹਿਲਾਂ ਹੀ ਬੁੱਤ, ਮਨੁੱਖ ਅਤੇ ਮੂਰਤ ਪੂਜਾ ਦਾ ਆਦੀ ਹੋ ਗਿਆ ਹੈ ਉਹ ਬਿਜਲਈ ਜਗਤ ਦੀ ਮੂਰਤੀ ਪੂਜਾ ਵੱਲ ਵੱਧ ਰਿਹਾ ਹੈ। ਇਸ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਸਿੱਖੀ ਦੀ ਪਰੰਪਰਾ ਵਜੋਂ ਰਾਖੀ ਕਰਨ ਵਾਲੇ ਵੀ ਅਤੇ ਸਿੱਖੀ ਦੀ ਦਲੀਲਪੂਰਨ ਵਿਆਖਿਆ ਕਰਨ ਵਾਲੇ ਵੀ ਕਿੰਨੀ ਵੱਡੀ ਅਤੇ ਸੂਖਮ ਬੇਅਦਬੀ ਵਿਰੁੱਧ ਬੋਲੇ ਨਹੀਂ ਹਨ। ਲਗਭਗ ਸਾਰੀਆਂ ਧਿਰਾਂ ਦੀ ਮੂਕ ਪਰਵਾਨਗੀ ਵੱਡੇ ਖਤਰੇ ਨੂੰ ਸੱਦਾ ਦੇ ਰਹੀ ਹੈ। ਚਾਰ ਸਾਹਿਬਜਾਦੇ ਫਿਲਮ (ਦੇ ਦੋਵੇਂ ਭਾਗਾਂ) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਨਾਮਵਰ ਲੋਕਾਂ ਦੀ ਮਾਨਤਾ (ਜੋ ਫਿਲਮਾਂ ਵਿਚ ਲ਼ਿਖਤੀ ਤੌਰ ਤੇ ਵਿਖਾਈ ਜਾਂਦੀ ਹੈ) ਖਤਰੇ ਨੂੰ ਦਿੱਤਾ ਹੋਇਆ ਸੱਦਾ ਹੈ। ਯਾਦ ਰਹੇ ਕਿ ਬੱਚਿਆਂ ਅਤੇ ਅਣਜਾਣ ਲੋਕਾਂ ਨੂੰ ਨਵੇਂ ਬੁੱਤਾਂ ਰਾਹੀਂ ਸਿੱਖੀ ਬਾਰੇ ਦਿੱਤੀ ਗਈ ਜਾਣਕਾਰੀ ਉਹਨਾਂ ਨੂੰ ਕਦੇ ਵੀ ਇਸ ਨੁਕਤੇ ਤੇ ਪਹੁੰਚਣ ਨਹੀਂ ਦੇਵੇਗੀ ਕਿ ਗੁਰੂ ਸਾਹਿਬ ਬੁਨਿਆਦੀ ਰੂਪ ਵਿਚ ਬੁੱਤ-ਬੰਦੇ ਦੀ ਪੂਜਾ ਦੇ ਵਿਰੁੱਧ ਸਨ।**

**ਸੇਵਕ ਸਿੰਘ**



ਨਵੀਆਂ ਖੋਜਾਂ ਮਨੁੱਖ ਦੇ ਮਨ ਅਤੇ ਸਰੀਰ ਉੱਤੇ ਸੰਸਾਰਕ ਸੁਖਾਂ ਦਾ ਅਸਰ ਵਧੇਰੇ ਪੱਕਾ ਅਤੇ ਗੁੰਝਲ਼ਦਾਰ ਕਰਦੀਆਂ ਹਨ। ਮਨੁੱਖੀ ਇਤਿਹਾਸ ਵਿਚ ਕੁਝ ਖੋਜਾਂ ਐਸੀਆਂ ਹਨ ਜਿਨ੍ਹਾਂ ਨੇ ਅਣਕਿਆਸੇ ਤਰੀਕੇ ਨਾਲ ਮਨੁੱਖੀ ਜੀਵਨ ਅਤੇ ਆਲੇ ਦੁਆਲੇ ਦੇ ਕੁਦਰਤੀ ਚਲਣ (ਵਹਾਅ) ਵਿਚ ਵੀ ਸਦਾ ਲਈ ਫਰਕ ਪਾ ਦਿੱਤਾ ਹੈ।ਇਹਨਾਂ ਫਰਕਾਂ ਦਾ ਸਾਂਝਾ ਅਧਾਰ ਬਿਜਲਈ ਦੁਨੀਆਂ ਹੈ, ਜਿਸ ਦੀ ਸਿੱਖ ਨੁਕਤੇ ਤੋਂ ਚਰਚਾ ਵਜੋਂ ਇਹ ਲਿਖਤ ਹੈ। ਉਝ ਤੇ ਹਰ ਕਾਢ ਨੇ ਬੰਦੇ ਦੀ ਜਿੰਦਗੀ ਤੇ ਅਸਰ ਪਾਇਆ ਹੈ ਪਰ ਬਿਜਲੀ ਦੀ ਖੋਜ ਨਾਲ ਸ਼ੁਰੂ ਹੋਈ ਨਵੀਂ ਜਿੰਦਗੀ ਦੀ ਕਲਪਨਾ ਦਾ ਚੌਖਟਾ ਮਨੁੱਖੀ ਦਿਮਾਗ ਦੇ ਬਦਲ ਵਜੋਂ ਉਪਜੇ ਸੰਦ (ਕੰਪਿਊਟਰ) ਨੇ ਪੂਰਾ ਕਰ ਦਿੱਤਾ। ਜਿਸ ਨੇ ਸਦੀਆਂ ਤੋਂ ਚਲੇ ਆ ਰਹੇ ਮਨੁੱਖੀ ਕਰਮਾਂ, ਉਹਨਾਂ ਦੀ ਵਿਆਖਿਆ ਅਤੇ ਕੀਮਤ ਨੂੰ ਬਦਲ ਦਿੱਤਾ।

**ਕੀਮਤ:** ਮਨੁੱਖਤਾ ਦੇ ਕੁੱਲ ਵਰਤਾਰਿਆਂ ਵਿਚਲੀਆਂ ਵੱਖ ਵੱਖ ਕੀਮਤਾਂ ਅਸਲ ਵਿਚ ਮਨੁੱਖੀ ਮਨ ਵਿਚ ਵਸਦੀ ਕੀਮਤ ਹੀ ਹਨ। ਕੁਦਰਤ ਵਿਚ ਵਾਪਰਦੇ ਵਰਤਾਰਿਆਂ ਅਤੇ ਸ਼ੈਆਂ ਦੀ ਕੀਮਤ ਵੀ ਮਨੁੱਖ ਲਈ ਉਸ ਦੇ ਮਨ ਵਿਚ ਵਸੀ ਕੀਮਤ ਅਨੁਸਾਰ ਹੀ ਹੈ। ਮਨੁੱਖੀ ਮਨ ਵਿਚਲੇ ਕੀਮਤ ਪਰਬੰਧ ਦਾ ਮੂਲ ਧਰਮ ਰੂਪ ਵਿਚ ਵਿਗਸਦਾ ਹੈ। ਜਦੋਂ ਕੰਪਿਊਟਰ ਮਨੁੱਖੀ ਦਿਮਾਗ ਦਾ ਬਦਲ ਬਣ ਗਿਆ ਹੈ ਤਾਂ ਹੁਣ ਸਿਰਫ ਕੀਮਤ ਨਹੀਂ ਬਦਲਣੀ ਸਗੋਂ ਕੀਮਤ ਦਾ ਬਦਲ ਪੈਦਾ ਹੋ ਰਿਹਾ ਹੈ। ਪਹਿਲਾਂ ਹਰ ਕੀਮਤ ਮੁੜ-ਮੁੜ ਕੇ ਧਰਮ ਮੁਤਾਬਿਕ ਤੈਅ ਹੁੰਦੀ ਰਹੀ ਹੈ। ਅੱਜ ਇਕ ਪਾਸੇ, ਮੌਜੂਦਾ ਦੁਨੀਆਂ ਦੀ ਕੁੱਲ ਮੁਸੀਬਤਾਂ/ ਮੁਸ਼ਕਲਾਂ ਦਾ ਹੱਲ ਲੱਭਣ ਵਾਲੇ ਵਿਦਵਾਨ ਅਤੇ ਨੇਤਾ ਵੀ ਅਤੇ ਦੂਜੇ ਪਾਸੇ, ਇਸ ਹਾਲਤ ਨੂੰ ਬਦ ਤੋਂ ਬਦਤਰ ਬਣਾਈ ਰੱਖਣ ਵਾਲੇ ਲੋਭੀ ਅਤੇ ਜਾਲਮ ਵੀ ਆਪਣੇ ਆਪਣੇ ਹਿਸਾਬ ਨਾਲ ਧਰਮ ਦੀ ਕੀਮਤ ਘੜ੍ਹ ਰਹੇ ਹਨ। ਜੋ ਕੀਮਤ ਬਿਜਲਈ ਦੁਨੀਆਂ ਵਿਚ ਅਤੇ ਮਨੁੱਖੀ ਦੁਨੀਆਂ ਵਿਚ ਇਕ ਸਾਰ ਪਰਵਾਨ ਅਤੇ ਲਾਗੂ ਹੋ ਸਕੇ ਇਸ ਦੀ ਉਧੇੜ ਬੁਣ ਵਿਚ ਹਰ ਧਿਰ ਲੱਗੀ ਹੋਈ ਹੈ। ਧਰਮ ਦੀ ਇਕ ਕੀਮਤ (ਵਿਆਖਿਆ) ਦੁਨੀਆਂ ਪੱਧਰ ਤੇ ਘੜ੍ਹੀ ਜਾ ਰਹੀ ਹੈ ਅਤੇ ਦੂਜੀ ਹਰ ਰਾਜਸੀ ਢਾਂਚੇ (ਦੇਸ਼ਾਂ) ਦੀਆਂ ਨਿੱਜੀ/ਸਥਾਨਕ ਲੋੜਾਂ ਅਨੁਸਾਰ ਘੜੀ ਅਤੇ ਫੈਲਾਈ ਜਾ ਰਹੀ ਹੈ। ਇਹਨਾਂ ਪੱਖਾਂ ਦੀ ਮਹੱਤਤਾ ਦੇ ਬਾਵਜੂਦ ਇਸ ਲਿਖਤ ਦਾ ਸਬੰਧ ਸਿੱਖ ਪੱਖ ਤੋਂ ਤਕਨੀਕ ਨੂੰ ਵੇਖਣ ਨਾਲ ਵਧੇਰੇ ਹੈ।

**ਬੁੱਤਾਂ ਵੱਲ ਰਾਹ:** ਜਦੋਂ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸਿੱਖਾਂ ਨੂੰ ਸ਼ਬਦ ਗੁਰੂ ਨੂੰ 'ਗੁਰੂ ਮਾਨਿਓ ਗ੍ਰੰਥ' ਦਾ ਹੁਕਮ ਦਿੱਤਾ ਹੈ ਉਸ ਤੋਂ ਛੇਤੀ ਬਾਅਦ ਹੀ ਪੰਥ ਅੰਦਰ ਗੁਰੂ ਦੇ ਸ਼ਬਦ ਰੂਪ ਦੀ ਥਾਂ ਮਨੁੱਖ, ਬੁੱਤ ਅਤੇ ਚਿੱਤਰ ਦੇ ਪ੍ਰਚਲਣ ਦੇ ਯਤਨ ਹੁੰਦੇ ਆਏ ਹਨ (ਗੁਰੂ ਸਾਹਿਬ ਦੇ ਵੇਲੇ ਵੀ ਇਹ ਯਤਨ ਹੋਏ ਪਰ ਉਹਨਾਂ ਦੀ ਚਰਚਾ ਇਥੇ ਨਹੀਂ ਕੀਤੀ ਜਾਣੀ)। ਇਸ ਪ੍ਰਸੰਗ ਵਿਚ ਸਭ ਤੋਂ ਪਹਿਲੀ ਵਾਰੀ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਆਉਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖੀ ਅਕੀਦੇ ਮੁਤਾਬਕ ਸ਼ਹਾਦਤ ਦੇਣ ਦੇ ਬਾਵਜੂਦ ਉਹਨਾਂ ਨੂੰ ਇਕ ਪਾਸੇ ਗੁਰੂ ਬਣਨ ਲਈ ਭੰਡਿਆ ਗਿਆ ਅਤੇ ਦੂਜੇ ਪਾਸੇ ਕੁਝ ਲੋਕਾਂ ਵਲੋਂ ਉਹਨਾਂ ਨੂੰ ਇਸ ਰੂਪ ਵਿਚ ਪੂਜਿਆ ਵੀ ਗਿਆ। ਇਕ ਪਾਸੇ ਸ਼ਬਦ ਗੁਰੂ ਤੋਂ ਭਟਕਣ ਦੀ, ਦੂਜੇ ਪਾਸੇ ਭਟਕਿਆਂ ਦਾ ਵਿਰੋਧ ਕਰਦਿਆਂ ਸਤਿਕਾਰਤ ਹਸਤੀ ਨੂੰ ਹੀ ਸ਼ੱਕ ਅਧੀਨ ਕਰਨ ਦੀ ਇਹ ਪਹਿਲੀ ਗਵਾਹੀ ਹੈ। ਉਸ ਸਮੇਂ ਸ਼ੁਰੂ ਹੋਇਆ ਕੰਮ ਹੁਣ ਵੀ ਜਾਰੀ ਹੈ।ਬਿਖੜੇ ਸਮੇਂ ਨੂੰ ਛੱਡ ਕੇ ਜਦੋਂ ਸਿਰਾਂ ਦੇ ਮੁੱਲ ਪੈਂਦੇ ਸਨ, ਉਸ ਤੋਂ ਤੁਰੰਤ ਬਾਅਦ ਇਹ ਕਾਰਜ ਫੇਰ ਸ਼ੁਰੂ ਹੁੰਦਾ ਹੈ। ਹੱਥਲਿਖਤ ਬੀੜਾਂ ਅਤੇ ਜਨਮ ਸਾਖੀਆਂ ਦੇ ਅਗਲੇ-ਪਿਛਲੇ ਪੱਤਰਿਆਂ ਤੇ ਉਸ ਸਮੇਂ ਦੇ ਪੜ੍ਹਿਆਂ ਨੇ ਗੁਰੂ ਸਾਹਿਬ ਦੇ ਚਿੱਤਰ ਬਣਾਉਣੇ ਸ਼ੁਰੂ ਕਰ ਦਿੱਤੇ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੱਕ ਇਸ ਕੰਮ ਨੇ ਪੂਰਾ ਜੋਰ ਫੜ ਲਿਆ ਸੀ। ਇਕ ਪਾਸੇ ਅਕਾਲ ਤਖਤ ਸਾਹਿਬ ਸਮੇਤ ਪ੍ਰਮੁੱਖ ਗੁਰੂਧਾਮਾਂ ਵਿਚ ਚਿੱਤਰਾਂ ਅਤੇ ਅਨਮਤੀ ਰਸਮਾਂ ਦਾ ਜ਼ੋਰ, ਦੂਜੇ ਪਾਸੇ ਦੇਹਧਾਰੀ ਪੂਜਾ ਖਾਸ ਕਰਕੇ ਗੁਰੂ ਪਰਿਵਾਰਾਂ ਨਾਲ ਸਬੰਧਤ ਮਨੁੱਖਾਂ ਦੀ, ਤੀਜੇ ਪਾਸੇ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਬੁੱਤ ਪੂਜਾ ਦਾ ਰੁਝਾਨ ਅਤੇ ਚੌਥੇ ਪਾਸੇ, ਅਨਮਤੀ ਬੁੱਤਾਂ ਦੀ ਪੂਜਾ ਸ਼ੁਰੂ ਹੋਈ। ਇਸ ਸਾਰੇ ਵਰਤਾਰੇ ਵਿਚੋਂ ਸੌ ਸਾਲਾ ਯਾਦਾਂ ਮਨਾਉਣ ਦੇ ਸਰਕਾਰੀ ਰੁਝਾਨ (ਜੋ 1966 ਈਸਵੀ ਤੋਂ ਸ਼ੁਰੂ ਹੋ ਕੇ 2016 ਤੱਕ ਆ ਗਿਆ ਹੈ) ਨੇ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਬੁੱਤ ਪੂਜਾ ਨੂੰ ਵਧੇਰੇ ਵਧਾਇਆ ਹੈ।

## ਤਖਤ ਕੇਸਗੜ੍ਹ ਸਾਹਿਬ

**ਨਵੀਆਂ ਜੜ੍ਹਾਂ:** ਮੌਜੂਦਾ ਭਾਰਤੀ ਹਕੂਮਤ ਦਾ ਖਾਲਸਾ ਪੰਥ ਨਾਲ ਜੋ ਰਿਸ਼ਤਾ ਬਣਦਾ ਹੈ ਉਸ ਦੀ ਨਵੇਂ ਜਮਾਨੇ ਵਾਲੀ ਤਸਵੀਰ ਬੰਗਾਲ ਤੋਂ ਬਣਨੀ ਸ਼ੁਰੂ ਹੁੰਦੀ ਹੈ। ਬੰਗਾਲ ਵਿਚ ਅੰਗਰੇਜ਼ੀ ਰਾਜ ਦੀ ਆਮਦ ਦਾ ਪੰਜਾਬ ਤੱਕ ਪਹੁੰਚਣ ਦਾ ਫਾਸਲਾ ਪੌਣੀ ਸਦੀ ਬਣਦਾ ਹੈ। ਜਿਥੇ ਜਿਥੇ ਮੁਗਲ ਰਾਜ ਸੀ ਓਥੇ ਬਿਪਰ ਸੰਸਕਾਰ ਲਈ ਰੱਬੀ ਵਰਦਾਨ ਬਣ ਕੇ ਬਹੁੜੇ ਅੰਗਰੇਜ਼ੀ ਰਾਜ ਨੇ ਨਾ ਸਿਰਫ ਮੁਗਲ ਰਾਜ ਤੋਂ ਉਹਨਾਂ ਨੂੰ ਛੁਟਕਾਰਾ ਦਿਵਾਇਆ ਸਗੋਂ ਨਵੀਂ ਪਛਾਣ ਲਈ ਰਾਜਸੀ ਸਿਧਾਂਤ ਅਤੇ ਢਾਂਚਾ ਵੀ ਮੁਹਈਆ ਕਰਵਾਇਆ। ਇਸ ਵਿਚ ਸਭ ਤੋਂ ਵੱਡਾ ਅਸਰ ਛਾਪੇਖਾਨੇ ਦਾ ਸੀ, ਜਿਸ ਰਾਹੀ ਸਿੱਖਿਆ, ਪੈਸਾ ਅਤੇ ਧਰਮ ਸਮੇਤ ਕੁੱਲ ਮਾਮਲਿਆਂ ਬਾਰੇ ਪੱਛਮੀ ਗਿਆਨ ਮਾਨਤਾ ਦੀ ਚੜ੍ਹਤ ਹੋਈ। ਇਸ ਚੜ੍ਹਤ ਦੇ ਆਸਰੇ ਬਿਪਰ ਵਿਚਾਰ ਨੇ ਰਾਜਸੀ ਚੇਤਨਾ ਦੇ ਰੂਪ ਵਿਚ ਆਮ ਲੋਕਾਂ ਦੇ ਮਨਾਂ ਵਿਚ ਥਾਂ ਬਣਾਉਣੀ ਸ਼ੁਰੂ ਕੀਤੀ। ਇਸ ਤਰ੍ਹਾਂ ਇਸ ਮਹਾਂਦੀਪ ਵਿਚ ਨਵੀਂ ਚੇਤਨਾ ਦਾ ਮੁੱਢ ਅਸਲ ਵਿਚ ਬਿਪਰ ਚੇਤਨਾ ਨਾਲ ਬੱਝਾ, ਜਿਸ ਦਾ ਅੰਦਾਜਾ (ਐਮ.ਜੇ. ਅਕਬਰ ਅਨੁਸਾਰ) ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਥੇ ਸਦੀਆਂ ਤੋਂ ਰਾਜ ਕਰਨ ਵਾਲੇ ਮੁਸਲਮਾਨਾਂ ਨੇ ਵੀ ਨਵੇਂ ਗਿਆਨ ਅਧੀਨ ਆਪਣੇ ਆਪ ਨੂੰ ਘੱਟ ਗਿਣਤੀ ਸਮਝਿਆ।

ਪੰਜਾਬ ਵਿਚ ਅੰਗਰੇਜ਼ੀ ਰਾਜ ਭਾਵੇਂ ਸਭ ਤੋਂ ਬਾਅਦ ਵਿਚ ਆਇਆ ਪਰ ਰਾਜਸੀ ਮੁਹਾਂਦਰੇ ਵਾਲੀ ਬਿਪਰ ਚੇਤਨਾ ਸਭ ਤੋਂ ਪਹਿਲਾਂ ਆਈ। ਆਰੀਆ ਸਮਾਜ ਲਹਿਰ ਦੀ ਪੰਜਾਬ ਵਿਚ ਆਮਦ ਛਾਪੇਖਾਨੇ ਅਤੇ ਸਿਖਿਆ ਪ੍ਰਬੰਧ ਵਰਗੇ ਅਹਿਮ ਪਰਬੰਧਾਂ ਰਾਹੀਂ ਹੋਈ। ਯਾਦ ਰਹੇ ਕਿ ਆਰੀਆ ਸਮਾਜ ਦਾ ਸਿੱਖਾਂ ਵਿਚ ਪਰਚਲਤ ਹੋਣ ਦਾ ਇਕ ਕਾਰਨ ਮੂਰਤੀ ਪੂਜਾ ਦਾ ਵਿਰੋਧ ਵੀ ਸੀ। ਸਿੰਘ ਸਭਾ ਲਹਿਰ ਨੇ ਦੇਹਧਾਰੀ ਪੂਜਾ ਅਤੇ ਬੁੱਤ ਪੂਜਾ ਨੂੰ ਤਾਂ ਠੱਲ੍ਹ ਪਾ ਲਈ ਪਰ ਛਾਪੇਖਾਨੇ ਦੀ ਸਹਾਇਤਾ ਨਾਲ ਚਲਣ ਵਾਲੀ ਇਹ ਲਹਿਰ, ਇਸੇ ਕਾਢ (ਛਾਪੇਖਾਨੇ) ਦੇ ਆਸਰੇ ਨਾਲ ਫੈਲਣ ਵਾਲੀ ਚਿਤਰ ਪੂਜਾ ਨੂੰ ਪੂਰੀ ਤਰ੍ਹਾਂ ਠੱਲ ਨਾ ਪਾ ਸਕੀ।




ਇਸ ਦੇ ਕਈ ਵੱਡੇ ਕਾਰਨ ਸਨ:

ਇਕ ਤਾਂ ਸ਼ਬਦ ਗੁਰੂ ਦੇ ਵਿਰੋਧੀ ਧੜੇ ਦੀ ਪਹੁੰਚ ਛਾਪੇਖਾਨੇ ਤੱਕ ਬਹੁਤ ਪਹਿਲਾਂ ਅਤੇ ਵਧੇਰੇ ਹੋਣ ਕਰਕੇ ਨਵੇਂ ਜਮਾਨੇ ਦਾ ਚੇਤਨਾ ਪ੍ਰਵਾਹ (ਸਿੱਖਾਂ ਦੇ ਸੁਚੇਤ ਹੋਣ ਤੋਂ) ਪਹਿਲਾਂ ਬਿਪਰ ਵਰਤਾਰੇ ਅਧੀਨ ਹੋ ਗਿਆ ਸੀ।

ਦੂਜਾ, ਮਨੁੱਖ ਦੀ ਮਾਦਾਪ੍ਰਸਤੀ ਹੋਣ ਦੀ ਕਮਜ਼ੋਰੀ ਕਰਕੇ ਸਿੰਘ ਸਭਾ ਲਹਿਰ ਦੇ ਕੁੱਲ ਯਤਨਾਂ ਦੇ ਬਾਵਜੂਦ ਸਿੱਖਾਂ ਅੰਦਰ ਆਈਆਂ ਕੁਰੀਤੀਆਂ ਕਰਕੇ ਬੁੱਤ ਅਤੇ ਮਨੁੱਖ ਦੀ ਪੂਜਾ ਨੂੰ ਕਾਫੀ ਹਿਮਾਇਤ ਮਿਲਦੀ ਰਹੀ।

ਤੀਜਾ, ਜਦੋਂ ਸਿੰਘ ਸਭਾ ਲਹਿਰ ਨੇ ਗੁਰੂ ਧਾਮਾਂ ਨੂੰ ਦੇਹਧਾਰੀਆਂ, ਬੁੱਤਾਂ ਅਤੇ ਚਿਤਰਾਂ ਤੋਂ ਮੁਕਤ ਕਰਾਉਣਾ ਸ਼ੁਰੂ ਕੀਤਾ ਤਾਂ ਕੁਝ ਸਮੇਂ ਬਾਅਦ ਹੀ ਭਾਰੂ ਚੇਤਨਾ ਪ੍ਰਵਾਹ ਦੇ ਰਾਜਸੀ ਹੱਲੇ ਨਾਲ ਇਹ ਧਾਰਮਿਕ ਚੇਤਨਾ ਦੀ ਲਹਿਰ (ਜਿਸ ਨੇ ਆਪਣੇ ਸਿਖਰ ਵਜੋਂ ਰਾਜਸੀ ਰੂਪ ਧਾਰਨ ਕਰਨਾ ਸੀ ਉਹ) ਸਮੇਂ ਤੋਂ ਪਹਿਲਾਂ ਹੀ ਖਤਮ ਹੋ ਗਈ। ਸਿੰਘ ਸਭਾ ਲਹਿਰ ਵਲੋਂ ਜਿਸ ਗਲਬੇ ਤੋਂ ਸਿੱਖ ਸਮਾਜ ਅਤੇ ਗੁਰੂਧਾਮਾਂ ਨੂੰ ਧਾਰਮਿਕ ਪੱਧਰ ਤੇ ਮੁਕਤ ਕਰਾਇਆ ਜਾ ਰਿਹਾ ਸੀ, ਉਸ ਗਲਬੇ ਨੇ ਹੀ (ਜੋ ਪਹਿਲਾਂ ਰਾਜਸੀ ਤੌਰ ਤੇ ਚੇਤੰਨ ਸੀ) ਸਿੱਖਾਂ ਦੇ ਵੱਡੇ ਹਿੱਸੇ ਨੂੰ ਆਪਣੀ (ਬਿਪਰ ਸੰਸਕਾਰ ਦੀ) ਸਮਾਜਿਕ ਧਾਰਮਿਕ ਹਸਤੀ ਨੂੰ ਪੱਕਾ (ਰਾਜਸੀ) ਰੂਪ ਦੇਣ ਦੀ ਮੁਹਿੰਮ ਦਾ ਸ਼ਰੀਕ ਬਣਾ ਲਿਆ।

ਇਸ ਇਤਿਹਾਸਕ ਮੋੜੇ ਨੇ ਪੰਥ ਦੇ ਸਿਧਾਂਤਕ, ਇਤਿਹਾਸਕ ਅਤੇ ਸਭਿਆਚਰਕ ਪਹਿਲੂਆਂ ਨੂੰ ਗੰਧਲਾਇਆ ਹੀ ਨਹੀਂ ਸਗੋਂ ਉਸ ਬਿਪਰ ਗਲਬੇ ਨੂੰ ਪੱਕਿਆਂ ਵੀ ਕੀਤਾ ਜਿਸ ਤੋਂ ਛੁਟਕਾਰਾ ਪਾਉਣਾ ਸੀ। ਬਿਪਰ ਧਿਰ ਨੇ ਇਕ ਪਾਸੇ ਸਿੱਖ ਭਾਵਨਾ ਨੂੰ ਧਾਰਮਿਕ ਨੁਕਤੇ ਤੋਂ ਆਪਣੇ ਹੱਕ ਵਿਚ ਢਾਲਣ ਦੀ ਸਫਲਤਾ ਹਾਸਲ ਕੀਤੀ ਜਿਸ ਨਾਲ ਅੰਗਰੇਜਾਂ ਅਤੇ ਮੁਸਲਮਾਨਾਂ ਦੇ ਖਿਲਾਫ ਹਿੰਦੂ ਸਿੱਖ ਭਾਈ ਭਾਈ ਕਰ ਲਏ ਅਤੇ ਦੂਜੇ ਪਾਸੇ ਸਿੱਖ ਚੇਤਨਾ ਦੇ ਦ੍ਰਿੜ ਹਿੱਸੇ (ਜੋ ਵੱਖਰੀ ਸਿੱਖ ਪਛਾਣ ਦੇ ਯਤਨ ਕਰਦੇ ਸਨ) ਦੇ ਯਤਨਾਂ ਨੂੰ ਅੰਗਰੇਜ਼ਾਂ ਦੀ ਚਾਲ ਸਿੱਧ ਕਰਨ ਦੀ ਬਹੁਪੱਖੀ ਮੁਹਿੰਮ ਵੀ ਤੋਰੀ (ਇਹ ਵੱਖਰੇ ਲੇਖ ਦਾ ਮਸਲਾ ਹੈ)।

ਇਹ ਪੈਂਤੜਾ ਇਸ ਮਹਾਂਦੀਪ ਦੀਆਂ (ਸਿੱਖਾਂ ਸਮੇਤ) ਬਾਕੀ ਸਭ ਧਿਰਾਂ ਨਾਲ ਵੀ ਖੇਡਿਆ ਗਿਆ ਪਰ ਸਿੱਖਾਂ ਦੇ ਮਾਮਲੇ ਵਿਚ ਇਹ ਵਧੇਰੇ ਸਫਲ ਰਿਹਾ। ਸਿੱਖਾਂ ਦੇ ਮਾਤ ਖਾ ਜਾਣ ਦੇ ਦੋ ਵੱਡੇ ਕਾਰਨ ਸਨ ਇਕ ਤਾਂ ਸਿੱਖਾਂ ਦਾ ਮੁਸਲਮਾਨਾਂ ਨਾਲ ਖੂਨੀ ਸੰਘਰਸ਼ ਦਾ ਇਤਿਹਾਸ ਜੋ ਹਿੰਦੂ ਸਿੱਖਾਂ ਨੂੰ ਉਹਨਾਂ ਦੇ ਖਿਲਾਫ ਇਕੱਠੇ ਕਰਦਾ ਸੀ, ਜਿਸ ਦੀ ਵੱਡੀ ਮਿਸਾਲ 1947 ਦੀ ਵੰਡ ਵੇਲੇ ਮਿਲਦੀ ਹੈ। ਦੂਜਾ ਕਾਰਨ ਸੀ ਪੱਛਮੀ ਗਿਆਨ ਪ੍ਰਬੰਧ ਦਾ ਬਿਪਰ ਢਾਂਚੇ ਨੂੰ ਸਿੱਖਾਂ ਦੇ ਮੁਕਾਲਬਲੇ ਵਧੇਰੇ ਸੂਤ ਬੈਠਣਾ, ਜਿਸ ਵਿਚ ਉਹ ਸਿੱਖਾਂ ਨਾਲੋਂ ਇਕ ਸਦੀ ਪਹਿਲਾਂ ਵੜੇ।

**ਗਿਆਨ ਕੇਂਦਰ:** ਪਿਛਲੇ ਸਾਲ ਜੂਨ ਮਹੀਨੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹਾਦਤ ਦਾ 300 ਸਾਲਾਂ ਦਿਹਾੜਾ ਸੀ।ਇਸ ਕਰਕੇ ਪਹਿਲੀਆਂ ਸਤਾਬਦੀਆਂ ਵਾਂਗ ਬਹੁਤ ਸਾਰੀ ਖੋਜ ਅਤੇ ਵਿਖਾਵਾ ਹੋਇਆ। ਕੁਝ ਸਮਾਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸੇ ਸੌ ਸਾਲਾਂ ਯਾਦ ਅਧੀਨ ਬਾਬਾ ਬੰਦਾ ਸਿੰਘ ਬਹਾਦਰ ਨੂੰ ਪਾਤਰ ਰੂਪ ਵਿਚ ਪੇਸ਼ ਕਰਨ ਵਾਲੇ ਨਾਟਕ ਦਾ ਵਿਰੋਧ ਹੋਇਆ। ਨਿੱਤ ਅਨੇਕਾਂ ਛੋਟੇ-ਵੱਡੇ ਵਿਰੋਧ ਵੇਖਣ ਵਾਲੇ ਪੰਜਾਬ ਵਿਚ ਇਸ ਛੋਟੇ ਜਿਹੇ ਵਿਰੋਧ ਅਤੇ ਵਿਰੋਧ ਦੇ ਵਿਰੋਧ ਦੀ ਚਰਚਾ ਕਰਨੀ ਬਣਦੀ ਹੈ। ਇਥੇ ਇਸ ਚਰਚਾ ਕਰਨ ਦੇ ਦੋ ਕਾਰਨ ਹਨ:

ਪਹਿਲਾ, ਅਜੋਕੇ ਸਮੇਂ ਵਿਚ ਯੂਨੀਵਰਸਿਟੀਆਂ ਨੂੰ ਗਿਆਨ ਦੇ ਸਭ ਤੋਂ ਸਰਬੋਤਮ ਅਦਾਰੇ ਮੰਨਿਆ ਜਾਂਦਾ ਹੈ। ਇਹ ਚਰਚਾ ਇਸ ਕਰਕੇ ਵੀ ਜ਼ਿਕਰਯੋਗ ਹੈ ਕਿ ਇਸ ਨਾਟਕ ਦਾ ਲਿਖਤ ਰੂਪ ਇਤਿਹਾਸ ਦੇ ਇਕ ਪ੍ਰੋਫੈਸਰ ਨੇ ਤਿਆਰ ਕੀਤਾ/ ਕਰਵਾਇਆ ਸੀ। "ਪੰਜਾਬੀ ਟ੍ਰਿਬਿਊਨ" ਵਿਚ ਛਪੀ ਖਬਰ ਮੁਤਾਬਿਕ ਨਾਟਕ ਦੇ ਲੇਖਕ ਪ੍ਰੋਫੈਸਰ ਸਾਹਿਬ ਨੇ ਇਸ ਵਿਰੋਧ ਬਾਰੇ ਕਿਹਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਸਾਡੇ ਜਰਨੈਲ ਸਨ ਉਹ ਗੁਰੂ ਨਹੀਂ ਸਨ, ਇਸ ਕਰਕੇ ਉਹਨਾਂ ਨੂੰ ਪਾਤਰ ਵਜੋਂ ਵਿਖਾਇਆ ਜਾ ਸਕਦਾ ਹੈ।

ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸੇ ਮਸਲੇ ਬਾਰੇ ਬਣਾਈ ਕਮੇਟੀ ਦੇ ਵਿਦਵਾਨ ਪ੍ਰੋਫ਼ੈਸਰਾਂ ਨੇ ਇਹ ਮਾਨਤਾ ਪ੍ਰਵਾਨ ਕਰ ਦਿੱਤੀ ਕਿ ਸ਼ਹੀਦਾਂ ਨੂੰ ਪਾਤਰ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ । ਯੂਨੀਵਰਸਿਟੀ ਵਿਦਵਾਨਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਹੀਦਾਂ ਨੂੰ ਪੁਤਲੀਆਂ ਵਜੋਂ ਵਿਖਾਉਣ ਦੀ ਤਾਜਾ ਮਾਨਤਾ ਨੇ ਪਿਛਲੀ ਸਦੀ ਤੋਂ ਤੁਰੀ ਆ ਰਹੀ ਚਰਚਾ ਨੂੰ ਮੁੜ ਭਖਾਇਆ ਹੈ ਕਿ ਸਿਧਾਂਤਕ ਅਤੇ ਇਤਿਹਾਸਕ ਰੂਪ ਵਿਚ ਬੁੱਤ ਅਤੇ ਬੰਦੇ ਦੀ ਪੂਜਾ ਦੇ ਵਿਰੋਧੀ ਖਾਲਸਾ ਪੰਥ ਨੂੰ ਪੁਰਾਣੀ ਬੁੱਤ ਪੂਜਾ ਤੋਂ ਛੁਟਕਾਰਾ ਪਾਉਣ ਤੋਂ ਪਹਿਲਾਂ ਹੀ ਪੈਦਾ ਹੋਈ ਨਵੀਂ ਕਿਸਮ ਦੀ ਬੁੱਤ ਪੂਜਾ ਨੂੰ ਕਿਵੇ ਲਵੇ ?

ਸਿੱਖ ਜਗਤ ਜੋ ਕਾਫੀ ਹੱਦ ਤੱਕ ਪਹਿਲਾਂ ਹੀ ਬੁੱਤ, ਮਨੁੱਖ ਅਤੇ ਮੂਰਤ ਪੂਜਾ ਦਾ ਆਦੀ ਹੋ ਗਿਆ ਹੈ ਉਹ ਬਿਜਲਈ ਜਗਤ ਦੀ ਮੂਰਤੀ ਪੂਜਾ ਵੱਲ ਵੱਧ ਰਿਹਾ ਹੈ। ਇਸ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਸਿੱਖੀ ਦੀ ਪਰੰਪਰਾ ਵਜੋਂ ਰਾਖੀ ਕਰਨ ਵਾਲੇ ਵੀ ਅਤੇ ਸਿੱਖੀ ਦੀ ਦਲੀਲਪੂਰਨ ਵਿਆਖਿਆ ਕਰਨ ਵਾਲੇ ਵੀ ਕਿੰਨੀ ਵੱਡੀ ਅਤੇ ਸੂਖਮ ਬੇਅਦਬੀ ਵਿਰੁੱਧ ਬੋਲੇ ਨਹੀਂ ਹਨ। ਲਗਭਗ ਸਾਰੀਆਂ ਧਿਰਾਂ ਦੀ ਮੂਕ ਪਰਵਾਨਗੀ ਵੱਡੇ ਖਤਰੇ ਨੂੰ ਸੱਦਾ ਦੇ ਰਹੀ ਹੈ। ਚਾਰ ਸਾਹਿਬਜਾਦੇ ਫਿਲਮ (ਦੇ ਦੋਵੇਂ ਭਾਗਾਂ) ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਨਾਮਵਰ ਲੋਕਾਂ ਦੀ ਮਾਨਤਾ (ਜੋ ਫਿਲਮਾਂ ਵਿਚ ਲ਼ਿਖਤੀ ਤੌਰ ਤੇ ਵਿਖਾਈ ਜਾਂਦੀ ਹੈ) ਖਤਰੇ ਨੂੰ ਦਿੱਤਾ ਹੋਇਆ ਸੱਦਾ ਹੈ। ਯਾਦ ਰਹੇ ਕਿ ਬੱਚਿਆਂ ਅਤੇ ਅਣਜਾਣ ਲੋਕਾਂ ਨੂੰ ਨਵੇਂ ਬੁੱਤਾਂ ਰਾਹੀਂ ਸਿੱਖੀ ਬਾਰੇ ਦਿੱਤੀ ਗਈ ਜਾਣਕਾਰੀ ਉਹਨਾਂ ਨੂੰ ਕਦੇ ਵੀ ਇਸ ਨੁਕਤੇ ਤੇ ਪਹੁੰਚਣ ਨਹੀਂ ਦੇਵੇਗੀ ਕਿ ਗੁਰੂ ਸਾਹਿਬ ਬੁਨਿਆਦੀ ਰੂਪ ਵਿਚ ਬੁੱਤ-ਬੰਦੇ ਦੀ ਪੂਜਾ ਦੇ ਵਿਰੁੱਧ ਸਨ।

**ਪਰਛਾਵੇਂ ਪੁਤਲੇ:** ਭਾਰਤ ਸਰਕਾਰ ਨੇ ਆਪਣੀ ਕੀਮਤ ਅਨੁਸਾਰ 'ਨਾਨਕ ਸ਼ਾਹ ਫਕੀਰ' ਨਾਮੀ ਫਿਲਮ ਨੂੰ 'ਦੇਸ਼ ਦੀ ਏਕਤਾ ਮਜਬੂਤੀ' ਵਾਲੇ ਖਾਨੇ ਵਿਚ ਪਾ ਕੇ ਫਿਲਮ ਫੇਅਰ ਅਵਾਰਡ (2016) ਦਿੱਤਾ ਹੈ। ਇਹ ਫਿਲਮ ਗੁਰੂ ਸਾਹਿਬ ਨੂੰ ਪਾਤਰ ਰੂਪ ਵਿਚ ਵਿਖਾਉਣ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਕੋਸ਼ਿਸ਼ ਸੀ। ਗੁਰੂ ਸਾਹਿਬ ਨੂੰ ਸੂਖਮ ਮੂਰਤੀ ਵਿਚ ਪੇਸ਼ ਕਰਨ ਵਾਲਾ ਇਹ ਅਮਲ ਭਾਰਤ ਸਰਕਾਰ ਨੂੰ ਏਨਾ ਪਸੰਦ ਆਇਆ ਕਿ ਫਿਲਮ ਦੇ ਬਿਨਾਂ ਚੱਲੇ ਵੀ ਉਸ ਨੂੰ ਇਨਾਮ ਦੇ ਦਿੱਤਾ। ਇਹ ਫਿਲਮ ਦਾ ਬਣਨਾ ਅਤੇ ਇਨਾਮ ਮਿਲਣਾ ਅਜਿਹੇ ਵਰਤਾਰੇ ਨੂੰ ਸਾਹਮਣੇ ਲਿਆਉਂਦਾ ਹੈ ਜਿਹੜਾ ਨਾ ਸਿਰਫ ਮੌਜੂਦਾ ਰਾਜਸੀ ਢਾਂਚੇ ਅੰਦਰਲੇ ਵਿਰੋਧ ਨੂੰ ਸਗੋਂ ਸਿੱਖ-ਬਿਪਰ ਪਰੰਪਰਾ ਦੇ ਮੁਢ ਕਦੀਮੀ ਵਿਰੋਧ ਨੂੰ ਵੀ ਨਾਲ ਜੋੜਦਾ ਹੈ। ਇਸ ਫਿਲਮ ਬਾਰੇ ਜਰੂਰ ਸੋਚਣਾ ਬਣਦਾ ਹੈ ਕਿ ਬਿਪਰ ਵਿਚਾਰਧਾਰਾ ਵਾਲੀ ਸਰਕਾਰ ਨੂੰ ਇਸ ਫਿਲਮ ਵਿਚੋਂ ਕਿਸ ਕਿਸਮ ਦੀ ਏਕਤਾ ਲੱਭਦੀ ਹੈ ? ਅਤੇ ਇਹ ਏਕਤਾ ਕਿਹੜੇ ਲੋਕਾਂ ਦੇ ਕਿਸ ਕਿਸ ਬਿਧ ਕੰਮ ਆਉਂਦੀ ਹੈ ?

ਅੱਜ ਦੇ ਵੇਲੇ ਛਾਪੇਖਾਨੇ ਨਾਲੋਂ ਵੀ ਸੂਖਮ (ਬਿਜਲਈ) ਤਕਨੀਕ ਦੀ ਵਰਤੋਂ ਖਾਲਸਾ ਪੰਥ ਦੇ ਵੱਡੇ ਹਿੱਸੇ ਨੂੰ ਅਮਲੀ ਤੌਰ ਤੇ ਗਲਤ ਨਹੀਂ ਲੱਗ ਰਹੀ (ਭਾਵ ਇਹ ਬੁੱਤ ਵਾਂਗ ਨਹੀਂ ਜਾਪਦੀ) । ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹ ਹਾਲੇ ਛਾਪੇਖਾਨੇ ਦੀ ਤਸਵੀਰਾਂ ਵਾਲੀ ਗਲਤੀ ਤੋਂ ਵੀ ਮੁਕਤ ਨਹੀਂ ਹੋ ਸਕੇ। ਜਿਹੜੇ ਲੋਕਾਂ ਨੂੰ ਤਸਵੀਰ ਪੂਜਾ ਗਲਤ ਨਹੀਂ ਲਗਦੀ ਉਹ ਬਿਜਲਈ ਬੁੱਤਾਂ ਨੂੰ ਕਿਸੇ ਤਰ੍ਹਾਂ ਵੀ ਗਲਤ ਨਹੀਂ ਸਮਝਣਗੇ। ਪਛੜੇ ਹੋਣ ਦੇ ਅਹਿਸਾਸ ਕਰਕੇ ਅਤੇ ਦੁਨੀਆਂ ਦਾ ਮੁਕਾਬਲਾ ਦੁਨੀਆਂ ਦੇ ਤਰੀਕਿਆਂ ਨਾਲ ਕਰਨ ਦੀ ਰੀਝ ਸਿੱਖਾਂ ਦੀ ਇਤਿਹਾਸਕ ਧਰਤ (ਪੰਜਾਬ) ਸਮੇਤ ਵਿਦੇਸ਼ੀਂ ਵਸਣ ਵਾਲੇ ਵੱਡੇ ਹਿੱਸੇ ਅੰਦਰ ਵੀ ਭਾਰੂ ਹੈ। ਇਹ ਰੁਝਾਨ ਇਕ ਪਾਸੇ ਬਿਪਰ ਮਾਨਤਾਵਾਂ ਦੇ ਅਸਰ ਹੇਠ ਹੈ ਅਤੇ ਦੂਜੇ ਪਾਸੇ ਪਰਚਾਰ ਦੇ ਪੱਛਮੀ ਤਰੀਕੇ ਤੋਂ ਪ੍ਰਭਾਵਿਤ ਹੈ।

ਪਰਚਾਰ ਲਈ ਬਿਜਲ ਬੁਤਾਂ ਵਰਤੋਂ ਦੀ ਇਹ ਮੁਸ਼ਕਲ ਜਿਸ ਰੂਪ ਵਿਚ ਦਿਸ ਰਹੀ ਹੈ, ਇਹ ਸਿਰਫ ਏਨੀ ਨਹੀਂ ਹੈ ਸਗੋਂ ਇਸ ਦਾ ਮਾਰੂ ਪਰਛਾਵਾਂ ਬਹੁਤ ਦੂਰ ਤੱਕ ਜਾਵੇਗਾ। ਇਹ ਰੁਝਾਨ ਜਦੋਂ ਇਤਿਹਾਸਕ ਹਸਤੀਆਂ ਨੂੰ ਪਾਤਰਾਂ ਨੂੰ ਮੰਚ ਤੇ ਪੇਸ਼ ਕਰਦਾ ਹੈ ਤਾਂ ਇਹ ਸਿਰਫ ਇਥੇ ਨਹੀਂ ਰੁਕਦਾ। ਇਸ ਦਾ ਅਗਲਾ ਕਦਮ ਪਵਿੱਤਰ ਹਸਤੀਆਂ ਦੀ ਪੇਸ਼ਕਾਰੀ ਹੁੰਦੀ ਹੈ। ਉਹਨਾਂ ਸਤਿਕਾਰਤ ਹਸਤੀਆਂ (ਸ਼ਹੀਦਾਂ ਤੇ ਮਹਾਂਪੁਰਖਾਂ) ਨੂੰ ਬੁੱਤਾਂ ਵਿਚ ਢਾਲਣ ਤੋਂ ਬਾਅਦ ਅਗਲੀ ਆਪਮੁਹਾਰੀ ਪਹੁੰਚ ਗੁਰੂ ਸਾਹਿਬਾਨ ਦੀ ਪੇਸ਼ਕਾਰੀ ਹੈ। ਗੁਰੂ ਸਾਹਿਬ ਨੂੰ ਬਿਜਲ ਬੁੱਤ ਵਿਚ ਪੇਸ਼ ਕਰਨ ਬਾਅਦ ਅਗਲਾ ਪੜਾਅ ਵੀ ਆਵੇਗਾ ਜਦੋਂ ਅਕਾਲ ਪੁਰਖ ਦੀ ਬੁੱਤਰੂਪ ਪੇਸ਼ਕਾਰੀ (ਜਿਵੇਂ ਹਿੰਦੀ ਫਿਲਮਾਂ ਵਿਚ ਰੱਬ ਜਾਂ ਦੇਵਤੇ ਬੋਲਦੇ ਹਨ) ਹੋਵੇਗੀ।ਇਸ ਰੁਝਾਨ ਦਾ ਇਹੋ ਵਹਾਅ ਹੈ ਸ਼ੁਰੂ ਹੋਣ ਬਾਅਦ ਠੱਲ੍ਹਣਾ ਸੰਭਵ ਨਹੀਂ ਹੈ।

ਮਨੁੱਖ ਸਮਕਾਲ ਦੇ ਅਸਰ ਅਧੀਨ ਵਧੇਰੇ ਹੁੰਦਾ ਹੈ ਭਾਵੇਂ ਉਹ ਬੀਤੇ ਜਾਂ ਆਉਣ ਵਾਲੇ ਸਮੇਂ ਬਾਰੇ ਹੀ ਕਿਉਂ ਨਾ ਸੋਚਦਾ ਹੋਵੇ ? ਇਹ ਸੂਖਮ ਬੁੱਤਕਾਰੀ, ਇਸ ਲਈ ਜਰੂਰੀ ਮੰਨੀ ਜਾ ਰਹੀ ਹੈ ਕਿਉਂਕਿ ਇਹ ਵੇਲਾ ਇਸ ਤਕਨੀਕ ਦਾ ਹੈ ? ਯਾਦ ਰਹਿਣਾ ਚਾਹੀਦਾ ਹੈ ਕਿ ਬੁੱਤਾਂ ਦੇ ਸਾਰੇ ਰੂਪ ਹੀ ਆਪਣੇ ਵੇਲਿਆਂ ਵਿਚ ਪ੍ਰਚਾਰ ਦੇ ਉਤਮ ਸਾਧਨ ਰਹੇ ਹਨ। ਇਕ ਨਵੀਂ ਵਧੀ ਆਉਣ ਤੋਂ ਬਾਅਦ ਪੁਰਾਣੀ ਵਿਧੀ ਦੀ ਵਰਤੋਂ ਬਿਲਕੁਲ ਖਤਮ ਨਹੀਂ ਹੁੰਦੀ। ਅਜੋਕੇ ਸਮੇਂ ਤੱਕ ਪਹੁੰਚਦਿਆਂ ਬੁੱਤਕਾਰੀ ਦੇ ਸਾਰੇ ਪੁਰਾਣੇ ਰੂਪ ਵੀ ਹਾਜ਼ਰ ਹਨ ਅਤੇ ਨਾਲ-ਨਾਲ ਨਵੇਂ ਰੂਪ ਵੀ ਆਪਣਾ ਅਸਰ ਪਾ ਰਹੇ ਹਨ। ਵਧਦੀ ਤਕਨੀਕ ਦੀ ਕੁੱਲ ਪ੍ਰਾਪਤੀ ਇਹ ਹੈ ਕਿ ਮਨੁੱਖੀ ਜਗਤ ਦਾ ਦਿਸਦਾ ਘੇਰਾ ਹੋਰ ਵੱਡਾ ਹੋ ਰਿਹੈ ਅਤੇ ਜੋ ਸੂਖਮ ਹੈ ਉਸ ਨੂੰ ਸਥੂਲ ਅਤੇ ਬੁੱਤ ਵਿਚ ਬਦਲ ਰਹੀ ਹੈ। ਬਹੁਤ ਕੁਝ ਅਜਿਹਾ ਹੈ ਜੋ ਪਹਿਲਾਂ ਰੂਹਾਨੀ ਜਗਤ ਦਾ ਹਿੱਸਾ ਸੀ ਹੁਣ ਪਦਾਰਥਕ ਜਗਤ ਵਿਚ ਬਦਲ ਰਿਹਾ ਹੈ। ਤਕਨੀਕ ਨੇ ਪਦਾਰਥ ਦਾ ਘੇਰਾ ਏਨਾ ਵਧਾ ਦਿੱਤਾ ਹੈ ਕਿ ਧਰਮ ਜੋ ਸਾਰੇ ਜਗਤ ਵਰਤਾਰੇ ਨੂੰ ਸਮਝੇ ਜਾਣ ਦੀ ਮੂਲ਼ ਸੀ ਹੁਣ ਉਸ ਨੂੰ ਵੀ ਸਮਝੇ ਜਾਣ ਦਾ ਅਧਾਰ ਇਤਿਹਾਸਕ ਪਦਾਰਥ (ਸਥੂਲ) ਬਣ ਗਿਆ ਹੈ । ਧਰਮ ਦੀ ਮਾਨਤਾ ਜੋ ਸੂਖਮ ਨੂੰ ਅਨੁਭਵ ਕਰਨ ਅਤੇ ਜੀਵਨ ਜਿਉਣ ਦਾ ਨਾਂ ਸੀ ਉਹ ਇਤਿਹਾਸਕ ਪਦਾਰਥਕ ਸਿੱਧੀ ਵਿਚ ਬਦਲ ਰਹੀ ਹੈ।

**ਇਤਿਹਾਸਕ ਅਤੇ ਪਵਿੱਤਰ:** ਵਰਤਮਾਨ ਸਮੇਂ ਦੇ ਪ੍ਰਸਿੱਧ ਸਿੱਖ ਸ਼ਹੀਦ ਪਹਿਲਾਂ ਹੀ ਫਿਲਮਾਂ ਦੇ ਘੇਰੇ ਵਿਚ ਆ ਗਏ ਹਨ। ਭਾਈ

ਬਾਕੀ ਸਫ਼ਾ 32 'ਤੇ

# ਲਓ ! ਕਰ ਲੋ ਗੱਲ...



-ਕਮਲ ਦੁਸਾਂਝ

## ਅਭੀ ਤੋ ਰੈਲੀ ਸ਼ੁਰੂ ਹੂਈ ਹੈ...!!

ਪੰਜਾਬ ਦੇ ਹੁਸੈਨੀਵਾਲ ਤੋਂ ਸ਼ੁਰੂ ਹੋਈ ਭਾਜਪਾ ਦੀ ਵਿਜੈ ਸੰਕਲਪ ਯਾਤਰਾ ਸਮਾਪਤੀ ਵੇਲੇ ਹਾਰ ਗਈ। ਇਸ ਖ਼ਾਸ ਮੌਕੇ 'ਤੇ ਕੇਂਦਰੀ ਵਿਤ ਮੰਤਰੀ ਅਰੂਣ ਜੇਤਲੀ ਨੂੰ ਵੀ ਸੱਦਿਆ ਗਿਆ। ਅੰਮ੍ਰਿਤਸਰ ਵਿਚ 'ਕੱਠ ਹੋਇਆ। ਵਿਜੈ ਰੈਲੀ ਉਦੋਂ ਹਾਰ ਵਿਚ ਬਦਲ ਗਈ ਜਦੋਂ ਇਨ੍ਹਾਂ ਲੀਡਰਾਂ ਨੂੰ ਲੋਕਾਂ ਨੇ ਸੁਣਿਆ ਈ ਨਾ, ਉਹ ਉਠ ਉਠ ਕੇ ਭੱਜਣ ਲੱਗੇ। ਫੇਰ ਕੀ ਸੀ, ਉਨ੍ਹਾਂ ਦੇ ਪਿਛੇ ਪਿਛਲੇ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੌੜੇ-ਬਈ ਆਜੋ, ਇੰਜ ਨਾ ਕਰੋ...ਜੇਤਲੀ ਜੀ ਏਨੀ ਦੂਰੋਂ ਦਿੱਲੀ ਤੋਂ ਆਏ ਆ...ਆਪਣੇ ਮਨ ਕੀ ਬਾਤ ਕਰਨ ਲਈ...ਅਭੀ ਤੋ ਰੈਲੀ ਸ਼ੁਰੂ ਹੂਈ ਹੈ...ਤੁਸੀਂ ਉਠ ਕੇ ਨਾ ਜਾਓ। ਭਲਾ ਲੋਕਾਂ ਕੋਲ ਲੀਡਰਾਂ ਦੀਆਂ ਫੌਕੀਆਂ ਗੱਲਾਂ ਸੁਣਨ ਲਈ ਕਿਥੋਂ ਵਿਹਲ ਐ...ਉਹ ਹੱਥ ਮਾਰਦੇ ਹੋਏ ਭੱਜਣ ਲੱਗੇ। ਫੇਰ ਪਿਛੇ ਪਿਛੇ ਭਾਜਪਾ ਦੇ ਸਕੱਤਰ ਤਰੂਣ ਚੁਘ ਵੀ ਮਿੰਨਤਾਂ ਕਰਦੇ ਰਹੇ ਪਰ ਲੋਕ ਸਿਆਣੇ ਨਿਕਲੇ...ਭੱਜ ਲਏ ਉਥੋਂ। ਇਹੀ ਤਾਂ ਮੌਕਾ ਐ ਲੋਕਾਂ ਕੋਲ...ਜਦੋਂ ਉਹ ਆਪਣੇ ਕੰਮ ਕਰਾਉਣ, ਆਪਣੀਆਂ ਮੰਗਾਂ ਲੈ ਕੇ ਇਨ੍ਹਾਂ ਕੋਲ ਜਾਂਦੇ ਨੇ ਤਾਂ ਇਨ੍ਹਾਂ ਦੇ ਦਰਸ਼ਨ ਦੁਰਲੱਭ ਹੁੰਦੇ ਆ ਤੇ ਲੋਕ ਪਿਛੇ ਪਿਛੇ ਦੌੜਦੇ ਨੇ ਇਨ੍ਹਾਂ ਲੀਡਰਾਂ ਦੇ...। ਆਹ ਚੰਗਾ ਮੌਕੈ, ਇਨ੍ਹਾਂ ਨੂੰ ਆਪਣੇ ਪਿਛੇ ਲਾਉਣ ਦਾ। ਦੌੜੋ ਦੌੜੋ...ਹੋਰ ਦੌੜੋ...। ਸ਼ਾਇਦ ਭੱਜ ਭੱਜ ਕੇ ਹੀ ਸੁਰਤ ਟਿਕਾਣੇ ਆ ਜਾਵੇ।



## 'ਕੈਪਟਨ' ਹਰਾਏਗਾ 'ਜਨਰਲ' ਨੂੰ...!!

ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਤੋਂ ਆਪਣੇ ਮੁਕਾਬਲੇ ਵਿਚ ਉਤਰੇ ਜਨਰਲ ਜੇ.ਜੇ. ਸਿੰਘ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਪਹਿਲੀ ਵਾਰ ਹੋਵੇਗਾ ਕਿ ਜਦੋਂ ਕੋਈ ਕੈਪਟਨ ਕਿਸੇ ਜਨਰਲ ਨੂੰ ਹਰਾਏਗਾ। ਬੱਸ ਫੇਰ ਕੀ ਸੀ, ਅਕਾਲੀ ਦਲ ਨੂੰ ਮਿਰਚਾਂ ਲੱਗ ਗਈਆਂ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਕਹਿੰਦੇ-ਅਖੇ, ਇਹ ਤਾਂ ਜਨਰਲ ਸਾਹਿਬ ਦਾ ਅਪਮਾਨ ਐ...ਉਨ੍ਹਾਂ ਬਾਰੇ ਇਹੋ ਜਿਹੀਆਂ ਟਿੱਪਣੀਆਂ ਕਰਨਾ ਸ਼ੋਭਾ ਨਹੀਂ ਦਿੰਦਾ। ਪਰ ਚੀਮਾ ਸਾਹਿਬ ਇਹ ਤਾਂ ਸਿਆਸਤ ਐ...ਤੇ ਸਿਆਸਤ ਤੇ ਜੰਗ ਵਿਚ ਸਭ ਕੁਝ ਜਾਇਜ਼ ਹੁੰਦੈ...ਨਾਲੇ ਲੀਡਰ ਕਿਸੇ ਦਾ ਝੱਗਾ ਚੁੱਕਣ ਵਿਚ ਕੋਈ ਕਸਰ ਛਡਦੇ ਆ...ਏਨੀ ਅਭੱਦਰ ਭਾਸ਼ਾ ਤਾਂ ਕੋਈ ਨਹੀਂ ਬੋਲਦਾ...ਜਿੰਨੀ ਵੱਡੇ ਵੱਡੇ ਨੇਤਾ ਬੋਲਦੇ ਆ...ਤੇ ਸਿਆਸਤ 'ਚ ਹੋਣ ਕਾਰਨ ਸਭ ਕੁਝ ਇਨ੍ਹਾਂ ਨੂੰ ਮਾਫ਼ ਐ। ਸੋ, ਜੇ ਹੁਣ ਜਨਰਲ ਜੇ.ਜੇ. ਸਿੰਘ ਆਪਣਾ ਰੁਤਬਾ ਘਟਾ ਕੇ ਸਿਆਸਤ ਵਿਚ ਕੁੱਦ ਹੀ ਪਏ ਹਨ ਤਾਂ ਹੁਣ ਜਰਨੈਲੀ ਛੱਡ ਕੇ ਲੀਡਰਾਂ ਵਾਂਗ ਮੈਦਾਨ ਵਿਚ ਆਉਣ ਤੇ ਮੋੜਵੇਂ ਵਾਰ ਕਰਨ...!! ਇਹੀ ਤਾਂ ਅਸਲੀ ਸਿਆਸਤ ਐ...!! ਐਹੋ ਜਿਹੇ ਬੋਲ-ਕਬੋਲ ਵਾਲੇ ਗੁਣ ਤਾਂ ਉਨ੍ਹਾਂ ਨੂੰ ਸਿੱਖਣੇ ਈ ਪੈਣੇ ਆ!!




## ਕੁਰਸੀ ਤਾਂ ਮੇਰੀ ਐ...!!

ਭਗਵੰਤ ਮਾਨ- ਮੈਂ ਬਣਾਂਗਾ ਮੁੱਖ ਮੰਤਰੀ, ਮੈਂ ਬਣਾਂਗਾ ਮੁੱਖ ਮੰਤਰੀ! ਆ ਲਓ...ਆਪਾਂ ਤਾਂ ਚੜ੍ਹ ਗਏ ਕੁਰਸੀ 'ਤੇ, ਹੁਣ ਨੀਂ ਮੈਂ ਛੱਡਦਾ...ਕਰ ਲੋ ਜੋ ਕਰਨੈ...ਮੁੱਖ ਮੰਤਰੀ ਤਾਂ ਮੈਂ ਹੀ ਬਣੂ!

ਸੁਥਰਾ- ਉਹ ਭਗਵੰਤ ਸਿਆਂ...ਤੇਰਾ ਦਿਲ ਵਾਲਾ ਆਗੂ ਸੰਜੇ ਸੂੰਹ ਤਾਂ ਕਹੀ ਜਾਂਦੈ ਬਈ, ਭਗਵੰਤ ਨੂੰ ਅਸੀਂ ਕੁਰਸੀ ਨੀਂ ਦੇਣੀ...ਨਾਲੇ ਨਤੀਜੇ ਤਾਂ ਆ ਲੈਣ ਦਿਓ...ਮਗਰੋਂ ਦੱਸਾਂਗੇ ਕਿ ਕੌਣ ਕੁਰਸੀ 'ਤੇ ਬਹਿੰਦੈ...।

ਮਾਨ- ਬਈ...ਮੈਂ ਏਨੀ ਮਿਹਨਤ ਕਰ ਰਿਹਾਂ...ਮੇਰੇ ਟੋਟਕਿਆਂ ਨਾਲ ਈ ਤਾਂ ਲੋਕੀਂ ਜੁੜਦੇ ਨੇ...ਸੰਜੇ ਸਿੰਘ ਨੂੰ ਕੌਣ ਸੁਣਦੈ? ਨਾਲ ਜੇ ਮੋਦੀ ਮਨ ਕੀ ਬਾਤ ਕਰ ਸਕਦੇ ਆ ਤਾਂ ਭਲਾ ਮੈਂ ਮਨ ਕੀ ਬਾਤ ਨੀਂ ਕਰ ਸਕਦਾ। ਹੁਣ ਤਾਂ ਆਪਾਂ ਕੁਰਸੀ ਮੱਲ ਲਈ ਸੋ ਮੱਲ ਲਈ...।



ਸੁਥਰਾ- ਭਗਵੰਤ ਸਿਆਂ...ਬਚ ਕੇ ਖੜ੍ਹੀਂ, ਇਹ ਨਾ ਹੋਵੇ ਕੋਈ ਕੁਰਸੀ ਈ ਖਿੱਚ ਕੇ ਲੈ ਜਾਵੇ ਤੇ ਭਾਈ ਤੂੰ ਹਵਾ 'ਚ ਹੀ ਲਟਕਦਾ ਰਹਿ ਜਾਵੇਂ! ਕੁਰਸੀ ਦੇ ਪਾਵੇ ਫੜਨ ਵਾਲੇ, ਚੁੱਪ-ਚਪੀਤੇ ਕਦੋਂ ਵੱਢ ਦੇਣ, ਤੈਨੂੰ ਪਤਾ ਵੀ ਨੀਂ ਲਗਣਾ...ਤੇਰੇ ਹੱਥ 'ਚ ਤਾਂ ਮਾਈਕ ਈ ਰਹਿ ਜੂ!!

ਮਾਨ- ਨਾ ਬਾਬਾ ਜੀ ਨਾ...ਹੁਣ ਨੀਂ ਮੈਂ ਕਿਸੇ ਦੀ ਸੁਣਦਾ...ਪਿੰਡ ਪਿੰਡ ਜਾ ਕੇ ਜ਼ੋਰ ਮੈਂ ਲਾਇਆ...ਲੀਡਰਾਂ ਨਾਲ ਮਸਕਰੀਆਂ ਮੈਂ ਕੀਤੀਆਂ, ਖਰੀਆਂ-ਖੋਟੀਆਂ ਮੈਂ ਸੁਣੀਆਂ ਤੇ ਹੁਣ ਜਦੋਂ ਫਸਲ ਪੱਕਣ ਨੂੰ ਤਿਆਰ ਐ ਤਾਂ ਐਵੇਂ ਥੋੜ੍ਹਾ ਕਿਸੇ ਨੂੰ ਵੱਢਣ ਦੇ ਦਊਂ!!!

ਸੁਥਰਾ- ਚੱਲ, ਭਾਈ ਸਾਡਾ ਫਰਜ਼ ਤਾਂ ਤੈਨੂੰ ਸਮਝਾਉਣਾ ਸੀ...ਅੱਗੇ ਤੇਰੀ ਮਰਜ਼ੀ...ਜ਼ਰਾ ਸੰਭਲ ਕੇ ਚੱਲੀਂ...ਪੰਜਾਬ ਦੀ ਕੁਰਸੀ 'ਤੇ ਚੜ੍ਹਦਾ ਚੜ੍ਹਦਾ ਕਿਤੇ ਦਿੱਲੀ ਵਾਲੀ ਕੁਰਸੀ ਨਾ ਗਵਾ ਲਈਂ!! ਰੱਬ ਭਲੀ ਕਰੇ!!!

# ਨਜ਼ਰਾਂ ਵਿਚ ਪਟਨਾ, ਨਿਸ਼ਾਨਾ ਪੰਜਾਬ 'ਤੇ

ਮਣਿਕਾਂਤ ਠਾਕੁਰ

### ਕੀ ਪੰਜਾਬ ਦਾ ਰਸਤਾ ਪਟਨਾ ਤੋਂ ਹੋ ਕੇ ਜਾਂਦਾ ਹੈ?

ਇਸ ਸਵਾਲ ਦਾ ਜਵਾਬ ਕੁਝ ਸਿਆਸੀ ਮਾਹਰ ਗੁਰ ਪੁਰਬ ਮੌਕੇ ਪੰਜਾਬ ਤੇ ਬਿਹਾਰ ਦੇ ਮੁੱਖ ਮੰਤਰੀਆਂ



ਅਤੇ ਪ੍ਰਧਾਨ ਮੰਤਰੀ ਵਿਚਾਲੇ ਨਜ਼ਰੀਂ ਪਏ 'ਮਧੁਰ ਮਿਲਣ' ਵਿਚ ਖੋਜਿਆ ਜਾ ਸਕਦਾ ਹੈ।

ਹਾਲਾਂਕਿ ਇਸ ਧਾਰਮਿਕ ਸਮਾਗਮ ਦੌਰਾਨ ਕਿਸੇ ਤਰ੍ਹਾਂ ਦਾ ਸਿਆਸੀ ਮਕਸਦ ਭਾਲਣਾ ਬੇਮਤਲਬ ਲਗ ਸਕਦਾ ਹੈ ਪਰ ਨੇਤਾਵਾਂ ਦੀਆਂ ਨਜ਼ਰਾਂ ਅਤੇ ਨਿਸ਼ਾਨੇ ਵੱਖ ਵੱਖ ਵੀ ਹੋ ਸਕਦੇ ਹਨ। ਇਸ ਬੀਤੇ ਹਫ਼ਤੇ ਮਿੰਨੀ ਪੰਜਾਬ ਵਾਂਗ ਨਜ਼ਰ ਆਏ ਪਟਨਾ ਵਿਚ ਹਰੇਕ ਸਿੱਖ ਸ਼ਰਧਾਲੂ ਦੀ ਜ਼ੁਬਾਨ 'ਤੇ ਨਿਤਿਸ਼ ਕੁਮਾਰ ਦੀ ਤਾਰੀਫ਼ ਨੇ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਦੇ ਚੋਣ ਸੰਦਰਭ ਵਿਚ ਕੁਝ ਸੋਚਣ ਲਈ ਮਜਬੂਰ ਕਰ ਦਿੱਤਾ ਹੋਵੇਗਾ।

ਹੁਣ ਸਵਾਲ ਉਠਦਾ ਹੈ ਕਿ ਜੇਕਰ ਨਿਤਿਸ਼ ਕੁਮਾਰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪ੍ਰਚਾਰ ਕਰਨ ਗਏ ਤਾਂ ਉਥੇ ਕੀ ਕਰਨਗੇ? ਬਿਹਾਰ ਦੀ ਆਪਣੀ ਸੱਤਾ ਸਾਂਝੇਦਾਰੀ ਕਾਂਗਰਸ ਦੇ ਹੱਕ ਵਿਚ ਬੋਲਣਗੇ ਜਾਂ ਗੁਰ ਪੁਰਬ 'ਤੇ ਭਾਜਪਾ ਦੇ ਨਰਿੰਦਰ ਮੋਦੀ ਅਤੇ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਨਾਲ ਆਪਣੇ 'ਮਧੁਰ ਮਿਲਣ' ਦਾ ਪਾਲਣ ਕਰਦੇ ਹੋਏ ਪ੍ਰਚਾਰ ਕਰਨ ਤੋਂ ਬਚਣਗੇ?

ਸਭ ਜਾਣਦੇ ਹਨ ਕਿ ਨਿਤਿਸ਼ ਕੁਮਾਰ ਭਾਜਪਾ ਪ੍ਰਤੀ ਆਪਣੇ ਵਿਰੋਧ ਨੂੰ ਲਾਲੂ ਯਾਦਵ ਵਾਂਗ ਤਿੱਖਾ ਬਣਾਉਣਾ ਨਹੀਂ ਚਾਹੁੰਦੇ। ਉਨ੍ਹਾਂ ਨੇ ਨੋਟਬੰਦੀ ਮਾਮਲੇ ਵਿਚ ਇਸ ਰਣਨੀਤੀ ਦਾ ਸੰਕੇਤ ਵੀ ਦਿੱਤਾ ਹੈ। ਅਜਿਹੇ ਵਿਚ ਲਗਦਾ ਇਹੀ ਹੈ ਕਿ ਨਿਤਿਸ਼ ਕੁਮਾਰ ਕੁਝ ਸੋਚ ਸਮਝ ਕੇ ਹੀ ਨੋਟਬੰਦੀ 'ਤੇ ਸਮੀਖਿਆ ਮਗਰੋਂ ਆਪਣੀ ਅੰਤਿਮ ਰਾਏ ਦੱਸਣ ਦੀ ਤਰੀਕ ਪ੍ਰਕਾਸ਼ ਪੁਰਬ ਦੇ ਬਹਾਨੇ ਵਧਾਉਂਦੇ ਰਹੇ। ਦਰਅਸਲ, ਨਿਤਿਸ਼ ਨਹੀਂ ਚਾਹੁੰਦੇ ਹੋਣਗੇ ਕਿ ਪਟਨਾ ਵਿਚ ਗੁਰ ਪੁਰਬ 'ਤੇ ਨਰਿੰਦਰ ਮੋਦੀ ਨਾਲ ਮੰਚ ਸਾਂਝਾ ਕਰਨ ਤੋਂ ਪਹਿਲਾਂ ਉਨ੍ਹਾਂ ਵਿਚਾਲੇ ਕੋਈ ਕੁੜੱਤਣ ਵੱਧ ਜਾਵੇ।

ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨੇ ਵੀ ਨੋਟਬੰਦੀ 'ਤੇ ਨਿਤਿਸ਼ ਕੁਮਾਰ ਤੋਂ ਮਿਲੇ ਸਮਰਥਨ ਅਤੇ ਅੱਗੇ ਵੀ ਕਦੇ ਸਹਿਯੋਗ ਦੀ ਉਮੀਦ ਦੇ ਮੱਦੇਨਜ਼ਰ ਉਨ੍ਹਾਂ ਪ੍ਰਤੀ ਆਪਣਾ ਦੋਸਤਾਨਾ ਰੁਖ਼ ਦਿਖਾਇਆ ਹੈ। ਨਰਿੰਦਰ ਮੋਦੀ ਨੇ ਇਸ ਵੱਡੇ ਸਮਾਗਮ ਅਤੇ ਸੂਬੇ ਵਿਚ ਪੂਰਨ ਸ਼ਰਾਬਬੰਦੀ ਦੇ ਸਬੰਧ ਵਿਚ ਨਿਤਿਸ਼ ਕੁਮਾਰ ਦੀ ਦਿਲ ਖੋਲ੍ਹ ਕੇ ਪ੍ਰਸੰਸਾ ਕੀਤੀ। ਜ਼ਾਹਰ ਹੈ ਕਿ ਸਾਹਮਣੇ ਬੈਠੇ ਲਾਲੂ ਯਾਦਵ ਨੂੰ ਚੰਗਾ ਨਹੀਂ ਲੱਗਾ ਹੋਵੇਗਾ। ਧਿਆਨ ਦੇਣ ਵਾਲੀ ਗੱਲ ਹੈ ਕਿ ਜਦੋਂ ਵੀ ਇਹ ਦੋਵੇਂ ਨੇਤਾ ਇਕ ਮੰਚ 'ਤੇ ਹੁੰਦੇ ਹਨ ਤਾਂ ਨਰਿੰਦਰ ਮੋਦੀ ਅੱਗੇ ਵਧ ਕੇ ਨਿਤਿਸ਼ ਕੁਮਾਰ ਪ੍ਰਤੀ ਆਪਣੀ ਸਦਭਾਵਨਾ ਦਿਖਾਉਣ ਦਾ ਯਤਨ ਕਰਦੇ ਹਨ। ਇਸ ਵਿਚ ਸਿਰਫ਼ ਸ਼ਿਸ਼ਟਾਚਾਰ ਨਹੀਂ, ਸਗੋਂ ਸਿਆਸੀ ਰਣਨੀਤੀ ਵੀ ਲੁਕੀ ਹੋ ਸਕਦੀ ਹੈ। ਸਿੱਖ ਧਰਮ ਦੇ ਦਸਵੇਂ ਅਤੇ ਅੰਤਿਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ ਪਾਟਿਲ ਪੁੱਤਰ ਭਾਵ ਪਟਨਾ ਵਿਚ ਵੀਰਵਾਰ ਨੂੰ ਉਨ੍ਹਾਂ ਦਾ 350ਵਾਂ ਜਨਮ ਉਤਸਵ ਭਾਵ ਪ੍ਰਕਾਸ਼ ਪੁਰਬ ਸਮਾਪਤ ਹੋਇਆ। ਦੇਸ਼-ਵਿਦੇਸ਼ ਦੇ ਲੱਖਾਂ ਸ਼ਰਧਾਲੂਆਂ ਦੀ ਮੌਜੂਦਗੀ ਅਤੇ ਵੱਡੇ ਵੱਡੇ ਸਮਾਗਮਾਂ ਵਿਚਾਲੇ 'ਵਾਹਿਗੁਰੂ' ਦੇ ਜੈਕਾਰਿਆਂ ਨਾਲ ਪੂਰਾ ਪਟਨਾ ਸ਼ਹਿਰ ਪੰਜ ਦਿਨਾਂ ਤਕ ਗੂੰਜਦਾ ਰਿਹਾ। ਗਾਂਧੀ ਮੈਦਾਨ ਤੋਂ ਲੈ ਕੇ ਪਟਨਾ ਸਾਹਿਬ ਤਕ ਅਨੇਕਾਂ ਬਹੁਰੰਗੀ ਪ੍ਰੋਗਰਾਮਾਂ ਵਾਲੇ ਇਸ ਮਹਾਂਉਤਸਵ ਨੂੰ ਬਿਹਾਰ ਲਈ ਯਾਦਗਾਰ ਮੰਨਿਆ ਜਾ ਰਿਹਾ ਹੈ।



ਸਮਾਪਤੀ ਸਮਾਰੋਹ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਏਨੇ ਵੱਡੇ ਅਤੇ ਸਫਲ ਪ੍ਰੋਗਰਾਮ ਲਈ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਏਨੀ ਸ਼ਲਾਘਾ ਕੀਤੀ ਕਿ ਲੋਕ ਹੈਰਾਨ ਹੋ ਰਹੇ ਸਨ। ਸੱਦੇ ਦੇ ਬਾਵਜੂਦ ਸਮਾਰੋਹ ਵਿਚ ਕਿਸੇ ਵੱਡੇ ਕਾਂਗਰਸੀ ਨੇਤਾ ਦਾ ਨਾ ਹੋਣਾ ਵੀ ਚਰਚਾ ਦਾ ਵਿਸ਼ਾ ਬਣਿਆ। ਰਾਸ਼ਟਰੀ ਜਨਤਾ ਦਲ ਦੇ ਨੇਤਾ ਲਾਲੂ ਪ੍ਰਸਾਦ ਯਾਦਵ ਮੌਜੂਦ ਤਾਂ ਜ਼ਰੂਰ ਸਨ ਪਰ ਅਲੱਗ-ਥਲੱਗ ਜਿਹੇ ਦਿਖਾਈ ਦਿੱਤੇ। ਜਦਕਿ ਮੰਚ 'ਤੇ ਦੋ ਸੀਨੀਅਰ ਕੇਂਦਰੀ ਮੰਤਰੀ ਬੈਠੇ ਸਨ। ਇਸ ਮੌਕੇ ਜਾਂ ਮੰਚ ਦਾ ਨਿਤਿਸ਼ ਕੁਮਾਰ ਨੇ ਆਪਣੇ ਸਿਆਸੀ ਹੱਕ ਵਿਚ ਭਰਪੂਰ ਲਾਭ ਲਿਆ। ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿਚ ਉਨ੍ਹਾਂ ਨੇ ਬਿਹਾਰ ਵਿਚ ਲਾਗੂ ਪੂਰਨ ਸ਼ਰਾਬਬੰਦੀ ਨੂੰ ਵੱਡੀ ਪ੍ਰਾਪਤੀ ਦਸਦਿਆਂ ਇਸ ਨੂੰ ਦੇਸ਼ ਭਰ ਵਿਚ ਲਾਗੂ ਕੀਤੇ ਜਾਣ ਦੀ ਵਕਾਲਤ ਕੀਤੀ।



ਏਨਾ ਹੀ ਨਹੀਂ, ਜਦੋਂ ਉਨ੍ਹਾਂ ਨੇ ਆਪਣੀ ਸਰਕਾਰ ਦੇ ਕੁਝ ਖ਼ਾਸ ਕੰਮਕਾਜ ਗਿਣਾਉਣੇ ਸ਼ੁਰੂ ਕੀਤੇ ਤਾਂ ਮੰਚ 'ਤੇ ਬੈਠੇ ਕੇਂਦਰੀ ਮੰਤਰੀਆਂ ਦੇ ਅਸਹਿਜ ਹਾਵ-ਭਾਵ ਲੁਕ ਨਹੀਂ ਸਕੇ। ਇਕ ਗੱਲ ਹੋਰ ਇਹ ਗੌਰ ਕਰਨ ਵਾਲੀ ਹੈ। ਅਰਬਾਂ ਰੁਪਏ ਦੇ ਸਰਕਾਰੀ ਖ਼ਰਚ ਨਾਲ ਸੂਬੇ ਵਿਚ ਏਨਾ ਵੱਡਾ ਸਮਾਗਮ ਹੋਇਆ ਪਰ ਇਥੇ ਸੱਤਾ ਵਿਚ ਹਿੱਸੇਦਾਰ ਕਾਂਗਰਸ ਤੇ ਆਰ.ਜੇ.ਡੀ. ਲਗਭਗ ਅਲੱਗ-ਥਲੱਗ ਹੀ ਦਿਖਾਈ ਦਿੱਤੀਆਂ। ਇਸ ਨਾਲ ਨਿਤਿਸ਼ ਕੁਮਾਰ ਨੂੰ ਦੋ ਲਾਭ ਹੋਏ। ਇਕ ਤਾਂ ਉਨ੍ਹਾਂ ਦੀ ਆਪਣੀ ਦਿਖ ਖ਼ੂਬ ਚਮਕੀ ਤੇ ਦੂਸਰੇ ਪਾਸੇ ਸਰਕਾਰ ਵਿਚ ਲਾਲੂ ਯਾਦਵ ਦਾ ਕੱਦ ਛੋਟਾ ਕਰਨ ਦਾ ਵੀ ਮੌਕਾ ਮਿਲਿਆ। ਕੁਲ ਮਿਲਾ ਕੇ ਇਸ ਬਹੁਚਰਚਿਤ ਅਤੇ ਵੱਡੇ ਧਾਰਮਿਕ ਸਮਾਗਮ ਨਾਲ ਬਿਹਾਰ ਦੀ ਕਾਨੂੰਨ ਵਿਵਸਥਾ ਵਾਲੀ ਵਿਵਾਦਤ ਦਿਖ ਜ਼ਰੂਰ ਸੁਧਰੀ ਹੈ।

## ਬਾਗ਼ੀ ਹੋਏ ਜੱਸੀ ਜਸਰਾਜ ਦੀ 'ਆਪ' 'ਚ ਮੁੜ ਵਾਪਸੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਤੋਂ ਬਾਗ਼ੀ ਚੱਲ ਰਹੇ ਪੰਜਾਬੀ ਗਾਇਕ ਜੱਸੀ ਜਸਰਾਜ ਦੀ ਪਾਰਟੀ ਵਿਚ ਮੁੜ ਵਾਪਸੀ ਹੋ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਜੱਸੀ ਜਸਰਾਜ ਨੇ ਚੰਡੀਗੜ੍ਹ ਵਿਖੇ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਸੂਬੇ ਵਿਚ ਪਾਰਟੀ ਲਈ ਫਿਰ ਕੰਮ ਕਰਨ ਦੀ ਇੱਛਾ ਜਤਾਈ ਸੀ ਅਤੇ ਕੇਜਰੀਵਾਲ ਵੱਲੋਂ ਜੱਸੀ ਜਸਰਾਜ ਨੂੰ ਪੰਜਾਬ ਇਕਾਈ ਦਾ ਉਪ ਪ੍ਰਧਾਨ ਅਤੇ ਚੋਣ ਪ੍ਰਚਾਰ ਕਮੇਟੀ ਦੀ ਜਨਰਲ ਸਕੱਤਰ ਨਿਯੁਕਤ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਇਸ ਆਗੂ ਨੂੰ ਪਾਰਟੀ ਦੇ ਬੁਲਾਰੇ ਵਜੋਂ ਨਿਯੁਕਤੀ ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਜੱਸੀ ਜਸਰਾਜ ਨੇ ਸਾਲ 2014 ਵਿਚ ਬਠਿੰਡਾ ਤੋਂ ਲੋਕ ਸਭਾ ਚੋਣ ਲੜੀ ਸੀ ਅਤੇ ਕੁੱਝ ਮਤਭੇਦਾਂ ਦੇ ਚੱਲਦੇ ਜੱਸੀ 'ਆਪ' ਤੋਂ ਬਾਗ਼ੀ ਚੱਲ ਰਹੇ ਸਨ ਪਰ ਪਿਛਲੇ ਕੁਝ ਸਮੇਂ ਤੋਂ ਉਹ ਪਾਰਟੀ ਦੀਆਂ ਗਤੀਵਿਧੀਆਂ ਵਿਚ ਮੁੜ ਤੋਂ ਸਰਗਰਮ ਹੋ ਗਏ ਹਨ।



## ਜਰਨੈਲ ਸਿੰਘ ਨੇ ਛੱਡੀ ਦਿੱਲੀ ਦੀ ਵਿਧਾਇਕੀ

**ਨਵੀਂ ਦਿੱਲੀ/ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਦੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਜਰਨੈਲ ਸਿੰਘ ਨੇ ਸਪੀਕਰ ਰਾਮ ਨਿਵਾਸ ਗੋਇਲ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਹੈ। ਸਾਬਕਾ ਪੱਤਰਕਾਰ ਜਰਨੈਲ ਸਿੰਘ ਲੰਬੀ ਤੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ 'ਆਪ' ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਉਨ੍ਹਾਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦੇ ਉਮੀਦਵਾਰ ਮਨਜਿੰਦਰ ਸਿੰਘ ਸਿਰਸਾ (ਦਿੱਲੀ ਕਮੇਟੀ ਦੇ ਜਨਰਲ ਸਕੱਤਰ) ਨੂੰ ਕਰਾਰੀ ਹਾਰ ਦਿੱਤੀ ਸੀ। ਜਰਨੈਲ ਸਿੰਘ ਉਦੋਂ ਚਰਚਾ ਵਿੱਚ ਆਏ ਸਨ ਜਦੋਂ ਉਨ੍ਹਾਂ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਨਾ ਮਿਲਣ ਦੇ ਰੋਸ ਵਜੋਂ ਕਾਂਗਰਸ ਹੈੱਡਕੁਆਰਟਰ ਵਿਚ ਪ੍ਰੈਸ ਕਾਨਫਰੰਸ ਦੌਰਾਨ ਤਤਕਾਲੀ ਗ੍ਰਹਿ ਮੰਤਰੀ ਪੀਥ ਚਿਦੰਬਰਮ ਵੱਲ ਆਪਣਾ ਜੁੱਤਾ ਸੁੱਟਿਆ ਸੀ। 'ਆਪ' ਦੇ ਸਿੱਖ ਚਿਹਰੇ ਵਜੋਂ ਮੰਨੇ ਜਾਂਦੇ ਜਰਨੈਲ ਸਿੰਘ ਨੂੰ ਸੰਜੇ ਸਿੰਘ ਨਾਲ ਪਾਰਟੀ ਨੇ ਪੰਜਾਬ ਇਕਾਈ ਦਾ ਸਹਾਇਕ ਇੰਚਾਰਜ ਵੀ ਬਣਾਇਆ ਸੀ। ਸ੍ਰੀ ਸੰਜੇ ਸਿੰਘ ਨੇ ਖ਼ੁਲਾਸਾ ਕੀਤਾ ਕਿ ਜਰਨੈਲ ਸਿੰਘ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਦਿੱਲੀ ਤੋਂ ਆਪਣੀ ਵੋਟ ਰੱਦ ਕਰਵਾਉਣ ਦੀ ਅਰਜ਼ੀ ਵੀ ਦਿੱਤੀ ਹੋਈ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਲੰਬੀ ਹਲਕੇ ਤੋਂ ਜਰਨੈਲ ਸਿੰਘ ਹੀ ਚੋਣ ਲੜਨਗੇ ਅਤੇ ਗਾਇਕ ਜੱਸੀ ਜਸਰਾਜ ਦੇ ਉਥੋਂ ਚੋਣ ਲੜਨ ਦੀਆਂ ਸਾਰੀਆਂ ਕਿਆਸਾਂ ਮਨਘੜਤ ਹਨ।



# ਨਵਜੋਤ ਸਿੱਧੂ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਹੀ ਚੋਣ ਲੜਨਗੇ : ਡਾ. ਨਵਜੋਤ ਕੌਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਛੇਤੀ ਹੀ ਕਾਂਗਰਸ ਵਿੱਚ ਸ਼ਾਮਲ ਹੋ ਕੇ ਅੰਮ੍ਰਿਤਸਰ ਆਉਣਗੇ। ਉਹ ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਵਜੋਂ ਚੋਣ ਲੜਨਗੇ। ਇਹ ਖ਼ੁਲਾਸਾ ਇੱਥੇ ਉਨ੍ਹਾਂ ਦੀ ਪਤਨੀ ਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਕੀਤਾ। ਇੱਥੇ ਸਰਕਟ ਹਾਊਸ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੀਤ ਚੇਅਰਮੈਨ ਰਾਜ ਕੁਮਾਰ ਵੇਰਕਾ ਅਤੇ ਡਾ. ਨਵਜੋਤ ਕੌਰ ਸਿੱਧੂ ਨੇ ਖ਼ੁਲਾਸਾ ਕੀਤਾ ਕਿ ਸ੍ਰੀ ਸਿੱਧੂ ਦਸ ਜਨਵਰੀ ਤਕ ਅੰਮ੍ਰਿਤਸਰ ਆਉਣਗੇ। ਉਨ੍ਹਾਂ ਦੱਸਿਆ ਕਿ ਕਾਂਗਰਸ ਹਾਈਕਮਾਂਡ ਨੇ ਸਪਸ਼ਟ ਕਰ ਦਿੱਤਾ ਹੈ ਕਿ ਸ੍ਰੀ ਸਿੱਧੂ ਲੋਕ ਸਭਾ ਦੀ ਉਪ ਚੋਣ ਨਹੀਂ ਲੜਨਗੇ ਸਗੋਂ ਸਿਰਫ਼ ਪੂਰਬੀ ਵਿਧਾਨ ਸਭਾ ਹਲਕੇ ਤੋਂ ਹੀ ਚੋਣ ਲੜਨਗੇ। ਜ਼ਿਕਰਯੋਗ ਹੈ ਕਿ ਇਸ ਹਲਕੇ ਤੋਂ ਪਹਿਲਾਂ ਡਾ. ਨਵਜੋਤ ਕੌਰ ਸਿੱਧੂ ਭਾਜਪਾ ਵੱਲੋਂ ਵਿਧਾਇਕਾ ਸੀ। ਹੁਣ ਉਨ੍ਹਾਂ ਨੇ ਆਪਣੇ ਪਤੀ ਵਾਸਤੇ ਇਹ ਸੀਟ ਛੱਡ ਦਿੱਤੀ ਹੈ। ਹੁਣ ਡਾ. ਸਿੱਧੂ ਆਪਣੇ ਪਤੀ ਦੀ ਸਹਾਇਕ ਵਜੋਂ ਉਨ੍ਹਾਂ ਨਾਲ ਪ੍ਰਚਾਰ ਕਰਨਗੇ। ਉਨ੍ਹਾਂ ਦੱਸਿਆ ਕਿ ਸ੍ਰੀ ਸਿੱਧੂ ਅਤੇ ਸ੍ਰੀ ਰਾਹੁਲ ਗਾਂਧੀ ਵਿਚਾਲੇ ਰਾਬਤਾ ਬਣਿਆ ਹੋਇਆ ਹੈ ਅਤੇ ਦੋਵਾਂ ਵਿਚਾਲੇ ਕਈ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਇਨ੍ਹਾਂ ਮੀਟਿੰਗਾਂ ਵਿਚ ਕਈ ਵਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੀ ਸ਼ਾਮਲ ਹੋਏ ਹਨ। ਇਸ ਮੌਕੇ ਰਾਜ ਕੁਮਾਰ ਵੇਰਕਾ ਨੇ ਆਖਿਆ ਕਿ ਨਵਜੋਤ ਸਿੰਘ ਸਿੱਧੂ ਦੀ ਆਮਦ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਸਰਵਉਚ ਅਦਾਲਤ ਨੇ ਰਾਜਸੀ ਪਾਰਟੀਆਂ 'ਤੇ ਧਰਮ ਦੇ ਨਾਂ 'ਤੇ ਵੋਟ ਮੰਗਣ ਉਤੇ ਰੋਕ ਲਾਈ ਹੈ। ਇਸ ਤਹਿਤ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ 'ਤੇ ਰੋਕ ਲਾਈ ਜਾਣੀ ਚਾਹੀਦੀ ਹੈ, ਕਿਉਂਕਿ ਇਸ ਪਾਰਟੀ ਵੱਲੋਂ ਧਾਰਮਿਕ ਚੋਣਾਂ ਵੀ ਲੜੀਆਂ ਜਾਂਦੀਆਂ ਹਨ ਅਤੇ ਧਰਮ ਦੇ ਨਾਂ 'ਤੇ ਵੋਟਾਂ ਮੰਗੀਆਂ ਜਾ ਰਹੀਆਂ ਹਨ। ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਆਧਾਰ 'ਤੇ ਸ਼੍ਰੋਮਣੀ ਅਕਾਲੀ ਦਲ ਉਤੇ ਪੰਜਾਬ ਵਿੱਚ ਚੋਣਾਂ ਲੜਨ ਉਤੇ ਤੁਰੰਤ ਰੋਕ ਲਾਈ ਜਾਵੇ।



## ਚੋਣਾਂ ਤੋਂ ਪਹਿਲਾਂ ਬਜਟ ਬਾਰੇ ਵਿਰੋਧੀ ਧਿਰਾਂ ਨੇ ਇਤਰਾਜ਼ ਪ੍ਰਗਟਾਇਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੰਜ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਵੱਲੋਂ ਕੇਂਦਰੀ ਬਜਟ ਪੇਸ਼ ਕਰਨ 'ਤੇ ਇਤਰਾਜ਼ ਪ੍ਰਗਟਾਉਂਦਿਆਂ ਕਾਂਗਰਸ ਸਮੇਤ ਹੋਰ ਵਿਰੋਧੀ ਪਾਰਟੀਆਂ ਨੇ ਚੋਣ ਕਮਿਸ਼ਨ ਕੋਲ ਇਹ ਮਾਮਲਾ ਉਠਾਇਆ। ਇਨ੍ਹਾਂ ਪਾਰਟੀਆਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਵੋਟਿੰਗ ਦੇ ਆਖ਼ਰੀ ਦਿਨ 8 ਮਾਰਚ ਤਕ ਬਜਟ ਪੇਸ਼ ਕਰਨ ਤੋਂ ਰੋਕਿਆ ਜਾਵੇ। ਮੁੱਖ ਚੋਣ ਕਮਿਸ਼ਨਰ ਨਸੀਮ ਜ਼ੈਦੀ ਨੂੰ ਮਿਲੇ ਵਫ਼ਦ ਵਿਚ ਜਨਤਾ ਦਲ (ਯੂ), ਬਸਪਾ, ਸਮਾਜਵਾਦੀ ਪਾਰਟੀ, ਡੀਐਮਕੇ, ਆਰਜੇਡੀ, ਤ੍ਰਿਣਮੂਲ ਕਾਂਗਰਸ ਅਤੇ ਹੋਰ ਪਾਰਟੀਆਂ ਦੇ ਆਗੂ ਸ਼ਾਮਲ ਸਨ। ਕਾਂਗਰਸ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ ਕਿ 2012 ਵਿਚ ਇਨ੍ਹਾਂ ਪੰਜ ਸੂਬਿਆਂ ਦੀਆਂ ਚੋਣਾਂ ਵੇਲੇ ਭਾਜਪਾ ਸਮੇਤ ਵਿਰੋਧੀ ਧਿਰ ਨੇ ਅਜਿਹੇ ਇਤਰਾਜ਼ ਪ੍ਰਗਟ ਕੀਤੇ ਸਨ ਜਿਸ ਪਿੱਛੋਂ ਕਾਂਗਰਸ ਨੇ ਬਜਟ 28 ਫਰਵਰੀ ਦੀ ਥਾਂ 'ਤੇ 16 ਮਾਰਚ ਨੂੰ ਪੇਸ਼ ਕੀਤਾ ਸੀ। ਆਨੰਦ ਸ਼ਰਮਾ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਨੇ ਕਦੇ ਵੀ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਬਜਟ ਦੀ ਵਰਤੋਂ ਨਹੀਂ ਕੀਤੀ।

### ਬਜਟ ਇਜਲਾਸ ਦਾ ਦੂਜਾ ਹਿੱਸਾ ਹੋ ਸਕਦਾ ਹੈ 9 ਮਾਰਚ ਤੋਂ :

ਉਧਰ ਸੰਸਦ ਦੇ ਬਜਟ ਇਜਲਾਸ ਦਾ ਦੂਜਾ ਹਿੱਸਾ 9 ਮਾਰਚ, ਵਿਧਾਨ ਸਭਾ ਚੋਣਾਂ ਦੇ ਆਖ਼ਰੀ ਪੜਾਅ ਤੋਂ ਇਕ ਦਿਨ ਬਾਅਦ, ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਜੋ 13 ਅਪਰੈਲ ਤਕ ਚਲੇਗਾ। ਉਂਜ ਬਜਟ ਇਜਲਾਸ 31 ਜਨਵਰੀ ਤੋਂ ਸ਼ੁਰੂ ਹੋ ਰਿਹਾ ਹੈ ਅਤੇ ਪਹਿਲੀ ਫਰਵਰੀ ਨੂੰ ਬਜਟ ਪੇਸ਼ ਕੀਤਾ ਜਾਣਾ ਹੈ। ਪਹਿਲਾ ਦੌਰ 9 ਫਰਵਰੀ ਤੱਕ ਚੱਲੇਗਾ।

# ਜਾਤ ਦੇ ਨਾਂ 'ਤੇ ਵੋਟਾਂ ਮੰਗਣ ਕਾਰਨ ਜਗੀਰ ਕੌਰ ਦੇ ਜਵਾਈ ਨੂੰ ਨੋਟਿਸ



**ਆਮ ਆਦਮੀ ਪਾਰਟੀ ਦੇ ਮਨੁੱਖੀ ਅਧਿਕਾਰ ਸੈੱਲ ਦੇ ਕਨਵੀਨਰ ਨਵਕਿਰਨ ਸਿੰਘ ਪੱਤਰਕਾਰਾਂ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਕਰਦੀ ਵੀਡੀਓ ਦਿਖਾਉਂਦੇ ਹੋਏ।**

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ (ਆਪ) ਨੇ ਸਾਬਕਾ ਮੰਤਰੀ ਬੀਬੀ ਜਗੀਰ ਕੌਰ ਦੇ ਜਵਾਈ ਤੇ ਅਕਾਲੀ ਦਲ-ਭਾਜਪਾ ਦੇ ਹਲਕਾ ਭੁਲੱਥ ਤੋਂ ਉਮੀਦਵਾਰ ਭੁਪਿੰਦਰ ਸਿੰਘ ਵਿਰੁੱਧ ਧਰਮ ਅਤੇ ਜਾਤ ਦੇ ਅਧਾਰ 'ਤੇ ਵੋਟਾਂ ਮੰਗਣ ਦੇ ਦੋਸ਼ਾਂ ਤਹਿਤ ਮੁੱਖ ਚੋਣ ਅਫ਼ਸਰ ਪੰਜਾਬ ਵੀ.ਕੇ. ਸਿੰਘ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਚੋਣ ਕਮਿਸ਼ਨ ਨੇ ਇਸ ਸ਼ਿਕਾਇਤ ਦੇ ਅਧਾਰ 'ਤੇ ਭੁਪਿੰਦਰ ਸਿੰਘ ਦੀ ਜਵਾਬਤਲਬੀ ਕਰ ਲਈ ਹੈ। ਇਸ ਤੋਂ ਇਲਾਵਾ 'ਆਪ' ਨੇ ਅਕਾਲੀ ਦਲ-ਭਾਜਪਾ ਗਠਜੋੜ ਵਿਰੁੱਧ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਿੰਨ ਹੋਰ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਪਾਰਟੀ ਦੇ ਮਨੁੱਖੀ ਅਧਿਕਾਰ ਸੈੱਲ ਦੇ ਕਨਵੀਨਰ ਸੀਨੀਅਰ ਵਕੀਲ ਨਵਕਿਰਨ ਸਿੰਘ ਨੇ ਇੱਥੇ ਵੀਡੀਓ ਦਿਖਾਉਂਦਿਆਂ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਜਵਾਈ ਤੇ ਭੁਲੱਥ ਹਲਕੇ ਦੇ ਉਮੀਦਵਾਰ ਭੁਪਿੰਦਰ ਸਿੰਘ ਨੇ ਚੋਣ ਮੀਟਿੰਗ ਦੌਰਾਨ ਇੱਕ ਧਾਰਮਿਕ ਡੇਰੇ ਦੇ ਸਾਬਕਾ ਮੁਖੀ ਸੰਤ ਪ੍ਰੇਮ ਸਿੰਘ ਦੇ ਨਾਂ ਉਪਰ ਵੋਟਾਂ ਮੰਗੀਆਂ ਹਨ।

ਬਾਕੀ ਸਫ਼ਾ 33 'ਤੇ

# ਜਗਮੀਤ ਬਰਾੜ ਵਿਧਾਨ ਸਭਾ ਨਹੀਂ ਪਰ ਅੰਮ੍ਰਿਤਸਰ ਲੋਕ ਸਭਾ ਸੀਟ 'ਤੇ ਲੜਨਗੇ

**ਬਰਨਾਲਾ/ਬਿਊਰੋ ਨਿਊਜ਼ :** ਤ੍ਰਿਣਮੂਲ ਕਾਂਗਰਸ (ਟੀਐਮਸੀ) ਦੇ ਪੰਜਾਬ ਪ੍ਰਧਾਨ ਜਗਮੀਤ ਬਰਾੜ ਨੇ ਕਿਹਾ ਕਿ ਉਹ ਖ਼ੁਦ ਸੂਬੇ ਵਿਚੋਂ ਕਿਸੇ ਵੀ ਵਿਧਾਨ ਸਭਾ ਹਲਕੇ ਤੋਂ ਚੋਣ ਨਹੀਂ ਲੜਨਗੇ, ਪਰ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਸਤੀਫ਼ਾ ਦੇ ਕੇ ਖਾਲੀ ਕੀਤੀ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਜ਼ਿਮਨੀ ਚੋਣ ਜ਼ਰੂਰ ਲੜਨਗੇ। ਉਨ੍ਹਾਂ ਨੇ ਇੱਥੇ ਯੂਥ ਕਾਂਗਰਸੀ ਆਗੂ ਗੁਰਕੀਮਤ ਸਿੰਘ ਸਿੱਧੂ ਨੂੰ ਟੀਐਮਸੀ ਵਿੱਚ ਸ਼ਾਮਲ ਕਰਨ ਲਈ ਕਰਵਾਏ ਸਮਾਗਮ ਦੌਰਾਨ ਕਿਹਾ ਕਿ ਟੀਐਮਸੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਰਹਿੰਦੇ ਉਮੀਦਵਾਰਾਂ ਦੀ ਸੂਚੀ 11 ਜਨਵਰੀ ਨੂੰ ਜਾਰੀ ਕਰ ਦਿੱਤੀ ਜਾਵੇਗੀ। ਜਦਕਿ ਟੀਐਮਸੀ ਵੱਲੋਂ ਨਾ ਲੜੀਆਂ ਜਾਣ ਵਾਲੀਆਂ ਸੀਟਾਂ 'ਤੇ 'ਆਪ' ਦੀ ਲੀਡਰਸ਼ਿਪ ਵੱਲੋਂ ਅਪੀਲ ਕਰਨ 'ਤੇ ਪਾਰਟੀ 'ਆਪ' ਉਮੀਦਵਾਰਾਂ ਦੀ ਹਮਾਇਤ ਕਰੇਗੀ।

ਉਨ੍ਹਾਂ ਕਿਹਾ ਕਿ ਟੀਐਮਸੀ ਵੱਲੋਂ ਹੁਣ ਤੱਕ ਪੰਜ ਉਮੀਦਵਾਰ ਐਲਾਨੇ ਜਾ ਚੁੱਕੇ ਹਨ ਅਤੇ 11 ਉਮੀਦਵਾਰਾਂ ਦੀ ਸੂਚੀ 11 ਜਨਵਰੀ ਨੂੰ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਨੇ ਪਾਰਟੀ ਉਮੀਦਵਾਰ ਦੀ ਗਿਣਤੀ ਸਬੰਧੀ ਕੋਈ ਖ਼ੁਲਾਸਾ ਨਹੀਂ ਕੀਤਾ। ਇਹ ਜ਼ਰੂਰ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਨਾ ਲੜੀਆਂ ਜਾਣ ਵਾਲੀਆਂ ਸੀਟਾਂ 'ਤੇ ਆਮ ਆਦਮੀ ਪਾਰਟੀ ਵੱਲੋਂ ਅਪੀਲ ਆਉਣ 'ਤੇ 'ਆਪ' ਉਮੀਦਵਾਰਾਂ ਦੀ ਹਮਾਇਤ ਨੂੰ ਤਰਜੀਹ ਦਿੱਤੀ ਜਾਵੇਗੀ।

ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭਗੌੜਾ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਅੰਮ੍ਰਿਤਸਰ ਦੇ ਵੋਟਰਾਂ/ਲੋਕਾਂ ਨਾਲ ਧੋਖਾ ਕੀਤਾ ਹੈ ਅਤੇ ਉਹ ਸੰਸਦ ਵਿੱਚ ਵੀ ਨਹੀਂ ਗਏ। ਉਨ੍ਹਾਂ ਕਿਹਾ ਕਿ ਕੈਪਟਨ ਸਭ ਤੋਂ ਘੱਟ ਹਾਜ਼ਰੀ ਵਾਲੇ ਸੰਸਦ ਮੈਂਬਰਾਂ ਵਿਚ ਸ਼ਾਮਲ ਰਹੇ ਹਨ। ਇਸ ਤੋਂ ਬਾਅਦ ਉਨ੍ਹਾਂ ਨੇ ਕਾਂਗਰਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਚੁੱਕੇ ਪੰਜਾਬ ਯੂਥ ਕਾਂਗਰਸ ਦੇ ਸੂਬਾਈ ਜਨਰਲ ਸਕੱਤਰ ਗੁਰਕੀਮਤ ਸਿੰਘ ਸਿੱਧੂ ਨੂੰ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਗੁਰਕੀਮਤ ਵਰਗੇ ਜੁਝਾਰੂ ਨੌਜਵਾਨ ਦੀਆਂ ਕਾਂਗਰਸ ਪਾਰਟੀ ਪ੍ਰਤੀ ਨਿਭਾਈਆਂ ਸੇਵਾਵਾਂ ਦੀ ਕਦਰ ਨਹੀਂ ਕੀਤੀ ਗਈ। ਇਸ ਗੱਲ ਤੋਂ ਖ਼ਫ਼ਾ ਹੋ ਕੇ ਉਨ੍ਹਾਂ ਨੇ ਕਾਂਗਰਸ ਨੂੰ ਅਲਵਿਦਾ ਆਖੀ ਹੈ। ਉਨ੍ਹਾਂ ਨੇ ਗੁਰਕੀਮਤ ਦੀ ਆਮਦ ਨੂੰ ਇਸ ਇਲਾਕੇ ਵਿੱਚ ਟੀਐਮਸੀ ਲਈ ਭਰਪੂਰ ਲਾਹੇਵੰਦ ਦੱਸਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਉਮੀਦਵਾਰਾਂ ਦੀ ਜਾਰੀ ਹੋਣ ਵਾਲੀ ਸੂਚੀ ਵਿੱਚ ਇਸ ਨੌਜਵਾਨ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ।



**ਬਰਨਾਲਾ ਵਿੱਚ ਪਾਰਟੀ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਟੀਐਮਸੀ ਦੇ ਸੂਬਾ ਪ੍ਰਧਾਨ ਜਗਮੀਤ ਸਿੰਘ ਬਰਾੜ।**

## 'ਆਪ' ਨਾਲ ਨਹੀਂ ਬਣੀ ਗੱਲ, ਜਗਮੀਤ ਸਿੰਘ ਬਰਾੜ ਨੇ ਐਲਾਨੇ ਤ੍ਰਿਣਮੂਲ ਕਾਂਗਰਸ ਦੇ ਪੰਜ ਉਮੀਦਵਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਤ੍ਰਿਣਮੂਲ ਕਾਂਗਰਸ ਦੇ ਸੂਬਾਈ ਪ੍ਰਧਾਨ ਜਗਮੀਤ ਸਿੰਘ ਬਰਾੜ ਨੇ ਪਾਰਟੀ ਦੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਵਿੱਚ ਫ਼ਤਹਿਗੜ੍ਹ ਸਾਹਿਬ ਤੋਂ ਸਾਬਕਾ ਮੰਤਰੀ ਡਾ. ਹਰਬੰਸ ਲਾਲ, ਮਾਲੇਰਕੋਟਲਾ ਤੋਂ ਬੇਗਮ ਪ੍ਰਵੀਨ ਨੁਸਰਤ, ਮੋਗਾ ਤੋਂ ਸਾਬਕਾ ਵਿਧਾਇਕ ਵਿਜੇ ਸਾਥੀ, ਬਾਘਾਪੁਰਾਣਾ ਤੋਂ ਪ੍ਰੋ. ਮਨਪ੍ਰੀਤ ਕੌਰ ਬਰਾੜ ਰਾਜੇਆਨਾ ਤੇ ਬੱਲੂਆਨਾ (ਰਾਖਵੀਂ) ਤੋਂ ਗਿਰੀਰਾਜ ਰਜੋਰਾ ਸ਼ਾਮਲ ਹਨ। ਹਾਲਾਂਕਿ ਸ੍ਰੀ ਬਰਾੜ ਨੇ ਇਹ ਪੁਸ਼ਟੀ ਨਹੀਂ ਕੀਤੀ ਹੈ ਕਿ ਟੀ.ਐਮ.ਸੀ. ਕਿੰਨੀਆਂ ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਉਹ ਹੋਰ ਨਾਵਾਂ ਦਾ ਐਲਾਨ ਕਰਨਗੇ। ਆਗੂਆਂ ਦਾ ਕਹਿਣਾ ਹੈ ਕਿ ਕੌਮੀ ਮੀਤ ਪ੍ਰਧਾਨ ਤੇ ਰਾਜ ਸਭਾ ਮੈਂਬਰ ਮੁਕੁਲ ਰਾਏ ਦੀ ਨਿਗਰਾਨੀ ਹੇਠ ਟੀ.ਐਮ.ਸੀ. ਦੀ ਕੇਂਦਰੀ ਚੋਣ ਅਬਜ਼ਰਵਰਾਂ ਦੀ ਇੱਕ ਟੀਮ ਨਿਯੁਕਤ ਕੀਤੀ ਗਈ ਹੈ ਤੇ ਆਉਂਦੇ ਦਿਨਾਂ ਵਿਚ ਮਮਤਾ ਬੈਨਰਜੀ ਟੀ.ਐਮ.ਸੀ. ਉਮੀਦਵਾਰਾਂ ਲਈ ਪ੍ਰਚਾਰ ਕਰਨਗੇ। 'ਆਪ' ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਟੀ.ਐਮ.ਸੀ. ਨਾਲ ਚੋਣਾਂ ਤੋਂ ਪਹਿਲਾਂ ਗਠਜੋੜ ਤੋਂ ਪਿੱਛੇ ਹਟਣ ਤੋਂ ਬਾਅਦ ਜਗਮੀਤ ਸਿੰਘ ਬਰਾੜ ਨੇ ਇਸ ਨੂੰ ਕੇਜਰੀਵਾਲ ਵੱਲੋਂ ਨਾਸਮਝੀ ਭਰਿਆ ਆਪਣੇ ਹੀ ਵੱਲ ਕੀਤਾ ਗੋਲ ਕਰਾਰ ਦਿੱਤਾ ਹੈ।

## ਚੋਣ ਜ਼ਾਬਤੇ ਦੀ ਉਲੰਘਣਾ 'ਚ 'ਆਪ' ਨੂੰ ਨੋਟਿਸ

**ਜਲੰਧਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ 2 ਮਾਮਲਿਆਂ ਵਿੱਚ ਚੋਣ ਅਧਿਕਾਰੀਆਂ ਨੇ ਨੋਟਿਸ ਭੇਜੇ ਹਨ। ਜਾਣਕਾਰੀ ਅਨੁਸਾਰ 'ਆਪ' ਵੱਲੋਂ ਜਲੰਧਰ ਛਾਉਣੀ ਅਤੇ ਜਲੰਧਰ ਕੇਂਦਰੀ ਵਿਧਾਨ ਸਭਾ ਹਲਕਿਆਂ ਵਿੱਚ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਗਈ। ਮਿੱਠਾਪੁਰ ਅਤੇ ਅਲੀਪੁਰ ਵਿੱਚ 'ਆਪ' ਦੇ ਵਰਕਰ ਲੋਕਾਂ ਦੇ ਨੀਲੇ ਕਾਰਡ ਬਣਾਉਣ ਲਈ ਫਾਰਮ ਭਰਵਾ ਰਹੇ ਸਨ। ਇਸ ਨੂੰ ਗੰਭੀਰਤਾ ਨਾਲ ਲੈਂਦਿਆਂ 'ਆਪ' ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਜਲੰਧਰ ਛਾਉਣੀ ਹਲਕੇ ਦੇ ਚੋਣ ਅਧਿਕਾਰੀ ਆਰ.ਪੀ ਸਿੰਘ ਨੇ ਦੱਸਿਆ ਕਿ ਇਹ ਚੋਣ ਜ਼ਾਬਤੇ ਦੀ ਉਲੰਘਣਾ ਦਾ ਮਾਮਲਾ ਹੈ ਤੇ ਪਾਰਟੀ ਨੂੰ ਨੋਟਿਸ ਭੇਜ ਦਿੱਤਾ ਗਿਆ ਹੈ। ਇੱਕ ਹੋਰ ਮਾਮਲੇ ਵਿੱਚ 'ਆਪ' ਦੇ ਐਲਾਨੇ ਉਮੀਦਵਾਰ ਨੇ ਚੋਣ ਜ਼ਾਬਤੇ ਦੀ ਉਲੰਘਣਾ ਕੀਤੀ ਹੈ। ਜਲੰਧਰ ਕੇਂਦਰ ਵਿਧਾਨ ਸਭਾ ਹਲਕੇ ਵਿੱਚ ਇੱਕ ਆਟੋ-ਰਿਕਸ਼ਾ 'ਤੇ ਐਲਈਡੀ ਲਾ ਕੇ ਪਾਰਟੀ ਦੇ ਉਮੀਦਵਾਰ ਸੰਜੀਵ ਸ਼ਰਮਾ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ। ਚੋਣ ਅਧਿਕਾਰੀ ਰਾਜੀਵ ਵਰਮਾ ਨੇ ਦੱਸਿਆ ਕਿ ਆਟੋ ਰਿਕਸ਼ੇ 'ਤੇ ਪ੍ਰਚਾਰ ਕਰਨ ਦੀ ਇਜਾਜ਼ਤ ਨਹੀਂ ਲਈ ਗਈ ਸੀ। ਉਨ੍ਹਾਂ ਕਿਹਾ ਕਿ ਚੋਣ ਅਧਿਕਾਰੀ ਦੇ ਹੁਕਮਾਂ 'ਤੇ ਆਟੋ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਉਸ ਵਿਰੁੱਧ 188 ਸੀਆਰਪੀਸੀ ਧਾਰਾ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ 'ਆਪ' ਨੂੰ ਨੋਟਿਸ ਭੇਜਿਆ ਗਿਆ ਹੈ।

# ਅਮਰੀਕੀ ਫ਼ੌਜ ਵਿਚ ਦਸਤਾਰ ਸਜਾਉਣ, ਦਾੜ੍ਹੀ ਰੱਖਣ ਅਤੇ ਹਿਜਾਬ ਦੀ ਮਨਜ਼ੂਰੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਫ਼ੌਜ ਨੇ ਸਿੱਖਾਂ ਸਮੇਤ ਸਾਰੇ ਘੱਟ ਗਿਣਤੀ ਧਰਮਾਂ ਨੂੰ ਫ਼ੌਜ ਵਿਚ ਸੁਤੰਤਰ ਢੰਗ ਨਾਲ ਆਪਣੀਆਂ ਸੇਵਾਵਾਂ ਦੇ ਸਕਣ ਦਾ ਅਧਿਕਾਰ ਦਿੰਦਿਆਂ ਧਾਰਮਿਕ ਆਜ਼ਾਦੀ ਨਾਲ ਜੁੜੇ ਹੋਏ ਨਿਯਮ ਜਾਰੀ ਕੀਤੇ ਹਨ। ਇਨ੍ਹਾਂ ਨੇਮਾਂ ਰਾਹੀਂ ਫ਼ੌਜ ਨੇ ਦਸਤਾਰ ਸਜਾਉਣ, ਹਿਜਾਬ ਪਹਿਨਣ ਜਾਂ ਦਾੜ੍ਹੀ ਰੱਖਣ ਵਾਲੇ ਵਿਅਕਤੀਆਂ ਨੂੰ ਫ਼ੌਜ ਵਿਚ ਭਰਤੀ ਹੋਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਫ਼ੌਜ ਦੇ ਸਕੱਤਰ ਐਰਿਕ ਫੈਨਿੰਗ ਵੱਲੋਂ ਜਾਰੀ ਕੀਤੇ ਗਏ ਨਵੇਂ ਨੇਮਾਂ ਤਹਿਤ ਬ੍ਰਿਗੇਡ ਪੱਧਰ 'ਤੇ ਧਾਰਮਿਕ ਪਛਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਸਕੱਤਰ ਪੱਧਰ ਤਕ ਲਈ ਇਹ ਮਨਜ਼ੂਰੀ ਦਿੱਤੀ ਗਈ ਸੀ। ਇਸ ਮਨਜ਼ੂਰੀ ਤੋਂ ਬਾਅਦ ਹੋਣ ਵਾਲੇ ਬਦਲਾਅ ਇਹ ਯਕੀਨੀ ਬਣਾਉਣਗੇ ਕਿ ਧਾਰਮਿਕ ਪਛਾਣ ਸਬੰਧੀ ਨੇਮਾਂ ਨੂੰ ਪੱਕੇ ਤੌਰ 'ਤੇ ਮਨਜ਼ੂਰ ਕਰ ਲਿਆ ਜਾਵੇ ਅਤੇ ਅਮਰੀਕੀ ਫ਼ੌਜ ਦੇ ਜ਼ਿਆਦਾਤਰ ਅਹੁਦਿਆਂ 'ਤੇ ਵੀ ਇਹ ਲਾਗੂ ਹੋਣ। ਨਵੇਂ ਨੇਮ ਉਨ੍ਹਾਂ ਸਿੱਖ ਫ਼ੌਜੀਆਂ ਦੀਆਂ ਪਟੀਸ਼ਨਾਂ 'ਤੇ ਆਏ ਹਨ ਜੋ ਧਰਮ ਕਰ ਕੇ ਦਾੜ੍ਹੀ ਰੱਖਦੇ ਹਨ ਅਤੇ ਦਸਤਾਰ ਸਜਾਉਂਦੇ ਹਨ। ਨੇਮਾਂ ਵਿਚ ਕਿਹਾ ਗਿਆ ਹੈ ਕਿ ਵਿਰਲੇ ਮੌਕਿਆਂ ਨੂੰ ਛੱਡ ਕੇ ਸਿੱਖਾਂ ਨੂੰ ਦੇਸ਼ ਦੀ ਸੇਵਾ ਦੌਰਾਨ ਉਨ੍ਹਾਂ ਦੇ ਕੱਕਾਰਾਂ ਵਿਚ ਸ਼ਾਮਲ ਕੇਸਾਂ ਜਾਂ ਦਾੜ੍ਹੀ ਅਤੇ ਦਸਤਾਰ ਨੂੰ ਹਟਾਉਣ ਲਈ ਮਜਬੂਰ ਨਹੀਂ ਕੀਤਾ ਜਾਏਗਾ। ਕਾਂਗਰਸ ਮੈਂਬਰ ਜੋਇ ਕ੍ਰਾਉਲੇ ਨੇ ਅਮਰੀਕੀ ਫ਼ੌਜੀ ਸਕੱਤਰ ਵੱਲੋਂ ਜਾਰੀ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਨਾ ਸਿਰਫ਼ ਸਿੱਖਾਂ ਸਗੋਂ ਮੁਲਕ ਦੀ ਫ਼ੌਜ ਲਈ ਇਹ ਵੱਡੀ ਤਰੱਕੀ ਹੈ। ਉਨ੍ਹਾਂ ਕਿਹਾ ਕਿ ਸਿੱਖ-ਅਮਰੀਕੀ ਇਸ ਮੁਲਕ ਨੂੰ ਪਿਆਰ ਕਰਦੇ ਹਨ ਅਤੇ ਦੇਸ਼ ਦੀ ਸੇਵਾ ਲਈ ਮੌਕਾ ਚਾਹੁੰਦੇ ਹਨ। 'ਇਸ ਐਲਾਨ ਨਾਲ ਉਨ੍ਹਾਂ ਦੀ ਇਹ ਮਨਸ਼ਾ ਵੀ ਪੂਰੀ ਹੋ ਜਾਏਗੀ।'



**'ਸਾਡੀ ਮੰਗ ਅਜੇ ਅਧੂਰੀ' :** ਸਿੱਖ-ਅਮਰੀਕੀ ਕੋਲੀਜ਼ਨ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਮੰਗ ਅਜੇ ਅਧੂਰੀ ਹੈ। ਕੋਲੀਜ਼ਨ ਦੀ ਕਾਨੂੰਨੀ ਨਿਰਦੇਸ਼ਕ ਹਰਸਿਮਰਨ ਕੌਰ ਨੇ ਕਿਹਾ, "ਅਸੀਂ ਨੀਤੀ ਵਿਚ ਪੱਕੇ ਤੌਰ 'ਤੇ ਬਦਲਾਅ ਚਾਹੁੰਦੇ ਹਾਂ ਜੋ ਸਾਰੇ ਘੱਟ-ਗਿਣਤੀ ਧਰਮਾਂ ਨੂੰ ਆਜ਼ਾਦ ਢੰਗ ਨਾਲ ਸੇਵਾ ਕਰਨ ਦੀ ਪ੍ਰਵਾਨਗੀ ਦੇਵੇ। ਅਸੀਂ ਫ਼ੌਜ ਵੱਲੋਂ ਧਾਰਮਿਕ ਸਹਿਣਸ਼ੀਲਤਾ ਅਤੇ ਭਿੰਨਤਾ ਵੱਲ ਦਿਖਾਈ ਗਈ ਪ੍ਰਗਤੀ ਤੋਂ ਖ਼ੁਸ਼ ਹਾਂ।" ਕਈ ਸਿੱਖ ਫ਼ੌਜੀਆਂ ਦੇ ਕੇਸ ਲੜ ਰਹੀ ਬੈਕੇਟ ਲਾਅ ਦੇ ਸੀਨੀਅਰ ਵਕੀਲ ਐਰਿਕ ਬੈਕਸਟਰ ਨੇ ਕਿਹਾ ਕਿ ਸਿੱਖ ਸੈਨਿਕਾਂ ਨਾਲ ਲੈਸ ਫ਼ੌਜ ਕਿਤੇ ਵੱਧ ਮਜ਼ਬੂਤ ਹੋਏਗੀ।

**ਨੈਸ਼ਨਲ ਸਿੱਖ ਕੈਂਪੇਨ ਵਲੋਂ ਸ਼ਲਾਘਾ :** ਨੈਸ਼ਨਲ ਸਿੱਖ ਕੈਂਪੇਨ ਨੇ ਅਮਰੀਕੀ ਫ਼ੌਜ ਵਿਚ ਧਾਰਮਿਕ ਚਿੰਨ੍ਹ ਪਹਿਨਣ ਦੀ ਆਗਿਆ ਮਿਲਣ ਦਾ ਸਵਾਗਤ ਕੀਤਾ ਹੈ। ਇਸ ਨਾਲ ਅਮਰੀਕੀ ਸਿੱਖਾਂ ਤੇ ਹੋਰ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਮੁਲਕ ਦੀ ਸੇਵਾ ਕਰਨ ਦਾ ਮੌਕਾ ਮਿਲੇਗਾ।

# ਪੰਜ ਭਾਰਤੀ-ਅਮਰੀਕੀਆਂ ਨੇ ਕਾਂਗਰਸ ਦੇ ਮੈਂਬਰਾਂ ਵਜੋਂ ਸਹੁੰ ਚੁੱਕ ਕੇ ਇਤਿਹਾਸ ਸਿਰਜਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :**ਅਮਰੀਕੀ ਵਸੋਂ ਦਾ ਮਹਿਜ਼ ਇਕ ਫ਼ੀਸਦ ਘੱਟਗਿਣਤੀ ਭਾਰਤੀ-ਅਮਰੀਕੀ ਭਾਈਚਾਰੇ ਦੇ ਪੰਜ ਆਗੂਆਂ ਨੇ ਅਮਰੀਕੀ ਕਾਂਗਰਸ ਦੇ ਮੈਂਬਰ ਵਜੋਂ ਹਲਫ਼ ਲੈ ਕੇ ਇਤਿਹਾਸ ਸਿਰਜ ਦਿੱਤਾ ਹੈ। ਕਮਲਾ ਹੈਰਿਸ (52) ਨੇ ਕੈਲੀਫੋਰਨੀਆ ਦੀ ਸੈਨੇਟਰ ਵਜੋਂ ਹਲਫ਼ ਲਿਆ। ਉਨ੍ਹਾਂ ਨੂੰ ਅਮਰੀਕਾ ਦੇ ਉਪ ਰਾਸ਼ਟਰਪਤੀ ਜੋਏ ਬਿਡੇਨ ਨੇ ਸਹੁੰ ਚੁਕਾਈ। ਕਮਲਾ ਦੀ ਮਾਂ ਭਾਰਤੀ ਤੇ ਪਿਤਾ ਜਮਾਇਕਾ ਤੋਂ ਸੀ। ਉਹ ਅਜਿਹੀ ਪਹਿਲੀ ਭਾਰਤੀ ਅਮਰੀਕੀ ਹੈ, ਜੋ ਸੈਨੇਟ ਵਿੱਚ ਆਪਣੀਆਂ ਸੇਵਾਵਾਂ ਦੇਵੇਗੀ। ਇਸ ਤੋਂ ਪਹਿਲਾਂ ਉਹ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਸੀ। ਉਨ੍ਹਾਂ ਨੇ ਸੈਨੇਟਰ ਬਾਰਬਰਾ ਬਾਕਸਰ ਦੀ ਜਗ੍ਹਾ ਲਈ ਹੈ। ਇਸ ਮੌਕੇ ਕਮਲਾ ਨੇ ਕਿਹਾ, 'ਮੈਂ ਅਮਰੀਕੀ ਸੈਨੇਟ ਵਜੋਂ ਹਲਫ਼ ਲਈ ਹੈ। ਮੈਂ ਤੁਹਾਡੀ ਅਤੇ ਕੈਲੀਫੋਰਨੀਆ ਦੇ ਲੋਕਾਂ ਦੀ ਸੇਵਾ ਲਈ ਆਪਣੇ ਆਪ ਨੂੰ ਵੱਡਭਾਗਾ ਅਤੇ ਸਨਮਾਨਿਤ ਮਹਿਸੂਸ ਕਰ ਰਹੀ ਹਾਂ। ਆਓ ਕੰਮ ਵਿੱਚ ਜੁਟੀਏ।' ਆਪਣੀ ਚੋਣ ਬਾਅਦ ਉਨ੍ਹਾਂ ਨੇ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਰਿਪਬਲਿਕਨ ਮੈਂਬਰਾਂ ਦੀ ਕਥਿਤ ਵੰਡੀਆਂ ਪਾਉਣ ਵਾਲੀਆਂ ਨੀਤੀਆਂ ਨਾਲ ਲੜਨਾ ਹੋਵੇਗਾ। ਕੁੱਝ ਹੀ ਘੰਟਿਆਂ ਬਾਅਦ ਚਾਰ ਭਾਰਤੀ ਅਮਰੀਕੀਆਂ ਨੇ ਹਾਊਸ ਚੈਂਬਰਜ਼ ਦੇ ਮੈਂਬਰਾਂ ਵਜੋਂ ਹਲਫ਼ ਲਿਆ। ਇਨ੍ਹਾਂ ਵਿੱਚ ਕਾਂਗਰਸ ਮੈਂਬਰ ਐਮੀ ਬੇਰਾ ਵੀ ਸਨ, ਜਿਨ੍ਹਾਂ ਨੂੰ ਲਗਾਤਾਰ ਤੀਜੇ ਕਾਰਜਕਾਲ ਲਈ ਚੁਣਿਆ ਗਿਆ ਹੈ। ਇਸ ਤਰ੍ਹਾਂ ਐਮੀ ਬੇਰਾ (51) ਨੇ ਦਲੀਪ ਸਿੰਘ ਸੰਧੂ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਇਨ੍ਹਾਂ ਭਾਰਤੀਆਂ ਵਿੱਚ ਸਿਲੀਕਾਨ ਵੈਲੀ ਦੀ ਨੁਮਾਇੰਦਗੀ ਕਰਨ ਵਾਲੇ ਰੋ ਖੰਨਾ (40) ਵੀ ਹਨ। ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ (42) ਨੇ ਇਲਿਨੌਇ ਤੋਂ ਚੋਣ ਜਿੱਤਣ ਬਾਅਦ ਗੀਤਾ 'ਤੇ ਹੱਥ ਰੱਖ ਕੇ ਸਹੁੰ ਖਾਧੀ। ਤੁਲਸੀ ਗਬਾਰਡ ਬਾਅਦ ਉਹ ਦੂਜੇ ਅਮਰੀਕੀ ਸੰਸਦ ਮੈਂਬਰ ਹਨ, ਜਿਸ ਨੇ ਗੀਤਾ 'ਤੇ ਹੱਥ ਰੱਖ ਕੇ ਹਲਫ਼ ਲਿਆ। ਅਮਰੀਕੀ ਕਾਂਗਰਸ ਲਈ ਚੁਣੀ ਗਈ ਪਹਿਲੀ ਹਿੰਦੂ ਤੁਲਸੀ ਗਬਾਰਡ ਨੇ ਲਗਾਤਾਰ ਤੀਜੇ ਕਾਰਜਕਾਲ ਲਈ ਹਲਫ਼ ਲਿਆ। ਕੌਮੀ ਪੱਧਰ 'ਤੇ ਆਪਣੀ ਵੱਖਰੀ ਜਗ੍ਹਾ ਬਣਾ ਚੁੱਕੀ ਪ੍ਰਮਿਲਾ ਜੈਪਾਲ (51) ਹਲਫ਼ ਲੈਣ ਤੋਂ ਪਹਿਲਾਂ ਹੀ ਅਮਰੀਕੀ ਪ੍ਰਤੀਨਿਧ ਸਭਾ ਵਿੱਚ ਪਹਿਲੀ ਭਾਰਤੀ ਅਮਰੀਕੀ ਮਹਿਲਾ ਬਣ ਚੁੱਕੀ ਹੈ। ਇਸ ਮੌਕੇ ਖਾਸ ਤੌਰ 'ਤੇ ਭਾਰਤ ਤੋਂ ਪਹੁੰਚੀ ਉਨ੍ਹਾਂ ਦੀ 78 ਸਾਲਾ ਮਾਂ ਗੈਲਰੀ ਵਿੱਚ ਬੈਠ ਕੇ ਹਲਫ਼ਦਾਰੀ ਸਮਾਗਮ ਦੇਖ ਰਹੀ ਸੀ। ਪ੍ਰਮਿਲਾ ਨੇ ਕਿਹਾ, 'ਅੱਜ ਦਾ ਦਿਨ ਮੇਰੇ ਬਾਰੇ ਨਹੀਂ ਬਲਕਿ ਸਾਡੇ ਬਾਰੇ ਹੈ। ਮੈਂ ਅਹਿਦ ਲੈਂਦੀ ਹਾਂ ਕਿ ਮੈਂ ਕਾਂਗਰਸ ਵਿੱਚ ਇਕ ਸਾਂਵਲੀ ਔਰਤ, ਇਕ ਪਰਵਾਸੀ ਅਤੇ ਵਾਸ਼ਿੰਗਟਨ ਵਾਸੀ ਵਜੋਂ ਆਪਣੇ ਤਜਰਬੇ ਦੀ ਵਰਤੋਂ ਅਨਿਆਂ ਖ਼ਿਲਾਫ਼ ਆਵਾਜ਼ ਉਠਾਉਣ ਲਈ, ਲੋਕਾਂ ਦੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਦੇ ਰਚਨਾਤਮਕ ਹੱਲ ਉਤੇ ਜ਼ੋਰ ਦੇਣ ਲਈ ਅਤੇ ਸੰਭਵ ਵਿਚਲਾ ਰਸਤਾ ਕੱਢਣ ਦਾ ਯਤਨ ਕਰਾਂਗੀ।' ਇਥੋਂ ਇਕ ਮੀਲ ਦੂਰ ਦੇਸ਼ ਭਰ ਦੇ ਭਾਰਤੀ ਅਮਰੀਕੀਆਂ ਨੇ ਰਾਤ ਸਮੇਂ ਇਸ ਇਤਿਹਾਸਕ ਮੌਕੇ ਦਾ ਜਸ਼ਨ ਮਨਾਇਆ।

## ਅਮਰੀਕੀ ਕਾਂਗਰਸ ਲਈ ਚੁਣੇ ਗਏ ਭਾਰਤੀ ਅਮਰੀਕੀਆਂ ਦੇ ਸਨਮਾਨ ਲਈ ਵੱਡੀ ਗਿਣਤੀ ਵਿਚ ਭਾਰਤੀ ਇਕੱਠੇ ਹੋਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ,** ਵਾਸ਼ਿਗਟਨ ਡੀ ਸੀ ਵਿਚ ਬੀਤੇ ਦਿਨੀਂ ਹੋਏ ਭਾਰਤੀਆਂ ਦੇ ਸਾਲਾਨਾ ਸਮਾਗਮ ਵਿਚ ਵੱਡੀ ਗਿਣਤੀ ਵਿਚ ਭਾਰਤੀ ਅਮਰੀਕੀ ਸਿਆਸਤਦਾਨ ਤੇ ਭਾਈਚਾਰੇ ਦੇ ਆਗੂ ਕਾਂਗਰਸੀ ਮੈਂਬਰਾਂ ਤੇ ਓਬਾਮਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਸ਼ਾਮਲ ਹੋਏ। ਇਸ ਮੌਕੇ ਪੰਜ ਭਾਰਤੀ ਅਮਰੀਕੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਜਿਹੜੇ ਕਿ ਸਾਲ 2016 ਦੀ ਚੋਣ ਦੌਰਾਨ ਅਮਰੀਕੀ ਸਦਨ ਤੇ ਸੈਨੇਟ ਲਈ ਚੁਣੇ ਗਏ ਸਨ। ਇਨ੍ਹਾਂ ਵਿਚ ਰਿਪਬਲਿਕਨ ਐਮੀ ਬੇਰਾ, ਜੋ ਕਿ ਤੀਜੀ ਵਾਰ ਕੈਲੀਫੋਰਨੀਆ ਤੋਂ ਚੁਣੇ ਗਏ ਹਨ ਦੇ ਨਾਲ ਨਵੇਂ ਬਣੇ ਮੈਂਬਰ ਆਰ ਓ ਖੰਨਾ, ਪ੍ਰਮੀਲਾ ਜੈਪਾਲ ਤੇ ਰਾਜਾ ਕ੍ਰਿਸ਼ਨਾਮੂਰਤੀ ਵੀ ਸ਼ਾਮਲ ਸਨ। ਨਵੇਂ ਮੈਂਬਰਾਂ ਦੀ ਖ਼ੁਸ਼ੀ ਦਾ ਟਿਕਾਣਾ ਨਹੀਂ ਸੀ ਤੇ ਉਹ ਇਸ ਸਮਾਗਮ ਕਰਵਾਉਣ ਵਾਲਿਆਂ ਦਾ ਧੰਨਵਾਦ ਅਤੇ ਅਮਰੀਕੀ ਕਾਂਗਰਸਮੈਨ ਬਣਨ 'ਤੇ ਮਾਣ ਮਹਿਸੂਸ ਕਰ ਰਹੇ ਸਨ। ਵਰਜੀਨੀਆ ਤੋਂ ਡੈਮੋਕਰੈਟ ਸੈਨੇਟਰ ਮਾਰਕ ਵਾਰਨਰ, ਜੋ ਕਿ ਭਾਰਤੀ ਕਾਕਸ ਦੇ ਸਹਿ ਪ੍ਰਧਾਨ ਹਨ, ਵੀ ਇਸ ਸਮਾਗਮ ਵਿਚ ਸ਼ਾਮਲ ਹੋਏ। ਇਸ ਦੇ ਨਾਲ ਡੈਮੋਕਰੈਟਿਕ ਉਪ ਰਾਸ਼ਟਰਪਤੀ ਦੇ ਉਮੀਦਵਾਰ ਟਿਮ ਕੈਨੇ, ਸੈਨੇਟਰ ਡੈਨ ਸੁਲੀਵਾਨ, ਨੈਨਸੀ ਪਲੋਸੀ, ਜੋ ਕਰੋਲੀ, ਕੈਰੋਲਿਨ ਮਾਲੋਨੀ, ਤੁਲਸੀ ਗਬਾਰਡ ਕਈ ਸਿਆਸਤਦਾਨ ਸ਼ਾਮਲ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਅਮਰੀਕਾ ਵਿਚ ਭਾਰਤੀ ਰਾਜਦੂਤ ਨਵਤੇਜ ਸਰਨਾ ਦੀ ਭਾਰਤੀ ਅਮਰੀਕੀ ਭਾਈਚਾਰੇ ਨਾਲ ਜਾਣ ਪਛਾਣ ਕਰਵਾਈ ਗਈ।









# ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਲੱਖਾਂ ਸੰਗਤਾਂ ਨੇ ਹਾਜ਼ਰੀ ਭਰੀ

## ਗੁਰੂ ਗੋਬਿੰਦ ਸਿੰਘ ਜੀ ਦਿੱਬ ਦ੍ਰਿਸ਼ਟੀ ਦੇ ਮਾਲਕ ਸਨ : ਮੋਦੀ

### ਪ੍ਰਕਾਸ਼ ਦਿਹਾੜੇ ਲਈ ਨਿਭਾਈ ਸੇਵਾ ਵਾਸਤੇ ਖ਼ੁਦ ਨੂੰ ਸੁਭਾਗੀ ਮੰਨਦਾ : ਨਿਤਿਸ਼ ਕੁਮਾਰ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਮਾਗਮ ਦੌਰਾਨ ਗੁਰੂ ਸਾਹਿਬ ਦੀ ਤਸਵੀਰ ਨੂੰ ਸ਼ਰਧਾ ਨਾਲ ਦੇਖਦੇ ਹੋਏ ਅਤੇ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ

**ਪਟਨਾ ਸਾਹਿਬ/ਬਿਊਰੋ ਨਿਊਜ਼:** ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਆਈਆਂ ਸ਼ਖ਼ਸੀਅਤਾਂ ਅਤੇ ਸੰਗਤਾਂ ਨੂੰ ਜੀ ਆਇਆ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ। ਸਟੇਜ ਸਕੱਤਰ ਦੀ ਭੂਮਿਕਾ ਡਾ. ਜਸਪਾਲ ਸਿੰਘ ਉਪ ਕੁਲਪਤੀ ਪਟਿਆਲਾ ਯੂਨੀਵਰਸਿਟੀ ਵੱਲੋਂ ਬਾਖ਼ੂਬੀ ਨਿਭਾਈ ਗਈ। ਇਲਾਹੀ ਗੁਰਬਾਣੀ ਦਾ ਕੀਰਤਨ ਭਾਈ ਰਾਏ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਕੀਤਾ ਗਿਆ। ਇਸ ਤੋਂ ਪਹਿਲਾਂ ਭਾਈ ਚਰਨਜੀਤ ਸਿੰਘ ਲਾਲ ਦਿੱਲੀ ਵਾਲੇ, ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵੱਲੋਂ ਕੀਰਤਨ ਕੀਤਾ ਗਿਆ।

ਪ੍ਰਕਾਸ਼ ਪੁਰਬ ਸਬੰਧੀ ਸਮਾਗਮ ਮੌਕੇ ਇੱਥੋਂ ਦੇ ਗਾਂਧੀ ਮੈਦਾਨ ਵਿੱਚ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਗੁਰੂ ਸਾਹਿਬ ਦਾ ਜੀਵਨ ਪੂਰੀ ਦੁਨੀਆ ਲਈ ਪ੍ਰੇਰਨਾਦਾਇਕ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਦੁਨੀਆ ਭਰ ਵਿੱਚ ਭਾਰਤੀ ਸਫਾਰਤਖਾਨਿਆਂ ਨੂੰ ਪ੍ਰਕਾਸ਼ ਪੁਰਬ ਭਾਰਤੀਆਂ ਖਾਸ ਕਰ ਕੇ ਸਿੱਖ ਭਾਈਚਾਰੇ ਨੂੰ ਨਾਲ ਲੈ ਕੇ ਮਨਾਉਣ ਲਈ ਕਿਹਾ ਹੈ। ਉਨ੍ਹਾਂ ਆਪਣਾ ਭਾਸ਼ਣ ਗੁਰੂ ਗੋਬਿੰਦ ਸਿੰਘ ਜੀ ਦੇ ਤਿਆਗ, ਯੁੱਧਨੀਤੀ, ਸਾਹਿਤਕ ਰੁਚੀਆਂ ਅਤੇ ਜਾਤ-ਪਾਤ ਤੋਂ ਬਿਨਾਂ ਸਮਾਜ ਸਿਰਜਣ ਦੀ ਦੂਰ-ਅੰਦੇਸ਼ੀ ਦੁਆਲੇ ਕੇਂਦਰਿਤ ਰੱਖਿਆ। ਉਨ੍ਹਾਂ ਪ੍ਰਕਾਸ਼ ਪੁਰਬ ਲਈ ਕੀਤੇ ਸ਼ਾਨਦਾਰ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਸ਼ਲਾਘਾ ਕੀਤੀ।

ਸ੍ਰੀ ਮੋਦੀ ਨੇ ਕਿਹਾ ਕਿ ਗੁਰੂ ਸਾਹਿਬ ਦਾ ਆਪਣੇ ਪਿਤਾ ਤੇ ਪੁੱਤਰਾਂ ਦਾ ਬਲੀਦਾਨ ਆਪਣੇ ਆਪ ਵਿੱਚ ਬਹੁਤ ਵੱਡੀ ਕੁਰਬਾਨੀ ਹੈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦਿੱਬ ਦ੍ਰਿਸ਼ਟੀ ਦੇ ਮਾਲਕ ਸਨ ਅਤੇ ਇਸ ਕਰ ਕੇ ਉਨ੍ਹਾਂ ਗੁਰਗੱਦੀ ਕਿਸੇ ਵਿਅਕਤੀ ਨੂੰ ਦੇਣ ਦੀ ਬਜਾਏ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ। ਉਨ੍ਹਾਂ ਕਿਹਾ ਕਿ ਪੰਜ ਪਿਆਰਿਆਂ ਦੀ ਸਾਜਨਾ ਵੇਲੇ ਉਨ੍ਹਾਂ ਦੇਸ਼ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹਣ ਲਈ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਪੰਜ ਪਿਆਰਿਆਂ ਦੀ ਚੋਣ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਅਜਿਹਾ ਕਰ ਕੇ ਨਵੀਂ ਰਵਾਇਤ ਤੋਰੀ ਕਿ ਸਾਰੇ ਫੈਸਲੇ ਪੰਜਾਂ ਪਿਆਰਿਆਂ ਦੀ ਸਹਿਮਤੀ ਨਾਲ ਲਏ ਜਾਣਗੇ ਅਤੇ ਉਹ ਫੈਸਲਾ ਗੁਰੂ ਸਾਹਿਬ 'ਤੇ ਵੀ ਲਾਗੂ ਹੋਵੇਗਾ। ਪ੍ਰਧਾਨ ਮੰਤਰੀ ਨੇ ਬਿਹਾਰ ਵਿੱਚ ਸ਼ਰਾਬਬੰਦੀ ਦੇ ਫੈਸਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਮਾਮਲੇ ਵਿੱਚ ਨਿਤਿਸ਼ ਕੁਮਾਰ ਦਾ ਸਾਥ ਦੇਣ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਨਿਤਿਸ਼ ਕੁਮਾਰ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 10 ਰੁਪਏ ਵਾਲੀ ਡਾਕ ਟਿਕਟ ਜਾਰੀ ਕੀਤੀ ਗਈ।



ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਤਖ਼ਤ ਪਟਨਾ ਸਾਹਿਬ 'ਚ ਨਤਮਸਤਕ ਹੋਣ ਲਈ ਜੁੜਿਆ ਸੰਗਤਾਂ ਦਾ ਸੈਲਾਬ।



ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਪਟਨਾ ਸਾਹਿਬ ਵਿਖੇ ਬੁੱਧਵਾਰ ਨੂੰ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਹੋਏ ਵਿਸ਼ਾਲ ਨਗਰ ਕੀਰਤਨ ਵਿੱਚ ਜੁੜੀ ਸੰਗਤ।

## ਖ਼ਾਲਸਾਈ ਰੰਗ ਵਿਚ ਰੰਗਿਆ ਗਿਆ ਤਖ਼ਤ ਪਟਨਾ ਸਾਹਿਬ

### *ਨਗਰ ਕੀਰਤਨ ਨੂੰ ਰਸਤਾ ਤੈਅ ਕਰਨ 'ਚ ਲੱਗੇ ਗਿਆਰਾਂ ਘੰਟੇ*

**ਪਟਨਾ ਸਾਹਿਬ/ਬਿਊਰੋ ਨਿਊਜ਼ :** ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗਾਂਧੀ ਮੈਦਾਨ ਤੋਂ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਤੱਕ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਗੁਰੂ ਗ੍ਰੰਥ ਸਾਹਿਬ ਸੁਨਹਿਰੀ ਪਾਲਕੀ ਵਿੱਚ ਸੁਸ਼ੋਭਿਤ ਸੀ। ਇਸ ਦੌਰਾਨ 22 ਕਿਲੋਮੀਟਰ ਦਾ ਰਸਤਾ ਤੈਅ ਕਰਨ ਲਈ 11 ਘੰਟੇ ਲੱਗ ਗਏ।

ਪਾਲਕੀ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਭਾਈ ਜਗਤਾਰ ਸਿੰਘ ਸਵਾਰ ਸਨ। ਨਗਰ ਕੀਰਤਨ ਅੱਗੇ ਨਿਹੰਗ ਜਥੇਬੰਦੀਆਂ ਵੱਲੋਂ ਗੱਤਕੇ ਦਾ ਪ੍ਰਦਰਸ਼ਨ ਕੀਤਾ ਗਿਆ। ਨਿਹੰਗ ਸਿੰਘਾਂ ਦੇ 300 ਘੋੜੇ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ। ਨਗਰ ਕੀਰਤਨ ਅੱਗੇ ਚੱਲ ਰਹੇ ਹਾਥੀਆਂ ਨੂੰ ਖ਼ੂਬਸੂਰਤ ਢੰਗ ਨਾਲ ਸਜਾਇਆ ਗਿਆ ਸੀ।

ਸੁਰੱਖਿਆ ਦੇ ਵੀ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ। ਰਸਤਿਆਂ 'ਤੇ ਸੁਰੱਖਿਆਂ ਜਵਾਨਾਂ ਨੇ ਉੱਚੀਆਂ-ਉੱਚੀਆਂ ਚੈੱਕ ਪੋਸਟਾਂ ਬਣਾਈਆਂ ਹੋਈਆਂ ਸਨ। ਸੰਗਤ ਦੀ ਸਹੂਲਤ ਵਾਸਤੇ ਬਿਹਾਰ ਸਰਕਾਰ ਤੇ ਫੌਜ ਦੀਆਂ ਐਂਬੂਲੈਂਸਾਂ ਚੱਲ ਰਹੀਆਂ ਸਨ। ਨਗਰ ਕੀਰਤਨ ਦਾ ਸਵਾਗਤ ਕਰਨ ਲਈ ਹਿੰਦੂ ਤੇ ਮੁਸਲਿਮ ਜਥੇਬੰਦੀਆਂ ਨੇ ਥਾਂ-ਥਾਂ ਚਾਹ ਦੇ ਸਟਾਲ ਲਾਏ ਹੋਏ ਸਨ। ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਬੈਂਡ ਨਗਰ ਕੀਰਤਨ ਦੀ ਸ਼ੋਭਾ ਵਧਾ ਰਹੇ ਸਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਹਾਜ਼ਰ ਸਨ। ਧਾਰਮਿਕ ਸ਼ਖ਼ਸੀਅਤਾਂ ਵਿੱਚ ਬਾਬਾ ਬਲਬੀਰ ਸਿੰਘ ਸੀਚੇਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਬਲਬੀਰ ਸਿੰਘ ਬੁੱਢਾ ਦਲ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਸਮੇਤ ਹੋਰ ਵੀ ਧਾਰਮਿਕ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਦੌਰਾਨ ਪੁਲੀਸ ਅਧਿਕਾਰੀਆਂ ਨੇ ਭੀੜ ਵੱਧ ਹੋਣ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਤਖ਼ਤ 'ਤੇ ਨਤਮਸਤਕ ਹੋਣ ਤੋਂ ਰੋਕ ਦਿੱਤਾ। ਉਹ ਬਾਅਦ ਵਿੱਚ ਮੱਥਾ ਟੇਕਣ ਜਾਣਗੇ।

## ਗਿਆਨੀ ਗੁਰਬਚਨ ਸਿੰਘ ਤੇ ਗਿਆਨੀ ਇਕਬਾਲ ਸਿੰਘ ਨੇ ਸਿੱਖ ਕੌਮ ਦੇ ਨਾਂਅ ਦਿੱਤਾ ਸੰਦੇਸ਼

**ਪਟਨਾ ਸਾਹਿਬ/ਬਿਊਰੋ ਨਿਊਜ਼ :** ਗੁਰੂ ਗੋਬਿੰਦ ਸਿੰਘ ਜੀ ਦੇ ਸ਼ਾਨੋ-ਸ਼ੌਕਤ ਨਾਲ ਮਨਾਏ ਜਾ ਰਹੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਦੇਸ਼-ਵਿਦੇਸ਼ ਤੋਂ ਆਈਆਂ ਲੱਖਾਂ ਸੰਗਤਾਂ ਵੱਲੋਂ ਜਿਥੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਮੱਥਾ ਟੇਕਿਆ ਗਿਆ, ਉਥੇ ਹੀ ਸਿੱਖ ਕੌਮ ਦੀ ਸਰਬਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕੀਤਾ ਗਿਆ। ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਸੱਜੇ ਪਾਸੇ ਕਰਵਾਏ ਗਏ



ਵਿਸ਼ੇਸ਼ ਗੁਰਮਤਿ ਸਮਾਗਮ ਦੀ ਆਰੰਭਤਾ ਭਾਈ ਹਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੰਗਲਾ ਸਾਹਿਬ ਵੱਲੋਂ ਆਸਾ ਦੀ ਵਾਰ ਦੇ ਰਸਭਿੰਨੇ ਕੀਰਤਨ ਨਾਲ ਹੋਈ, ਉਪਰੰਤ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ ਅਰਦਾਸ ਕੀਤੀ ਗਈ ਜਦ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਹੁਕਮਨਾਮਾ ਲਿਆ ਗਿਆ। ਇਸ ਦੌਰਾਨ ਭਾਈ ਲਖਵਿੰਦਰ ਸਿੰਘ, ਭਾਈ ਸਤਨਾਮ ਸਿੰਘ ਕੁਹਾੜਕਾ, ਭਾਈ ਰਵਿੰਦਰ ਸਿੰਘ (ਸਾਰੇ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ), ਭਾਈ ਗੁਰਇਕਬਾਲ ਸਿੰਘ ਦੇ ਜਥਿਆਂ ਨੇ ਰਸਮਈ ਕੀਰਤਨ ਕਰਕੇ ਸੰਗਤਾਂ ਨੂੰ ਮੰਤਰ-ਮੁਗਧ ਕੀਤਾ। ਇਸ ਦੌਰਾਨ ਪ੍ਰਸਿੱਧ ਕਥਾਵਾਚਕ ਭਾਈ ਰਣਜੀਤ ਸਿੰਘ ਗੋਹਰ-ਏ-ਮਸਕੀਨ ਲੁਧਿਆਣਾ, ਬਾਬਾ ਸਤਨਾਮ ਸਿੰਘ ਰਾਜਾ ਜੋਗੀ ਮੁਖੀ ਨੀਲਧਾਰੀ ਸੰਪਰਦਾ, ਭਾਈ ਪਿੰਦਰਪਾਲ ਸਿੰਘ, ਬਾਬਾ ਹਰਨਾਮ ਸਿੰਘ ਖ਼ਾਲਸਾ ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਸੰਗਤਾਂ ਨਾਲ ਪਾਈ ਗਈ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਅਤੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਵੱਲੋਂ ਸਿੱਖ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਪਾਤ, ਊਚ-ਨੀਚ ਦਾ ਭੇਦ-ਭਾਵ ਮਿਟਾ ਕੇ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਦੀ ਦਾਤ

ਬਾਕੀ ਸਫ਼ਾ 33 'ਤੇ

## ਨਿਤਿਸ਼ ਵੱਲੋਂ 'ਗੁਰੂ ਸਰਕਿਟ' ਬਣਾਉਣ ਦਾ ਐਲਾਨ

**ਪਟਨਾ ਸਾਹਿਬ/ਬਿਊਰੋ ਨਿਊਜ਼ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨਾਏ ਗਏ 350 ਸਾਲਾ ਪ੍ਰਕਾਸ਼ ਪੁਰਬ ਵਿਚ ਅਹਿਮ ਸ਼ਲਾਘਾਯੋਗ ਭੂਮਿਕਾ ਨਿਭਾਉਣ ਵਾਲੇ ਨਿਤਿਸ਼ ਕੁਮਾਰ ਮੁੱਖ ਮੰਤਰੀ ਬਿਹਾਰ ਜਦ ਗਾਂਧੀ ਮੈਦਾਨ ਦੇ ਮੁੱਖ ਪੰਡਾਲ ਵਿਖੇ ਸੰਬੋਧਨ ਲਈ ਮੰਚ 'ਤੇ ਆਏ ਤਾਂ ਪ੍ਰਬੰਧਾਂ ਤੋਂ ਗਦ-ਗਦ ਹੋਏ ਲੱਖਾਂ ਦੀ ਤਾਦਾਦ ਵਿਚ ਸੰਗਤਾਂ ਵੱਲੋਂ ਉਨ੍ਹਾਂ ਦਾ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਗੂੰਜਵੇਂ ਜੈਕਾਰਿਆਂ ਨਾਲ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਨਿਤਿਸ਼ ਕੁਮਾਰ ਨੇ ਗੁਰੂ ਫ਼ਤਹਿ ਅਰਜ਼ ਕਰਦਿਆਂ ਸੰਬੋਧਨ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਜਨਮ ਤੇ ਕਰਮ ਦੀ ਪਾਵਨ ਧਰਤੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾਣਾ ਜਿਥੇ ਮਾਣ ਵਾਲੀ ਗੱਲ ਹੈ ਉਥੇ ਹੀ ਉਹ ਆਪਣੇ ਹਿੱਸੇ ਆਈ ਇਸ ਸੇਵਾ ਲਈ ਸੁਭਾਗ ਸਮਝਦੇ ਹਨ। ਇਸ ਦੀ ਤਿਆਰੀ ਪਿਛਲੇ ਕਈ ਸਾਲਾਂ ਤੋਂ ਆਰੰਭ ਦਿੱਤੀ ਗਈ ਸੀ ਤੇ ਦਸਮੇਸ਼ ਪਿਤਾ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਲਈ ਕੌਮੀ ਪੱਧਰ 'ਤੇ ਤਿਆਰੀਆਂ ਕੀਤੀਆਂ ਗਈਆਂ, ਜਿਸ ਲਈ ਸਥਾਨਕ ਅਧਿਕਾਰੀਆਂ ਨੇ ਪੰਜਾਬੀ ਵੀ ਸਿੱਖ ਲਈ ਤਾਂ ਜੋ ਆਉਣ ਵਾਲੇ ਸ਼ਰਧਾਲੂਆਂ ਨੂੰ ਕੋਈ ਸਮੱਸਿਆ ਪੈਦਾ ਨਾ ਹੋਵੇ। ਨਿਤਿਸ਼ ਕੁਮਾਰ ਨੇ 350ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਮਜ਼ਲੂਮਾਂ ਦੀ ਸੁੱਤੀ ਤਾਕਤ ਨੂੰ ਜਗਾ ਕੇ ਇਤਿਹਾਸ ਦਾ ਰੁਖ਼ ਪਲਟ ਦਿੱਤਾ।

ਬਾਕੀ ਸਫ਼ਾ 33 'ਤੇ

## ਪਾਕਿਸਤਾਨ ਵਿਚ ਮਨਾਇਆ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਪਾਕਿਸਤਾਨ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪਿਸ਼ਾਵਰੀ ਸਿੱਖ ਸੰਗਤ ਹਾਜ਼ਰ ਰਹੀ ਤੇ ਗੁਰਦੁਆਰਾ ਸਾਹਿਬ ਦੇ ਅੰਦਰ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਵਿਚ ਗੁਰਪੁਰਬ ਮਨਾਇਆ ਗਿਆ ਅਤੇ ਸੰਗਤ ਵੱਲੋਂ ਮਹਿਕਦੇ ਫੁੱਲਾਂ ਦੀ ਵਰਖਾ ਕੀਤੀ ਗਈ। ਕੀਰਤਨੀ ਤੇ ਰਾਗੀ ਜਥਿਆਂ ਵੱਲੋਂ ਹਾਜ਼ਰ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਲਾਸਾਨੀ ਇਤਿਹਾਸ ਤੋਂ ਜਾਣੂ ਕਰਵਾਇਆ ਗਿਆ।

ਓਧਰ ਹਸਨ ਅਬਦਾਲ ਸਥਿਤ ਗੁਰਦੁਆਰਾ ਪੰਜਾ ਸਾਹਿਬ ਦੇ ਕੇਅਰ ਟੇਕਰ ਅਸਮਤ ਉੱਲਾ ਖ਼ਾਂ ਮਾਰਵਤ ਅਨੁਸਾਰ ਭਾਵੇਂ ਕਿ ਪਿਸ਼ਾਵਰੀ ਸਿੱਖ ਸੰਗਤ ਦੇ ਵੱਡੀ ਗਿਣਤੀ ਵਿਚ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਵਿਚ

ਬਾਕੀ ਸਫ਼ਾ 33 'ਤੇ





# PANNU'S
LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200 IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

RADIO GAL PUNJAB DI USA

# LISTEN & SUPPORT
ਨਿਰਪੱਖ

ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ ਧਾਰਮਿਕ, ਰਾਜਨੀਤਿਕ, ਸਮਾਜਿਕ

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344
galpunjabdi1@gmail.com

www.radiogalpunjabdiusa.com

Download App From

STAFF/PARTNERS
NEEDED AROUND THE WORLD

ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

# CHAAT BHAVAN®
Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM


POOJA entertainment & films ltd.
Purple Pebble PICTURES
PURPLE PEBBLE PICTURES
POOJA ENTERTAINMENT PRESENTS
SARVANN
DIRECTED BY KARAAN GULIANI
PRODUCED BY PRIYANKA CHOPRA, DR. MADHU CHOPRA & DEEPSHIKHA DESHMUKH
CO - PRODUCED BY SIDDHARTH CHOPRA
RELEASING WORLDWIDE 13TH JANUARY' 17
WRITER AMBERDEEP SINGH MUSIC JATINDER SHAH DISHAHEEN TRACK GURMOH D.O.P. VINEET MALHOTRA
A VASHU BHAGNANI RELEASE
GRAND SHOWBIZ MEDIA & ENTERTAINMENT RELEASE



HYDERABAD PAVILION
BIRYANIS
MADE FRESH EVERYDAY!
39030 Argonaut Way, Fremont, CA 94538
CHICKEN BIRYANI
LAMB BIRYANI
GOAT BIRYANI
FISH BIRYANI
EGG BIRYANI
VEGETARIAN BIRYANI
THALI • BIRYANI • TANDOORI
ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜਾਇਕਾ ਸਿਰਫ
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।
ORDER AHEAD & PICKUP, CALL:
510.713.0183




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and
INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




Travel for Less Inc.
SPECIALIZED IN DISCOUNT FARES WORLDWIDE
ASIANA AIRLINES
A STAR ALLIANCE MEMBER
ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES NOW FLIES NEW DELHI
5 TIMES A WEEK STARTING 1ST JULY 2016
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street, Fremont CA-94538
Email: info@travelforlessinc.com
www.letsflyhome.com
(510) 791-3300
(408) 791-2600

# ਮਹਾਰਾਜਾ ਦਲੀਪ ਸਿੰਘ ਦੀ ਆਖ਼ਰੀ ਨਿਸ਼ਾਨੀ-ਬੱਸੀਆਂ ਦੀ ਨਹਿਰੀ ਕੋਠੀ



ਵਰ੍ਹਿਆਂ ਤੱਕ ਅਣਗੌਲੀ ਪਈ ਰਹਿਣ ਕਾਰਨ ਉਜੜੀ ਨਜ਼ਰ ਆ ਰਹੀ ਬੱਸੀਆਂ ਕੋਠੀ ਦੀ ਪੁਰਾਣੀ ਤਸਵੀਰ

## ਪੰਜਾਬ ਵਿੱਚ 'ਬਲੈਕ ਪ੍ਰਿੰਸ' ਫ਼ਿਲਮ ਦਾ ਪਹਿਲਾ ਸ਼ੋਅ ਇੱਥੇ ਹੋਵੇ

ਪਿਆਰੇ ਸੱਜਣੋ! ਅੱਜ ਰਵਾਇਤੀ ਹੀ ਨਵੇਂ ਸਾਲ ਦੀਆਂ ਵਧਾਈਆਂ ਦੇਣ ਦਾ ਹੜ੍ਹ ਆਇਆ ਹੋਇਆ ਹੈ। ਚਲੋ ਜਿਥੇ ਨਵੇਂ ਵਰੇ ਨੂੰ ਖੁਸ਼ ਆਮਦੀਦ ਕਹਿਣਾ ਚਾਹੀਦਾ ਹੈ, ਉਥੇ ਇਸ ਮੌਕੇ ਤੇ ਬੀਤੇ ਸਮਿਆਂ ਦੀਆਂ ਘਾਟਾਂ, ਕਮਜੋਰੀਆਂ ਤੇ ਦੁਖਾਂਤਕ ਘੜੀਆਂ ਨੂੰ ਯਾਦ ਕਰਕੇ ਕੁਝ ਪਲਾਂ ਲਈ ਡੂੰਘੀਆਂ ਉਦਾਸੀਆਂ ਦੀਆਂ ਵਾਦੀਆਂ ਵਿਚ ਵੀ ਉਤਰ ਜਾਣਾ ਚਾਹੀਦਾ ਹੈ। ਬੀਤ ਚੁੱਕੇ ਵਰ੍ਹੇ ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਸਿਖਾਂ ਦੇ ਹਿਰਦਿਆਂ ਨੂੰ ਲਹੂ ਲੁਹਾਣ ਕਰੀ ਰੱਖਿਆ ਹੈ। ਕਨੇਡਾ ਅਮਰੀਕਾ ਵਿਚ ਸਿੱਖਾਂ ਦੀ ਚੜ੍ਹਤ ਨੇ, ਦੁਨੀਆਂ ਨੂੰ ਦੱਸ ਦਿਤਾ ਹੈ ਕਿ ਸਿੱਖ ਕੌਣ ਹਨ? ਪਿਆਰੇ ਸੱਜਣੋ! 31 ਦਸੰਬਰ ਦਾ ਦਿਨ ਸਿਖਾਂ ਲਈ ਇਕ ਹੋਰ ਪੱਖ ਤੋਂ ਡੂੰਘੀ ਉਦਾਸੀ.ਵਿਚ ਉਤਰਨ ਦਾ ਦਿਨ ਹੈ। ਜਦ ਅੰਗਰੇਜਾਂ ਨੇ ਸੰਨ 1849 ਵਿਚ ਖਾਲਸਾ ਰਾਜ ਤੇ ਕਬਜਾ ਕਰਨ ਤੋਂ ਬਾਅਦ ਮਹਾਰਾਣੀ ਜਿੰਦਾਂ ਨੂੰ ਸੇਖੂਪੁਰੇ ਦੇ ਕਿਲੇ.ਵਿਚ ਕੈਦ ਕਰ ਦਿਤਾ ਸੀ, ਤੇ ਮਹਾਰਾਜਾ ਦਲੀਪ ਸਿੰਘ ਨੂੰ ਜਲਾਵਤਨ ਕਰਨ ਲਈ ਫਤਿਹਗੜ੍ਹ( ਯੂ.ਪੀ.) ਦੇ ਕਿਲੇ ਲਈ ਲਿਜਾਇਆ ਜਾ ਰਿਹਾ ਸੀ ਤਾਂ ਮਹਾਰਾਜੇ ਨੇ ਮੌਜੂਦਾ ਪੰਜਾਬ ਵਿਚ ਆਖਰੀ ਰਾਤ 31ਦਸੰਬਰ1849 ਨੂੰ ਰਾਏਕੋਟ ਨੇੜ੍ਹੇ ਉਪਰ ਤਸਵੀਰ ਵਿਚ ਦਿਸ ਰਹੀ ਬੱਸੀਆਂ ਕੋਠੀ (ਜੋ ਉਸ ਵਕਤ ਲਾਰਡ ਡਲਹੌਜੀ ਦਾ ਹੈਡ ਕੁਆਟਰ ਸੀ) ਵਿਚ ਕੱਟੀ ਸੀ। ਉਸ ਤੋਂ ਬਾਅਦ ਮਹਾਰਾਜੇ ਨੂੰ ਪੰਜਾਬ ਦੀ ਧਰਤੀ ਦੇ ਦਰਸ਼ਨ ਕਰਨ ਦਾ ਕਦੇ ਮੌਕਾ ਨਹੀਂ ਮਿਲਿਆ। ਪਿਆਰੇ ਸੱਜਣੋ! ਸੰਨ 1900 ਤੋਂ ਬਾਅਦ ਇਹ ਕੋਠੀ ਨਹਿਰੀ ਮਹਿਕਮੇ ਦੀ ਮਲਕੀਅਤ ਬਣੀ.ਰਹੀ ਹੈ। ਬੇਗੌਰੀ ਕਾਰਨ ਇਹ ਬਿਲਕੁਲ ਉਜੜ ਪੁਜੜ ਗਈ ਸੀ (ਜੋ ਪੁਰਾਣੀ ਤਸਵੀਰ ਵਿਚ ਦਿਸ ਰਹੀ ਹੈ) ਪਰ ਭਲਾ ਹੋਵੇ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਦਾ ਜਿਸਨੇ ਕਈ ਸਾਲ ਪਹਿਲਾਂ ਇਸ ਇਤਹਾਸਕ ਇਮਾਰਤ ਦੀ ਮਹੱਤਤਾ ਤੋਂ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਾਣੂੰ ਕਰਵਾਇਆ। ਇਸ ਕੰਮ ਵਿੱਚ ਉਸਦਾ ਸਾਥ ਦਿਤਾ ਮਰਹੂਮ ਅਕਾਲੀ ਆਗੂ ਜਥੇਦਾਰ ਜਗਦੇਵ ਸਿੰਘ ਤਲਵੰਡੀ. ਦੇ ਸਪੁਤਰਾਂ ਨੇ। ਉਨ੍ਹਾਂ ਦੇ ਸਾਂਝੇ ਯਤਨਾਂ ਸਦਕਾ ਇਹ ਇਮਾਰਤ ਪੁਰਾਤੱਤਵ ਵਿਭਾਗ ਦੇ ਹਵਾਲੇ ਹੋਈ। ਗੁਰਭਜਨ ਗਿੱਲ ਦੇ ਮੋਢੇ ਨਾਲ ਮੋਢਾ ਲਾਇਆ ਮਿਉਂਸਿਪਲ ਕਮੇਟੀ ਰਾਏਕੋਟ ਦੇ ਪ੍ਰਧਾਨ ਅਮਨਦੀਪ ਸਿੰਘ ਗਿੱਲ ਨੇ ਤੇ ਪੱਤਰਕਾਰ ਪਰਮਿੰਦਰ ਜੱਟਪੁਰੀ ਨੇ ਤਾਂ ਹੀ ਅੱਜ ਇਹ ਸ਼ਾਨਦਾਰ ਯਾਦਗਾਰ ਦੁਨੀਆਂ ਦੇ ਨਕਸ਼ੇ ਤੇ ਆ ਗਈ ਹੈ। ਹੋਰਨੀਂ ਥਾਈਂ ਜਿੱਥੇ ਅੱਜ ਕਲ੍ਹ ਨਵੇਂ ਸਾਲ ਦੇ ਜ਼ਸਨਾਂ ਉਤੇ ਮੁਰਗੇ ਬੋਤਲਾਂ ਓਡਦੀਆਂ ਹਨ, ਉਥੇ ਇਹਨਾਂ ਸੱਜਣਾਂ ਵਲੋਂ ਸਥਾਪਤ ਕੀਤੇ "ਮਹਾਰਾਜਾ ਦਲੀਪ ਸਿੰਘ ਯਾਦਗਾਰੀ ਟਰੱਸਟ" ਵਲੋਂ ਹਰ ਸਾਲ 31 ਦਸੰਬਰ ਨੂੰ ਇਸ ਕੋਠੀ ਵਿਚ ਬੜਾ ਸੰਜੀਦਾ ਸਮਾਗਮ ਕੀਤਾ ਜਾਂਦਾ ਹੈ ਜੋ ਸਿਖ ਕੌਮ ਦੇ ਮਨਾਂ ਤੇ ਗਹਿਰੀ ਉਦਾਸੀ ਦਾ ਆਲਮ ਤਾਰੀ ਕਰ ਦਿੰਦਾ ਹੈ ਕਿ ਅਤੀਤ ਵਿਚ ਸਾਡੇ ਨਾਲ ਕਿਹੋ ਜਿਹੀਆਂ ਧੱਕੇਸ਼ਾਹੀਆਂ ਤੇ ਧੋਖਾਦੇਹੀ ਹੋਈ ਹੈ। ਸੰਵੇਦਨਸ਼ੀਲ ਤੇ ਸੂਝਵਾਨ ਸਿੱਖਾਂ ਦੀਆਂ ਅੱਖਾਂ ਇਹ ਸੋਚ ਕੇ ਸਿੱਲੀਆਂ ਹੋ ਜਾਂਦੀਆਂ ਹਨ ਕਿ ਕਦੇ ਅਸੀਂ ਵੀ ਰਾਜ ਭਾਗ ਦੇ ਮਾਲਕ ਹੁੰਦੇ ਸੀ। ਇਸ ਪਰੋਗਰਾਮ ਦੀ ਵੱਡੀ ਖੂਬੀ ਇਹ ਹੈ ਕਿ ਇਸ ਵਿਚ ਸਕੂਲਾਂ ਦੇ ਬੱਚੇ ਵੱਡੀ ਗਿਣਤੀ ਵਿਚ ਭਾਗ ਲੈਂਦੇ ਹਨ ਖਾਸ ਕਰ ਗੁਰੂ ਨਾਨਕ ਸਕੂਲ ਬੱਸੀਆਂ ਦੇ। ਇਸ ਵਾਰ ਨੈਂ ਪਹੁੰਚਣ ਅਤੇ ਇਸ ਮੌਕੇ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ. ਬੱਚਿਆਂ ਦੇ ਗੀਤ ਸੰਗੀਤ ਉਪਰੰਤ ਪਰਮਿੰਦਰ ਜੱਟਪੁਰੀ ਦਾ ਲਿਖਿਆ ਨਾਟਕ "ਲਾਸਟ ਮਹਾਰਾਜਾ" ਕਰਖਲ ਆਰਟ ਮੁੰਬਈ ਵਲੋਂ ਗੁਰੂ ਨਾਨਕ ਸਕੂਲ ਬੱਸੀਆਂ ਦੇ ਬੱਚਿਆਂ ਨੂੰ ਲੈ ਕੇ ਖੇਡਿਆ ਗਿਆ। ਜੇਕਰ ਹੰਢੇ ਹੋਏ ਪੇਸ਼ਾਵਰ ਕਲਾਕਾਰਾਂ ਵਲੋਂ ਇਹ ਨਾਟਕ ਖੇਡਿਆ ਜਾਂਦਾ ਤਾਂ ਇਸਨੇ ਗਹਿਰਾ ਪਰਭਾਵ ਛੱਡਣਾ ਸੀ।

ਹਾਂ! ਟਰੱਸਟ ਦੇ ਪ੍ਰਬੰਧਕਾਂ ਦੇ ਇਸ ਯਤਨ ਪੂਰੀ ਸਲਾਘਾ ਕਰਨੀ ਬਣਦੀ ਹੈ, ਜਦ ਦੁਨੀਆਂ ਵਿਚ ਸਿੱਖ ਪੱਬਾਂ ਕਲੱਬਾਂ ਵਿਚ ਮੌਕਾ ਮੇਲੇ ਕਰਦੇ ਤੇ ਰੰਗਰਲੀਆਂ ਮਨਾਉਂਦੇ ਹਨ, ਇਹ ਲੋਕ ਕੋਈ ਦੁਖਦੀ ਰਗ ਤਾਂ ਛੇੜਦੇ ਹਨ। ਪ੍ਰਬੰਧਕਾਂ ਦਾ ਸਾਥ ਦੇਣਾ ਬਣਦਾ ਹੈ। ਨਵੇਂ ਵਰੇ ਤੇ ਉਮੀਦ ਕਰਦੇ ਹਾਂ ਕਿ ਇਤਿਹਾਸ ਦੇ ਦੁਖਾਂਤਕ ਪਲਾਂ ਨੂੰ ਚਿਤਾਰਨ ਵਾਲਾ ਇਹ ਸਮਾਗਮ ਸਿਰਫ਼ ਇਸ ਇਲਾਕੇ 'ਚ ਹੀ ਨਹੀਂ ਬਲਕਿ ਦੁਨੀਆਂ ਭਰ ਵਿਚ ਖਿੱਚ ਦਾ ਕੇਂਦਰ ਬਣੇ। ਹਰ ਸਿੱਖ ਤੇ ਹਰ ਪੰਜਾਬੀ ਇਥੋਂ ਦੀ ਜ਼ਿਆਰਤ ਨਾਲ ਜਨਮ ਸਫਲਾ ਸਮਝੇ ਤੇ ਇਥੇ ਆ ਕੇ ਕੁਸ਼ ਅੰਦਰੋਂ ਖੁਸਦਾ ਮਹਿਸੂਸ ਕਰੇ। ਮੇਰੀ ਦਿਲੀ ਰੀਝ ਹੈ ਕਿ ਅਮਰੀਕਾ ਤੋਂ ਛਪਦੇ "ਕੌਮਾਂਤਰੀ ਅੰਮ੍ਰਿਤਸਰ ਟਾਈਮਜ" ਦੇ ਮਾਲਕ ਸ. ਜਸਜੀਤ ਸਿੰਘ ਵਲੋਂ ਸਤਿੰਦਰ ਸਿਰਤਾਜ ਲੈ ਕੇ, ਮਹਾਰਜਾ ਦਲੀਪ ਸਿੰਘ ਦੇ ਜੀਵਨ ਸਬੰਧੀ ਜਿਹੜੀ ਫਿਲਮ ਬਲੈਕ ਪ੍ਰਿਸ (The Black Prince) ਬਣਾਈ ਗਈ ਹੈ, ਪੰਜਾਬ ਵਿਚ ਉਸਦਾ ਪਹਿਲਾ ਸ਼ੋਅ ਇਸੇ ਕੋਠੀ ਵਿੱਚ ਹੀ ਹੋਵੇ।

ਆਉ ਗੁਰਬਾਣੀ ਅਨੁਸਾਰ ਕੁਲ ਦੁਨੀਆ ਦੇ ਭਲੇ ਦੀ ਅਕਾਲ ਪੁਰਖ ਕੋਲੋਂ ਖੈਰ ਮੰਗੀਏ!


ਪੁਰਾਤਤਵ ਵਿਭਾਗ ਵਲੋਂ ਮੁਰੰਮਤ ਤੋਂ ਬਾਅਦ ਨਵੀਂ ਨਕੋਰ ਲੱਗ ਰਹੀ ਬੱਸੀਆਂ ਦੀ ਕੋਠੀ


ਰਾਜਵਿੰਦਰ ਸਿੰਘ ਰਾਹੀ
ਫੋਨ: 91-98157-51332


ਕੋਠੀ ਵਿੱਚ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਨਾਲ ਸਬੰਧਿਤ ਪ੍ਰਦਰਸ਼ਤ ਤਸਵੀਰਾਂ

ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਸਬੰਧੀ ਬਣਾਈ ਫਿਲਮ 'ਦ ਬਲੈਕ ਪ੍ਰਿੰਸ', ਜੋ ਇਸ ਸਾਲ ਮਈ-ਜੂਨ ਵਿੱਚ ਰਿਲੀਜ਼ ਕੀਤੀ ਜਾਣੀ ਹੈ, ਦੇ ਇੰਗਲੈਂਡ ਅਤੇ ਭਾਰਤ ਵਿੱਚ ਫਿਲਮਾਏ ਜਾਣ ਸਮੇਂ ਦੀਆਂ ਤਿਆਰੀਆਂ ਅਤੇ ਫਿਲਮ ਵਿਚਲੇ ਕੁਝ ਯਾਦਗਾਰੀ ਦ੍ਰਿਸ਼ਾਂ ਦੀਆਂ ਤਸਵੀਰਾਂ। ਫਿਲਮ ਸੈੱਟ ਉੱਤੇ ਰੁਝੇ ਨਜ਼ਰ ਆ ਰਹੇ ਨਿਰਦੇਸ਼ਕ ਕਵੀ ਰਾਜ ਸਿੰਘ, ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦਾ ਕਿਰਦਾਰ ਨਿਭਾਅ ਰਹੀ ਉੱਘੀ ਅਭਿਨੇਤਰੀ ਸ਼ਬਾਨਾ ਆਜ਼ਮੀ, ਮਹਾਰਾਜਾ ਦਲੀਪ ਸਿੰਘ ਪਹਿਲੀ ਪਤਨੀ ਬਾਂਬਾ ਮੁਇਲਰ ਦਾ ਰੋਲ ਕਰਨ ਵਾਲੀ ਬਰਤਾਨਵੀ ਅਦਾਕਾਰਾ ਸੋਫ਼ੀ ਸਟੀਵਨਜ਼, ਮਹਰਾਜਾ ਦਲੀਪ ਸਿੰਘ ਬਣੇ ਸਤਿੰਦਰ ਸਰਤਾਜ, ਅੰਗਰੇਜ ਹਕੂਮਤ ਵਿਰੁਧ ਬਾਗੀ ਸਿੱਖਾਂ ਕਿਰਦਾਰ ਨਿਭਾਅ ਰਹੇ ਕਲਾਕਾਰ ਅਤੇ ਮਹਾਰਾਜਾ ਦਲੀਪ ਸਿੰਘ ਦੇ ਗਾਰਡੀਅਨ ਵਜੋਂ ਉਸਦੀ ਦੇਖ ਭਾਲ ਕਰਨ ਵਾਲੇ ਡਾ. ਜੌਹਨ ਲੌਹਨ ਬਣੇ ਜੇਸਨ ਫਲੇਮਿੰਗ।













# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ







**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸਮੂਹ ਸੰਗਤਾਂ ਅਤੇ ਗੁਰਦੁਆਰਾ ਸਾਹਿਬ ਦੀ ਸਮੂਹ ਪ੍ਰਬੰਧਕ ਕਮੇਟੀ ਨੇ ਰਲ ਮਿਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਬੜੀ ਹੀ ਸ਼ਰਧਾ ਪ੍ਰੇਮ ਪਿਆਰ ਸਾਹਿਤ ਮਨਾਇਆ ਗਿਆ। 5 ਜਨਵਰੀ ਵੀਰਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਗਏ। 6 ਜਨਵਰੀ ਸ਼ੁਕਰਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਗਏ। 7 ਜਨਵਰੀ ਸ਼ਨਿਚਰਵਾਰ ਨੂੰ ਸਵੇਰ ਪ੍ਰਭਾਤ ਫੇਰੀ ਕੱਢੀ ਗਈ। 8 ਜਨਵਰੀ ਐਤਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਵਿਚ ਚਲ ਰਹੇ ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ ਤੇ ਕਵਿਤਾਵਾਂ ਪੜ੍ਹੀਆਂ ਗਈਆਂ। ਇਸ ਦੇ ਨਾਲ ਨਾਲ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵੱਲੋਂ ਸ੍ਰੀ ਗੋਬਿੰਦ ਸਿੰਘ ਦੇ ਜੀਵਨ ਅਤੇ ਕੁਰਬਾਨੀਆਂ ਅਤੇ ਸਿੱਖ ਪੰਥ ਤੋਂ ਸਭ ਕੁਝ ਕੁਰਬਾਨ ਕੀਤੇ ਜਾਣ ਤੱਕ ਦਾ ਇਤਿਹਾਸ ਅਤੇ ਪੰਥ ਦੀ ਝੋਲੀ ਵਿਚ ਵੱਡਮੁੱਲੀ ਦਾਤ ਪਾਏ ਜਾਣ ਤੱਕ ਦਾ ਇਤਿਹਾਸ ਸਰਵਣ ਕਰਵਾਇਆ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਰਜਿੰਦਰ ਸਿੰਘ ਜਲੰਧਰ ਵਾਲਿਆਂ ਵੱਲੋਂ ਸ਼ਬਦ ਗਾਇਨ ਕੀਤੇ ਗਏ। ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਦੇ ਉਪਰ ਪਹੁੰਚੇ ਭਾਈ ਅਜੀਤ ਸਿੰਘ ਜੱਬਲਪੁਰ ਵਾਲਿਆਂ ਦੇ ਜਥੇ ਨੇ ਬਹੁਤ ਹੀ ਮਨਮੋਹਕ ਤੇ ਪੁਰਾਤਨ ਰਵਾਇਤਾਂ ਅਨੁਸਾਰ ਪੱਕੇ ਰੰਗਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰਣ ਕੀਤੀ ਹੋਈ ਬਾਣੀ ਵਿਚੋਂ ਸ਼ਬਦ ਗਾਇਨ ਕੀਤੇ। ਵਿਸ਼ੇਸ਼ ਤੌਰ ਤੇ ਜਾਪ ਸਾਹਿਬ ਦੀ ਬਾਣੀ ਨੂੰ ਬਹੁਤ ਹੀ ਪਿਆਰ ਨਾਲ ਗਾਇਨ ਕੀਤਾ। ਸੰਗਤਾਂ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਗੁਰਬਾਣੀ ਤੇ ਗੁਰੂ ਇਤਿਹਾਸ ਸਰਵਣ ਕਰ ਰਹੀਆਂ ਸਨ। ਇਸ ਤੋਂ ਇਲਾਵਾ ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਸ਼ਹੀਦੀ ਨੂੰ ਵੀ ਯਾਦ ਕੀਤਾ ਗਿਆ। ਉਨ੍ਹਾਂ ਆਪਣੀ ਸ਼ਹਾਦਤ ਦੇ ਕੇ ਸਿੱਖ ਪੰਥ ਸਿਰ ਦੁਸ਼ਮਣਾਂ ਵੱਲੋਂ ਚਾੜ੍ਹੀ ਭਾਜੀ ਨੂੰ ਇੰਦਰਾ ਗਾਂਧੀ ਨੂੰ ਮੌਤ ਦੇ ਘਾਟ ਉਤਾਰ ਕੇ ਮੋੜਿਆ। ਆਪਣਾ ਨਾਮ ਹਮੇਸ਼ਾ ਹਮੇਸ਼ਾ ਲਈ ਸਿੱਖ ਪੰਥ ਵਿਚ ਰੌਸ਼ਨ ਕਰ ਗਏ ਅਤੇ ਇਤਿਹਾਸ ਦੇ ਪੰਨਿਆਂ ਤੇ ਗੂੜ੍ਹੇ ਅੱਖਰਾਂ ਵਿਚ ਲਿਖ ਗਏ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਵੱਲੋਂ ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਜੀ ਦੀ ਯਾਦ ਵਿਚ ਅਰਦਾਸ ਬੇਨਤੀ ਕਰਵਾਈ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰਖਦਿਆਂ ਸੰਗਤਾਂ ਵੱਲੋਂ ਵਿਸ਼ੇਸ਼ ਉਪਰਾਲਾ ਕਰਕੇ ਗੁਰੂ ਘਰ ਦੇ ਦੀਵਾਨ ਹਾਲ ਨੂੰ ਵਿਸ਼ੇਸ਼ ਢੰਗ ਨਾਲ ਸਜਾਇਆ ਹੋਇਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਵਾਸਤੇ ਸੰਗਤਾਂ ਭਾਰੀ ਗਿਣਤੀ ਵਿਚ ਗੁਰੂ ਘਰ ਪਹੁੰਚੀਆਂ। ਸਮਾਗਮ ਦੀ ਸਮਾਪਤੀ ਕੁਝ ਦੇਰੀ ਨਾਲ ਆਨੰਦ ਸਾਹਿਬ ਦੇ ਪਾਠ, ਅਰਦਾਸ ਬੇਨਤੀ ਉਪਰੰਤ ਹੁਕਮਨਾਮਾ ਤੇ ਦੇਗ ਵਰਤਾ ਕੇ ਕੀਤੀ ਗਈ।

## ਨਵੇਂ ਸਾਲ ਦੀ ਆਮਦ 'ਤੇ ਧਾਰਮਿਕ ਕਵੀ ਦਰਬਾਰ ਸਜਾਇਆ

**ਫਰੀਮੌਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ-300 ਗੁਰਦੁਆਰਾ ਰੋਡ ਫਰੀਮੌਂਟ ਸੀ.ਏ.-94536 ਵਿਖੇ ਨਵੇਂ ਸਾਲ ਦੇ ਸਜੇ ਦੀਵਾਨਾਂ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਦਿਆਂ ਕਿਹਾ ਕਿ ਇਹ ਧਾਰਮਿਕ ਕਵੀ ਦਰਬਾਰ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹੈ। ਇਸ ਮੌਕੇ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਮਹਿੰਦਰ ਸਿੰਘ ਰਾਜਪੂਤ, ਠਾਕਰ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਿੱਖ ਇਤਿਹਾਸ ਦੀਆਂ ਸ਼ਹੀਦੀਆਂ ਨੂੰ ਦਰਸਾਉਂਦੀਆਂ ਜੋਸ਼ੀਲੀਆਂ ਰਚਨਾਵਾਂ ਨਾਲ ਮਾਹੌਲ ਨੂੰ ਸੰਜੀਦਾ ਬਣਾ ਦਿੱਤਾ। ਧਾਰਮਿਕ ਕਵੀ ਦਰਬਾਰਾਂ ਵਿਚ ਹਿੱਸਾ ਲੈਣ ਲਈ 510-781-0487 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਧਾਰਮਿਕ ਕਵੀ ਦਰਬਾਰ ਨੂੰ ਸਫ਼ਲ ਬਣਾਉਣ ਲਈ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਭਾਈ ਜਸਦੇਵ ਸਿੰਘ, ਭਾਈ ਹਰਜੀਤ ਸਿੰਘ, ਭਾਈ ਦੇਵਿੰਦਰ ਸਿੰਘ ਭਾਈ ਕਮਲਜੀਤ ਸਿੰਘ ਅਟਵਾਲ, ਭਾਈ ਗੁਰਾ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ, ਭਾਈ ਸੁਖਵੰਤ ਸਿੰਘ ਢਿੱਲੋਂ ਦਾ ਵਿਸ਼ੇਸ਼ ਸਹਿਯੋਗ ਰਿਹਾ।





HINDI ELITE PACK $29.99/mo for 24 months +3 CHANNELS

HINDI MEGA PACK $49.99/mo for 24 months INCLUDES CHANNELS LISTED ABOVE

EXPERIENCE YOUR CULTURE AT HOME. CALL TODAY!

All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.

Sunwireless
(888) 220-5503
www.sw.getdish.com

ASK ABOUT DISH FOR YOUR HOME, APARTMENT, OR BUSINESS

dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.

ਦੇਗ ਤੇਗ ਫਤਿਹ ਪੰਥ ਕੀ ਜੀਤ

# ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ

## 1280 Winnetka St. Palatine IL 60067



ਸਤਿਕਾਰਯੋਗ ਸਮੂਹ ਸਾਧ ਸੰਗਤ ਜੀ ਆਪ ਜੀ ਨੂੰ ਬੇਨਤੀ
ਕੀਤੀ ਜਾਂਦੀ ਹੈ ਕਿ ਸਿੱਖ ਪੰਥ ਦੇ ਮਹਾਨ ਸ਼ਹੀਦ

## ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ

## 26 ਜਨਵਰੀ ਵੀਰਵਾਰ 2017

ਨੂੰ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ

ਸ਼ਾਮ ਦੇ ਦੀਵਾਨ ਵਿਸ਼ੇਸ਼ ਤੌਰ ਸਜਾਏ ਜਾਣਗੇ।
29 ਜਨਵਰੀ ਐਤਵਾਰ ਦੇ ਦੀਵਾਨ ਬਾਬਾ ਦੀਪ ਸਿੰਘ
ਨੂੰ ਸਮਰਪਤ ਹੋਣਗੇ। ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ
ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਇਨ੍ਹਾਂ ਵਿਸ਼ੇਸ਼ ਦੀਵਾਨਾਂ ਵਿਚ
ਹਾਜ਼ਰੀਆਂ ਭਰੋ ਜੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਹਾਜ਼ਰੀ ਭਰ ਰਹੇ ਜਥੇ

ਭਾਈ ਪਰਮਿੰਦਰਜੀਤ ਸਿੰਘ ਹੈੱਡ ਗ੍ਰੰਥੀ ਪੈਲਾਟਾਈਨ ਗੁਰੂਘਰ
ਭਾਈ ਰਜਿੰਦਰ ਸਿੰਘ, ਭਾਈ ਅਮਰੀਕ ਸਿੰਘ, ਭਾਈ ਗੁਰਮੀਤ ਸਿੰਘ ਜਲੰਧਰ ਵਾਲਾ ਜਥਾ
ਵਿਸ਼ੇਸ਼ ਤੌਰ ਤੇ ਪਹੁੰਚ ਰਿਹਾ ਕੀਰਤਨੀ ਜਥਾ ਭਾਈ ਅਜੀਤ ਸਿੰਘ ਜੱਬਲਪੁਰ ਵਾਲੇ ਤੇ ਸਾਥੀ

ਹੋਰ ਜਾਣਕਾਰੀ ਵਾਸਤੇ ਸੰਪਰਕ ਕਰੋ ਗੁਰੂ ਘਰ ਦਾ ਫੋਨ ਨੰਬਰ 847-358-1117
ਮੁੱਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ 630-217-2478, ਧਾਰਮਿਕ ਸਕੱਤਰ ਹਰਜੀਤ ਸਿੰਘ ਗਿੱਲ 847-833-5340



**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Fresh Sweets, Snacks & Food**
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

## (510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.



# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

**ਅਨੁਵਾਦ : ਬੂਟਾ ਸਿੰਘ**

# ਅਡਵਾਨੀ ਅਤੇ ਤੋਗੜੀਆ ਨੇ ਮੁੱਖ ਮੰਤਰੀ ਬਣਾਇਆ ਮੋਦੀ ਨੇ ਦੋਵਾਂ ਨੂੰ ਪੱਕੇ ਪੈਰੀਂ ਹੁੰਦਿਆਂ ਗੁੱਠੇ ਲਾਇਆ

**ਰਾਣਾ ਅਯੂਬ**



1995 ਤੋਂ ਲੈ ਕੇ 2001 ਤੱਕ ਜਦੋਂ ਮੋਦੀ ਨੂੰ ਸੂਬੇ ਵਿਚੋਂ ਤਕਰੀਬਨ ਜਲਾਵਤਨ ਹੀ ਕਰ ਦਿੱਤਾ ਗਿਆ ਸੀ ਅਤੇ ਗੁਜਰਾਤ ਵਿਚ ਉਸਨੂੰ ਕੋਈ ਪੁੱਛਦਾ ਨਹੀਂ ਸੀ, ਉਹ ਭਾਜਪਾ ਦੀ ਬਜਾਏ ਵਿਸ਼ਵ ਹਿੰਦੂ ਪ੍ਰੀਸ਼ਦ (ਵੀ ਐੱਚ ਪੀ) ਦੇ ਦਫ਼ਤਰ ਵਿਚ ਆਪਣਾ ਜ਼ਿਆਦਾ ਵਕਤ ਗੁਜ਼ਾਰਦਾ ਸੀ ਕਿਉਂਕਿ ਉਥੇ ਹੁਣ ਉਸਦੀ ਆਓ ਭਗਤ ਨਹੀਂ ਹੁੰਦੀ ਸੀ। ਰਿਪੋਰਟ ਇਹ ਹੈ ਕਿ ਇਹ ਅਡਵਾਨੀ ਸੀ ਜਿਸਨੇ ਤੋਗੜੀਆ ਨੂੰ ਅਕਤੂਬਰ 2001 ਵਿਚ ਮੋਦੀ ਨੂੰ ਗੁਜਰਾਤ ਲਿਆ ਕੇ ਮੁੱਖ ਮੰਤਰੀ ਬਣਾਉਣ ਲਈ ਮਨਾਇਆ। ਤੋਗੜੀਆ ਰੱਦੋਬਦਲ ਕਰਨ ਲਈ ਸਹਿਮਤ ਹੋ ਗਿਆ ਅਤੇ ਮੋਦੀ ਨੇ ਵਜ਼ਾਰਤ ਵਿਚ ਆਪਣੇ ਸੱਜੇ ਹੱਥ ਗੋਰਧਨ ਜ਼ੜਫੀਆ ਨੂੰ ਸੂਬੇ ਦਾ ਗ੍ਰਹਿ ਮੰਤਰੀ ਬਣਾ ਲਿਆ। ਭਗਵੇਂ ਪੁਲਿਸ ਅਫ਼ਸਰਾਂ ਦੀਆਂ ਨਿਯੁਕਤੀਆਂ ਕਰਨ ਵਿਚ ਤੋਗੜੀਆ ਦੀ ਵਾਹਵਾ ਪੁੱਗਤ ਸੀ, ਜਿਨ੍ਹਾਂ ਵਿਚੋਂ ਜ਼ਿਆਦਾਤਰ ਨੇ ਗੋਧਰਾ ਕਾਂਡ ਤੋਂ ਪਿੱਛੋਂ ਫਰਵਰੀ ਮਾਰਚ 2002 ਦੀ ਹਿੰਸਾ ਵਿਚ ਸ਼ੱਕੀ ਭੂਮਿਕਾ ਨਿਭਾਈ ਜਦੋਂ ਵੀ ਐੱਚ ਪੀ ਅਤੇ ਬਜਰੰਗ ਦਲ ਦੇ ਕਾਡਰਾਂ ਨੇ ਸੂਬੇ ਅੰਦਰ ਦਹਿਸ਼ਤ ਦਾ ਸਿਲਸਿਲਾ ਚਲਾਇਆ।

ਜੇ ਲੋਕਾਂ ਦੇ ਚੇਤਿਆਂ ਵਿਚੋਂ ਤਾਜ਼ਾ ਮਿਸਾਲ ਲੈਣੀ ਹੋਵੇ, ਤਾਂ ਇਹ ਪਟੇਲ ਭਾਈਚਾਰੇ ਦੇ 21 ਸਾਲਾ ਨੌਜਵਾਨ ਮਸੀਹਾ ਹਾਰਦਿਕ ਪਟੇਲ ਨੇ ਰਾਖਵੇਂਕਰਨ ਦੇ ਸਵਾਲ ਉਪਰ ਸੂਬੇ ਨੂੰ ਜਾਮ ਕਰ ਦਿੱਤਾ ਹੈ। ਉਹ ਨੰਗੀ ਤਲਵਾਰ ਲਹਿਰਾਉਂਦਾ ਹੈ ਅਤੇ ਇਕ ਰਿਪੋਰਟਰ ਨੂੰ ਪੁੱਛਦਾ ਹੈ ਕਿ ਕੀ ਉਹ ਜਾਣਦਾ ਹੈ ਕਿ ਉਹ ਕਿੰਨਿਆਂ ਦੇ ਹੱਥ ਵੱਢ ਚੁੱਕਾ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਾਰਦਿਕ ਕੇਸ਼ੂਭਾਈ ਪਟੇਲ ਅਤੇ ਪ੍ਰਵੀਨ ਤੋਗੜੀਆ ਦਾ ਪੈਦਾ ਕੀਤਾ ਹੋਇਆ ਹੈ ਜਿਨ੍ਹਾਂ ਨੂੰ ਮੋਦੀ ਨੇ ਗੁਜਰਾਤ ਵਿਚ ਖੂੰਜੇ ਲਾ ਦਿੱਤਾ ਸੀ। ਇਹ ਕਿਹਾ ਜਾਂਦਾ ਹੈ ਕਿ ਹਾਰਦਿਕ ਗੁਜਰਾਤ ਦੀ ਮੌਜੂਦਾ ਮੁੱਖ ਮੰਤਰੀ ਤਾਕਤਵਰ ਆਨੰਦੀਬੇਨ, ਜੋ ਮੋਦੀ ਦੇ ਸਭ ਦੇ ਨੇੜਲੇ ਵਿਕਅਤੀਆਂ ਵਿਚੋਂ ਇਕ ਹੈ, ਨੂੰ ਪਾਸੇ ਕਰਨ ਦੀ ਚਾਲ ਹੈ। ਆਨੰਦੀਬੇਨ ਖੁਦ ਪਟੇਲ ਹੈ ਅਤੇ ਉਹ ਹੁਣ ਖੁਦ ਨੂੰ ਉਸੇ ਹਾਲਤ ਵਿਚ ਦੇਖ ਰਹੀ ਹੈ ਜਿਵੇਂ ਕੇਸੂਨੇ ਗੁਜਰਾਤ ਵਿਚ ਮੋਦੀ ਦੇ ਦਾਖਲ ਹੋਣ ਤੋਂ ਪਹਿਲਾਂ ਕੀਤਾ ਸੀ।

2002 ਦੀ ਹਿੰਸਾ ਅਤੇ ਇਸ ਤੋਂ ਪਿੱਛੋਂ ਇਹ ਪ੍ਰਵੀਨ ਤੋਗੜੀਆ ਸੀ ਜਿਸਨੇ ਵੀ ਐੱਚ ਪੀ ਦੇ ਕਾਡਰਾਂ ਦੀ ਅਗਵਾਈ ਹੇਠ ਹਿੰਦੂ ਅਵਾਮ ਨੂੰ ਕਤਲੋਗਾਰਤ ਲਈ ਭੜਕਾਇਆ ਸੀ। ਗੁਜਰਾਤ ਵਿਚ ਕੀਤੀ ਇਕ ਤਕਰੀਰ ਵਿਚ ਪ੍ਰਵੀਨ ਤੋਗੜੀਆ ਨੇ ਕਿਹਾ, "ਗੋਧਰਾ ਕੇ ਰੇਲਵੇ ਸਟੇਸ਼ਨ ਉਪਰ ਆਤੰਕਵਾਦ ਇਸ ਲੀਏ ਆਯਾ ਕਿਉਂਕਿ ਇਸ ਦੇਸ਼ ਮੇਂ ਮਹਾਤਮਾ ਗਾਂਧੀ ਕੀ ਵਿਚਾਰਧਾਰਾ ਚਲ ਰਹੀ ਹੈ। ਹਮਨੇ ਅਠਾਈਸ ਤਾਰੀਕ ਕੋ ਮਹਾਤਮਾ ਗਾਂਧੀ ਕੋ ਆਪਣੇ ਕਰੜੇ ਤਾਲੇ ਮੇਂ ਬੰਦ ਕਰ ਦੀਯਾ ਥਾ। ਯਾ ਤੋ ਤੁਮ ਮੁਸਲਮਾਨ ਗਤੀਵਿਧੀ ਛੋੜ ਦੋ, ਯਾ ਹਮ ਗਾਂਧੀ ਕੋ ਛੋੜ ਦੇਗੇਂ। ਔਰ ਜਬ ਤਕ ਇਸ ਧਰਤੀ ਪਰ ਬਾਕੀ ਹੈ ਗਾਂਧੀ ਕੀ ਵਿਚਾਰਧਾਰਾ, ਮੁਸਲਮਾਨੋਂ ਕੇ ਸਾਹਮਣੇ ਘੁਟਨੇ ਟੇਕਨੇ ਕੀ ਵਿਚਾਰਧਾਰਾ, ਹਮ ਨਹੀਂ ਛੋੜੇਂਗੇ। ਆਤੰਕਵਾਦ ਨਹੀਂ ਨਿਪਟੇਗਾ। ਮੇਰੇ ਭਾਈਓ, ਹਮੇ ਗਾਂਧੀ ਕੋ ਛੋੜਨਾ ਹੋਗਾ। ਰਾਮਾਇਣ ਕੀ ਘਟਨਾ ਤੋਂ ਆਪ ਜਾਨਤੇ ਹੈਂ। ਵੋ ਕੌਨ ਥਾ ਗੋਧਰਾ ਸਟੇਸ਼ਨ ਪਰ, ਵੋ ਆਜ ਵੀ ਪ੍ਰਾਸਤੁਤ ਹੈ। ਸਤਾਈਸ ਤਾਰੀਕ, ਸੁਬਹਾ ਪੌਨੇ ਆਠ ਵਜੇ ਸਿਗਨਲ ਫਾਲੀਆ ਕੇ ਪਾਸ ਜਲਾਯਾ ਹੂਯਾ ਐਸ ਕਾ ਡਿੱਬਾ ਵੋਹ ਹਨੂਮਾਨ ਜੀ ਕੀ ਪੂੰਛ ਥੀ।"

ਸਰੋਤੇ ਤਾੜੀਆਂ ਮਾਰਦੇ ਹਨ, ਜੈ ਸ੍ਰੀ ਰਾਮ ਦੇ ਨਾਅਰੇ ਲਾਉਂਦੇ ਹਨ। ਫਿਰ ਉਹ ਹਜੂਮ ਨੂੰ ਸਵਾਲ ਕਰਦਾ ਹੈ ਜੋ ਰਾਤ ਨੂੰ ਹਜ਼ਾਰਾਂ ਦੀ ਤਾਦਾਦ 'ਚ ਉੱਥੇ ਜੁੜਿਆ ਹੋਇਆ ਸੀ, "ਹਨੂਮਾਨ ਜੀ ਕੀ ਪੂੰਛ ਕਿਸਨੇ ਜਲਾਈ, ਕਿਸਨੇ ਜਲਾਈ? ਰਾਵਣ ਨੇ ਜਲਾਈ। ਹਨੂਮਾਨ ਜੀ ਪੂੰਛ ਲੇ ਕੇ ਨਿਕਲੇ। ਸੁਨਾ ਹੈ ਕੀ ਹਨੂਮਾਨ ਜੀ ਗੋਧਰਾ ਮੇਂ ਆਏ ਥੇ। (ਹਜੂਮ ਹੱਸਦਾ ਹੈ ਅਤੇ ਖੁਸ਼ੀ ਨਾਲ ਚੀਕ ਰਿਹਾ ਹੈ) ਹਾਲੋਲ ਮੇਂ ਆਏ ਥੇ। ਖਾਲੋਲ ਮੇਂ ਆਏ ਥੇ, ਸਰਦਾਰਪੁਰਾ ਮੇਂ ਗਏ ਥੇ ਅਰ ਕਰਣਾਵਈ (ਅਹਿਮਦਾਬਾਦ) ਮੇਂ ਸੇ ਵਾਪਸ ਕਾਨੇ ਕਾ ਨਾਮ ਨਹੀਂ ਲੇ ਰਹੇ ਥੇ।"



ਭਾਗ ਪੰਜਵਾਂ
ਕਾਂਡ ਛੇਵਾਂ

ਹਵਾਲਾ ਸਾਫ਼ ਸੀ, ਰਾਵਣ ਸ਼ਬਦ ਮੁਸਲਮਾਨਾਂ ਲਈ ਇਸਤੇਮਾਲ ਕੀਤਾ ਗਿਆ ਹੈ। ਇਹ ਗੁਜਰਾਤ ਵਿਚ ਮੁਸਲਮਾਨਾਂ ਨੂੰ ਮਾਰਨ ਅਤੇ ਉਨ੍ਹਾਂ ਦੀ ਕਤਲੋਗ਼ਾਰਤ ਕਰਨ ਦਾ ਜੰਗੀ ਹੋਕਾ ਸੀ। ਜਦੋਂ ਤੋਗੜੀਆ ਇਹ ਸਖ਼ਤ ਮਿਹਨਤ ਕਰ ਰਿਹਾ ਸੀ, ਮੋਦੀ ਨੂੰ ਬਹੁਗਿਣਤੀ ਦਾ ਹਿੰਦੂ ਹਿਰਦੇ ਸਮਰਾਟ ਸਮਝੇ ਜਾਣ ਦੀ ਪੁੱਛ ਪ੍ਰਤੀਤ ਵਧਦੀ ਜਾ ਰਹੀ ਸੀ ਜਿਨ੍ਹਾਂ ਨੂੰ ਇਹ ਵਾਰ ਵਾਰ ਚੇਤੇ ਕਰਾਇਆ ਜਾ ਰਿਹਾ ਸੀ ਕਿ ਮੁਸਲਮਾਨ ਉਨ੍ਹਾਂ ਦਾ ਖ਼ਾਤਮਾ ਕਰਨ 'ਤੇ ਤੁਲੇ ਹੋਏ ਹਨ। ਪਰ ਜਦੋਂ ਮੋਦੀ ਮੁੱਖ ਮੰਤਰੀ ਬਣ ਗਿਆ ਇਸ ਭਾਈਬੰਦੀ ਦਾ ਥੋੜ੍ਹੇ ਦਿਨਾਂ ਵਿਚ ਹੀ ਭੋਗ ਪੈ ਗਿਆ। ਦੋਹਾਂ ਵਿਚ ਅਣਬਣ ਹੋ ਗਈ। ਟਾਈਮਜ਼ ਆਫ਼ ਇੰਡੀਆ ਦੀ ਇਕ ਰਿਪੋਰਟ ਤਾਂ ਠੋਕ ਵਜਾ ਕੇ ਕਹਿੰਦੀ ਹੈ: ਦਸੰਬਰ 2002 'ਚ ਹੋਈਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਤੋਗੜੀਆ ਭਾਜਪਾ ਦੀ ਹਮਾਇਤ ਵਿਚ 100 ਤੋਂ ਉਪਰ ਰੈਲੀਆਂ ਨੂੰ ਸੰਬੋਧਨ ਕਰਦੇ ਨਜ਼ਰ ਆਏ, ਤਕਰੀਬਨ ਦੋ ਹਫ਼ਤੇ ਇਕ ਹੈਲੀਕਾਪਟਰ ਲਗਾਤਾਰ ਇਸਤੇਮਾਲ ਕੀਤਾ ਗਿਆ। ਜਦੋਂ ਮੋਦੀ ਨੇ ਚੋਣਾਂ ਜਿੱਤ ਲਈਆਂ ਤਾਂ ਹਾਲਤ ਬਦਲ ਗਈ। ਉਸਨੇ ਤੁਰੰਤ ਜ਼ੜਫੀਆ ਨੂੰ ਆਪਣੇ ਮੰਤਰੀ ਮੰਡਲ ਵਿਚੋਂ ਹਟਾ ਦਿੱਤਾ, ਇਹ ਤੋਗੜੀਆ ਨੂੰ ਸਪੱਸ਼ਟ ਇਸ਼ਾਰਾ ਸੀ ਕਿ ਹੁਣ ਸਰਕਾਰ ਚਲਾਉਣ ਲਈ ਉਸਦੀ ਦਖ਼ਲਅੰਦਾਜ਼ੀ ਦੀ ਲੋੜ ਨਹੀਂ। ਤੋਗੜੀਆ ਅਤੇ ਸੰਘ ਪਰਿਵਾਰ ਦੇ ਹੋਰ ਧੜਿਆਂ ਨਾਲ ਸਲਾਹ ਮਸ਼ਵਰੇ ਦਾ ਅਮਲ ਠੱਪ ਹੋ ਗਿਆ।

ਅਸ਼ੋਕ ਨਰਾਇਣ ਨਾਲ ਮਿਲਣੀ ਅਤੇ ਗੁਜਰਾਤ ਦੀ ਹਿੰਸਾ ਬਾਰੇ ਉਸਦੀ ਗੱਲਬਾਤ ਦੇ ਅੰਸ਼ ਟੇਪਾਂ ਉਪਰ ਹਾਸਲ ਕਰ ਲੈਣ ਤੋਂ ਬਆਦ ਮੈਂ ਉਸਨੂੰ ਦਸਿਆ ਕਿ ਮੈਂ ਉਸਦੇ ਮਿੱਤਰ ਅਤੇ ਹਿੰਸਾ ਦੇ ਉਨ੍ਹਾਂ ਦਿਨਾਂ ਦੇ ਵਿਸ਼ਵਾਸਪਾਤਰ ਸ੍ਰੀਮਾਨ ਚਕਰਵਰਤੀ ਨੂੰ ਮਿਲਣਾ ਚਾਹਾਂਗੀ ਜੋ ਓਦੋਂ ਗੁਜਰਾਤ ਪੁਲਿਸ ਦਾ ਡਾਇਰੈਕਟਰ ਜਨਰਲ ਸੀ। ਮੈਂ ਉਸਦੀ ਭੂਮਿਕਾ ਬਾਰੇ ਓਦੋਂ ਚੁਕੰਨੀ ਹੋਈ ਜਦੋਂ ਨਰਾਇਣ ਅਤੇ ਉਸਦੀ ਪਤਨੀ ਇਹ ਕਹਿ ਰਹੇ ਸਨ ਕਿ ਕਿਵੇਂ ਉਨ੍ਹਾਂ ਭਿਆਨਕ ਦਿਨਾਂ ਵਿਚ ਇਹ ਨਰਾਇਣ ਦਾ ਇਕੋ ਇਕ ਮਿੱਤਰ ਚਕਰਵਰਤੀ ਸੀ ਜਿਸ ਦੀ ਬਦੌਲਤ ਉਨ੍ਹਾਂ ਦੀ ਜ਼ਿੰਦਗੀ ਘੱਟ ਸੰਤਾਪੀ ਹੋਈ ਸੀ। ਇਹ ਉਸ ਵਕਤ ਦੀ ਗੱਲ ਹੈ ਜਦੋਂ ਜ਼ਿਆਦਾਤਰ ਪੁਲਿਸ ਅਫ਼ਸਰਾਂ ਨੇ ਦਿਆਨਤਦਾਰੀ ਦਾ ਪੱਲਾ ਛੱਡ ਕੇ ਮੋਦੀ ਸਰਕਾਰ ਨਾਲ ਸਮਝੌਤੇ ਦਾ ਫੈਕਰ ਲਿਆ ਸੀ। ਚਕਰਵਰਤੀ ਨਾਲ ਮਿਲਣੀਆਂ ਅਤੇ ਉਸ ਵੱਲੋਂ ਕੀਤੇ ਖੁਲਾਸਿਆਂ ਬਾਰੇ ਚਰਚਾ ਤਾਂ ਅਗਲੇ ਕਾਂਡ ਵਿਚ ਕੀਤੀ ਜਾਵੇਗੀ ਪਰ ਅਸ਼ੋਕ ਨਰਾਇਣ ਬਾਰੇ ਇਹ ਅਹਿਮ ਹੈ ਕਿ ਮੈਂ ਪਾਠਕਾਂ ਨਾਲ ਉਹ ਬਾਕੀ ਵਾਰਤਾਲਾਪ ਸਾਂਝੀਆਂ ਕਰਾਂ ਜੋ ਉਸ ਨਾਲ ਕੀਤੀਆਂ ਗਈਆਂ। ਇਸ ਵਕਤ ਜਦੋਂ ਮੈਂ ਚਕਰਵਰਤੀ ਨੂੰ ਮੁੰਬਈ ਵਿਚ ਮਿਲੀ, ਅਤੇ ਉਸ ਨਾਲ ਮੈਂ ਪਹਿਲੀ ਮਿਲਣੀ ਨਿਪਟਾ ਚੁੱਕੀ ਸੀ, ਵਾਕਈ ਗੁਜਰਾਤ ਹਿੰਸਾ ਬਨਾਮ ਹੋਰ ਅਫਸਰਾਂ ਬਾਰੇ ਮੇਰੀ ਚਰਚਾ ਲਈ ਵਧੇਰੇ ਸੌਖ ਹੋ ਗਈ ਸੀ ਅਤੇ ਇਹ ਘੱਟ ਸ਼ੱਕੀ ਹੋ ਗਈ ਸੀ।

ਸਵਾਲ: ਕੀ ਚਕਰਵਰਤੀ ਐਨਾ ਵਿਵਾਦਪੂਰਨ ਬੰਦਾ ਹੈ?

ਜਵਾਬ: ਦੇਖੋ, ਉਹ ਪੁਲਿਸ ਦਾ ਮੁਖੀ ਸੀ, ਲਿਹਾਜ਼ਾ ਜੋ ਵੀ ਵਾਪਰਿਆ ਉਸਦਾ ਇਲਜ਼ਾਮ ਉਸੇ ਉਪਰ ਅਤੇ ਗ੍ਰਹਿ ਮੰਤਰਾਲੇ ਉਪਰ ਆਵੇਗਾ। ਇਥੋਂ ਤਕ ਕਿ ਮਨੁੱਖੀ ਅਧਿਕਾਰ ਮਹਿਕਮਾ ਵੀ ਇਸ ਨੂੰ ਸੰਵਿਧਾਨਕ ਤਰਫ਼ਦਾਰੀ ਕਹਿੰਦਾ ਸੀ ਲਿਹਾਜ਼ਾ ਅਸੀਂ ਸਾਰੇ ਇਸਦੇ ਵਿਚ ਆ ਜਾਂਦੇ ਸੀ। ਸੰਜੀਵ ਭੱਟ ਆਈ ਬੀ ਵਿਚ ਸੀ। ਚਕਰਵਰਤੀ ਓਦੋਂ ਡੀ ਜੀ ਸੀ।

ਸਵਾਲ: ਤਾਂ ਫਿਰ ਤੁਸੀਂ ਮੀਟਿੰਗ ਵਿਚ ਹਾਜ਼ਰ ਨਹੀਂ ਸੀ?

ਜਵਾਬ: ਕਿਹੜੀ ਮੀਟਿੰਗ?

ਸਵਾਲ: ਬਹੁਤ ਹੀ ਵਿਵਾਦਪੂਰਨ ਮੀਟਿੰਗ ਜਿਸ ਵਿਚ ਮੁੱਖ ਮੰਤਰੀ ਨੇ ਅਫ਼ਸਰਾਂ ਅਤੇ ਨੌਕਰਸ਼ਾਹਾਂ ਨੂੰ (ਹਿੰਸਾ 'ਤੇ ਕਾਬੂ ਪਾਉਣ ਵਕਤ) ਸੰਜਮ ਤੋਂ ਕੰਮ ਲੈਣ ਲਈ ਕਿਹਾ ਸੀ?

ਜਵਾਬ: ਹਾਂ, ਹਾਂ, ਮੈਂ ਉਸ ਮੀਟਿੰਗ ਵਿਚ ਸੀ। ਮੈਂ ਤੁਹਾਨੂੰ ਦਸਿਆ ਨਹੀਂ?

ਸਵਾਲ: ਫਿਰ ਕੀ ਤੁਹਾਨੂੰ ਸਿਟ (SIT) ਨੇ ਬੁਲਾਇਆ ਸੀ?

ਜਵਾਬ: ਓ, ਹਾਂ ਉਨ੍ਹਾਂ ਨੇ ਬੁਲਾਇਆ ਅਤੇ ਸਵਾਲ ਕੀਤੇ। ਇਸੇ ਕਰਕੇ ਚਕਰਵਰਤੀ ਨੇ ਕਿਹਾ ਕਿ ਮੀਟਿੰਗ ਨੇ ਉਨ੍ਹਾਂ ਸਾਰਿਆਂ ਨੂੰ ਫਸਾ ਦਿੱਤਾ। ਇੱਥੋਂ ਤੱਕ ਕਿ ਚਕਰਵਰਤੀ ਵੀ ਮੀਟਿੰਗ ਦਾ ਹਿੱਸਾ ਸੀ।

ਸਵਾਲ: ਚਕਰਵਰਤੀ ਕਹਿੰਦੇ ਨੇ ਕਿ ਜਿਹੜੇ ਕੁਝ ਅਫ਼ਸਰ ਮੁੱਖ ਮੰਤਰੀ ਦੇ ਨੇੜੇ ਸਨ, ਜਿਵੇਂ ਪੀ ਸੀ ਪਾਂਡੇ, ਉਨ੍ਹਾਂ ਨੂੰ ਬਚਾ ਲਿਆ ਗਿਆ।

ਜਵਾਬ: ਨਹੀਂ, ਪਰ ਪੀ ਸੀ ਬਾਅਦ ਵਿਚ ਸਿਟ ਦੇ ਕਾਰਨ ਵਿਵਾਦਪੂਰਨ ਬਣ ਗਿਆ। ਮੇਰਾ ਭਾਵ ਹੈ ਕਿ ਉਹ ਵੀ ਵਿਵਾਦਾਂ 'ਚ ਘਿਰ ਗਿਆ।

ਸਵਾਲ: ਪਰ ਮੈਂ ਸੁਣਿਐ ਉਹ ਮੁੱਖ ਮੰਤਰੀ ਦੇ ਨੇੜੇ ਹੈ?

ਜਵਾਬ: ਹਾਂ, ਉਹ ਹੈ ਪਰ ਵਾਪਰਿਆ ਇਹੀ। ਜੇ ਤੁਸੀਂ ਸੱਤਾਧਾਰੀ ਪਾਰਟੀ ਦੀ ਲਾਈਨ 'ਤੇ ਚਲਦੇ ਹੋ ਫਿਰ ਤੁਹਾਨੂੰ ਕੋਈ ਸਮੱਸਿਆ ਨਹੀਂ ਆਉਂਦੀ।

ਸਵਾਲ: ਕੀ ਉਹ ਪੂਰੀ ਤਰ੍ਹਾਂ ਮੁੱਖ ਮੰਤਰੀ ਦਾ ਬੰਦਾ ਹੈ?

ਜਵਾਬ: ਹਾਂ, ਅਤੇ ਜੇ ਉਹ ਇੰਝ ਨਾ ਹੁੰਦਾ ਤਾਂ ਉਸ ਨੂੰ ਚਕਰਵਰਤੀ ਦੀ ਤਰ੍ਹਾਂ ਵਗਾਹ ਮਾਰਿਆ ਹੁੰਦਾ।

ਜਿਵੇਂ ਉਨ੍ਹਾਂ ਨੂੰ ਮੈਨੂੰ ਸੇਵਾ ਮੁਕਤ ਕਰਨਾ ਪਿਆ ਕਿਉਂਕਿ ਉਨ੍ਹਾਂ ਨੇ ਮੇਰੀ ਥਾਂ ਕਿਸੇ ਹੋਰ ਨੂੰ ਲਿਆਉਣਾ ਸੀ, ਉਹ ਮੇਰੇ ਜੂਨੀਅਰ ਨੂੰ ਮੁੱਖ ਸਕੱਤਰ ਬਣਾਉਣਾ ਚਾਹੁੰਦੇ ਸਨ।

ਸਵਾਲ: ਕਿੰਨੇ ਚਲਾਕ ਨੇ।

ਜਵਾਬ: ਇੰਝ ਮੈਨੂੰ ਵਿਜੀਲੈਂਸ ਕਮਿਸ਼ਨਰ ਬਣਾ ਦਿੱਤਾ ਗਿਆ। (ਉਸਦੀ ਪਤਨੀ ਇਸ ਵਿਚ ਵਾਧਾ ਕਰਦੀ ਹੈ)। ਇਨ੍ਹਾਂ ਨੂੰ ਹੀ ਨਹੀਂ, ਇਨ੍ਹਾਂ ਵਰਗੇ ਹੋਰ ਅਫ਼ਸਰਾਂ ਨੂੰ ਵੀ ਪਾਸੇ ਕਰ ਦਿੱਤਾ ਗਿਆ।

ਸਵਾਲ: ਸ੍ਰੀ ਕੁਮਾਰ ਦੀ ਤਰ੍ਹਾਂ ਜਿਸਦੀ ਤੁਸੀਂ ਗੱਲ ਕੀਤੀ ਸੀ?

ਜਵਾਬ: ਹਾਂ, ਉਹ ਤੁਹਾਡੀ ਫਿਲਮ ਲਈ ਢੇਰ ਸਾਰਾ ਮਸਾਲਾ ਮੁਹੱਈਆ ਕਰੇਗਾ, ਜ਼ਿਆਦਾਤਰ ਸਨਸਨੀਖੇਜ਼ ਪਰ ਉਸ ਵਿਚ ਸੱਚ ਵੀ ਰਲਿਆ ਹੋਵੇਗਾ। ਸਭ ਤੋਂ ਮਜ਼ੇਦਾਰ ਹਿੱਸਾ ਇਹ ਹੈ ਕਿ ਹਿੰਸਾ ਦੌਰਾਨ ਸ੍ਰੀ ਕੁਮਾਰ ਨੂੰ ਹੋਰ ਪਾਸੇ ਨਿਯੁਕਤ ਕੀਤਾ ਹੋਇਆ ਸੀ ਅਤੇ ਹਿੰਸਾ ਤੋਂ ਬਾਅਦ ਉਸਨੂੰ ਇੱਧਰ ਲਿਆਂਦਾ ਗਿਆ ਅਤੇ ਉਹ ਵੀ ਮੇਰੀ ਅਤੇ ਚਕਰਵਰਤੀ ਦੀ ਸਿਫ਼ਾਰਸ਼ 'ਤੇ। ਉਸ ਨੂੰ ਸੀ ਬੀ ਆਈ ਦਾ ਤਜ਼ਰਬਾ ਸੀ। ਪਰ ਬਾਅਦ ਵਿਚ ਉਸਨੇ ਉਸ ਵਕਤ ਦੀਆਂ ਘਟਨਾਵਾਂ ਬਾਰੇ ਹਲਫ਼ਨਾਮੇ ਦੇਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਦਾ ਰਾਜ਼ ਉਹ ਜਾਣਦਾ ਸੀ ਅਤੇ ਇੰਝ ਉਸਨੂੰ ਵੀ ਪਾਸੇ ਕਰ ਦਿੱਤਾ ਗਿਆ। ਦਰਅਸਲ ਮੁੱਖ ਮੰਤਰੀ ਉਸ ਨੂੰ ਪਾਸੇ ਕਰਨਾ ਚਾਹੁੰਦਾ ਸੀ।

ਅਸੀਂ ਉਸਨੂੰ ਇੰਝ ਨਾ ਕਰਨ ਲਈ ਕਿਹਾ। ਲੱਗਦਾ ਸੀ ਕਿ ਉਹ ਜ਼ਿਆਦਾਤਰ ਪ੍ਰੈੱਸ ਲਈ ਇਹ ਕੁਝ ਕਰ ਰਿਹਾ ਸੀ। ਮਸਾਲਾ ਪ੍ਰੈੱਸ ਨੂੰ ਦੇ ਰਿਹਾ ਸੀ।

ਸਵਾਲ: ਪਰ ਮੁੱਖ ਮੰਤਰੀ ਏਨਾ ਹਮਲੇ ਦੀ ਮਾਰ ਹੇਠ ਕਿਉਂ ਹੈ? ਭਾਜਪਾ ਨਾਲ ਸਬੰਧਤ ਹੋਣ ਕਰਕੇ?

ਜਵਾਬ: ਨਹੀਂ, ਕਿਉਂਕਿ ਹਿੰਸਾ ਦੌਰਾਨ ਉਸ ਨੇ ਵੀ ਐੱਚ ਪੀ ਦੀ ਮਦਦ ਕੀਤੀ ਸੀ। ਉਸਨੇ ਹਿੰਦੂ ਵੋਟਾਂ ਲੈਣ ਲਈ ਇੰਝ ਕੀਤਾ ਜੋ ਉਸਨੇ ਬਟੋਰ ਲਈਆਂ। ਉਸਨੇ ਉਹ ਕੁਝ ਕੀਤਾ ਜੋ ਉਹ ਕਰਨਾ ਚਾਹੁੰਦਾ ਸੀ ਅਤੇ ਉਹੀ ਵਾਪਰਿਆ।

ਸਵਾਲ: ਪਰ ਉਸਨੇ ਲੋਕਾਂ ਨੂੰ ਸੰਜਮ ਤੋਂ ਕੰਮ ਲੈਣ ਲਈ ਵੀ ਤਾਂ ਕਿਹਾ?

ਜਵਾਬ: ਉਹ ਇਹ ਕੁਝ ਮੀਟਿੰਗ ਵਿਚ ਨਹੀਂ ਕਹੇਗਾ। ਉਹ ਇਹ ਆਪਣੇ ਬੰਦਿਆਂ ਨੂੰ ਕਹੇਗਾ। ਉਹ ਵੀ ਐੱਚ ਪੀ ਨੂੰ ਕਹੇਗਾ ਅਤੇ ਫਿਰ ਟੰਡਨ ਵਰਗੇ ਤੇ ਹੋਰ ਅਫ਼ਸਰਾਂ ਨੂੰ ਅਤੇ ਵੀ ਐੱਚ ਪੀ ਨੂੰ ਹਦਾਇਤਾਂ ਦੇਵੇਗਾ। ਅਤੇ ਬਤੌਰ ਇਕ ਅਫ਼ਸਰ ਤੁਸੀਂ ਹਦਾਇਤਾਂ ਦੀ ਪਾਲਣਾ ਕਰਨ ਦੀ ਚੋਣ ਕਰ ਸਕਦੇ ਹੋ।

ਸਵਾਲ: ਚਕਰਵਰਤੀ ਨੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ?

ਜਵਾਬ: ਸਿਰਫ਼ ਅਸੀਂ ਦੋਵੇਂ ਐਸੇ ਬੰਦੇ ਸੀ। ਅਸੀਂ ਆਪਣਾ ਫਰਜ਼ ਨਿਭਾਇਆ। ਮੈਂ ਉਨ੍ਹਾਂ ਨੂੰ ਕਿਹਾ, ਜਦੋਂ ਮੈਂ ਭਰਤੀ ਹੋਇਆ ਸੀ ਲੋਕਾਂ ਦੀ ਸੇਵਾ ਕਰਨ ਲਈ ਭਰਤੀ ਹੋਇਆ ਸੀ, ਨਾ ਕਿ ਸੱਤਾਧਾਰੀ ਪਾਰਟੀ ਦੀ ਸੇਵਾ ਕਰਨ ਲਈ।

ਸਵਾਲ: ਬਾਕੀਆਂ ਨੇ ਓਦੋਂ ਇਹ ਕਿਉਂ ਨਹੀਂ ਕੀਤਾ?

ਜਵਾਬ: ਕਿਉਂਕਿ ਉਹ ਕੋਈ ਗੇਮ ਖੇਡ ਰਹੇ ਸਨ, ਉਨ੍ਹਾਂ ਦਾ ਕੋਈ ਹੋਰ ਨਿਸ਼ਾਨਾ ਸੀ, ਫਿਰ ਤੁਹਾਨੂੰ ਸਮਝੌਤਾ ਤਾਂ ਕਰਨਾ ਹੀ ਪਵੇਗਾ।

ਚਕਰਵਰਤੀ ਵਰਗੇ ਲੋਕਾਂ ਨੂੰ ਦੇਖ ਲਓ, ਉਨ੍ਹਾਂ ਨੂੰ ਤਰੱਕੀਆਂ ਨਹੀਂ ਮਿਲੀਆਂ ਬਦੇਸ਼ਾਂ ਵਿਚ ਨਹੀਂ ਭੇਜੇ ਗਏ, ਪਰ ਉਸਨੇ ਉਹੀ ਕੀਤਾ ਜੋ ਉਸਦੀ ਜ਼ਮੀਰ ਕਹਿੰਦੀ ਸੀ।

ਸਵਾਲ: ਬਾਹਰਲੇ ਲੋਕਾਂ ਨੂੰ ਇਸ ਵਿਵਾਦਪੂਰਨ ਮੀਟਿੰਗ ਬਾਰੇ ਕਿਵੇਂ ਪਤਾ ਲੱਗਾ ਗਿਆ?

ਜਵਾਬ: ਉੱਥੇ ਇਹ ਮੰਤਰੀ, ਹਰੇਨ ਪਾਂਡਿਆ ਮੌਜੂਦ ਸੀ, ਪਹਿਲਾਂ ਪ੍ਰੈਸ ਵਿਚ ਲਿਜਾਣ ਵਾਲਾ ਉਹ ਬੰਦਾ ਸੀ।

ਸਵਾਲ: ਮੀਟਿੰਗ ਵਿਚ ਹੋਰ ਕੌਣ ਕੌਣ ਸਨ?

ਜਵਾਬ: ਮੁੱਖ ਸਕੱਤਰ, ਸਹਾਇਕ ਮੁੱਖ ਸਕੱਤਰ, ਗ੍ਰਹਿ ਸਕੱਤਰ ਡੀ ਜੀ ਪੀ, ਅਫ਼ਸਰ।

ਉਪਰਲੀ ਗੱਲਬਾਤ ਤੋਂ ਇਕ ਆਮ ਬੰਦੇ ਨੂੰ ਵੀ ਇਹ ਪਤਾ ਲੱਗ ਜਾਂਦਾ ਹੈ ਕਿ ਗੁਜਰਾਤ ਦੀ ਹਿੰਸਾ ਦੌਰਾਨ ਇਸ ਵਿਚ ਰਾਜਤੰਤਰ ਦੀ ਕਿਸ ਕਦਰ ਮਿਲੀਭੁਗਤ ਸੀ। ਅਸ਼ੋਕ ਨਰਾਇਣ ਮੈਨੂੰ ਜੋ ਦੱਸ ਰਿਹਾ ਸੀ ਉਹ ਐਸੀ ਚੀਜ਼ ਸੀ ਜੋ ਸਾਡੇ ਵਿਚੋਂ ਜ਼ਿਆਦਾਤਰ ਨੂੰ ਪਤਾ ਹੈ ਪਰ ਇਹ ਕਿਸੇ ਅਧਿਕਾਰੀ ਸ਼ਖਸ ਵੱਲੋਂ ਹੁਣ ਤੱਕ ਕਦੇ ਨਹੀਂ ਕਹੀ ਗਈ, ਗੁਜਰਾਤ ਹਿੰਸਾ ਦੌਰਾਨ ਜਿਸ ਬੰਦੇ ਉਪਰ ਸਭ ਤੋਂ ਜ਼ਿਆਦਾ ਨਜ਼ਰਾਂ ਲੱਗੀਆਂ ਹੋਈਆਂ ਸਨ। ਇਸ ਤੋਂ ਵੀ ਵਧੇਰੇ ਪਰਦੇ ਫਰੋਲਣ ਵਾਲਾ ਹੈ ਉਹ ਸਮਾਜ ਵਿਗਿਆਨੀ ਅਤੇ ਸਿਆਸੀ ਪ੍ਰਸੰਗ ਜੋ ਸਾਬਕਾ ਗ੍ਰਹਿ ਸਕੱਤਰ ਨੇ ਗੁਜਰਾਤ ਹਿੰਸਾ ਅਤੇ ਇਸ ਪਿੱਛੇ ਨਰਿੰਦਰ ਮੋਦੀ ਦੀ ਮਨਸ਼ਾ ਬਾਰੇ ਦਸਸਿਆਂ ਸਾਹਮਣੇ ਲਿਆਂਦਾ। ਉਸਦਾ ਬਿਆਨ ਸਹੀ ਹੈ ਇਹ ਇਸ ਤੱਥ ਤੋਂ ਵੀ ਨਿਸ਼ਚਿਤ ਹੋ ਜਾਂਦਾ ਹੈ ਕਿ ਕਿਤੇ ਵੀ ਉਹ ਤੱਥਾਂ ਨੂੰ ਕਲਪਨਾ ਨਾਲ ਗਲਗੱਡ ਨਹੀਂ ਕਰਦਾ। ਉਹ ਤਾਂ ਉਸ ਤਰੀਕੇ ਬਾਰੇ ਆਪਣੇ ਤੌਖਲੇ ਵੀ ਜ਼ਾਹਿਰ ਕਰਦਾ ਹੈ ਜਿਵੇਂ ਸ੍ਰੀ ਕੁਮਾਰ ਵੱਲੋਂ ਮੀਡੀਆ ਕੋਲ ਹਲਫ਼ਨਾਮਿਆਂ ਦਾ ਭੇਤ ਨਸ਼ਰ ਕੀਤਾ ਗਿਆ। ਉਹ ਉਸ ਮੀਟਿੰਗ ਬਾਰੇ ਵੀ ਦਸਦਾ ਹੈ ਜੋ ਗੁਜਰਾਤ ਹਿੰਸਾ ਦੌਰਾਨ ਗਾਂਧੀਨਗਰ ਵਿਚ ਹੋਈ ਸੀ ਪਰ ਕਿਤੇ ਵੀ ਉਹ ਇਹ ਨਹੀਂ ਕਹਿੰਦਾ ਕਿ ਮੁੱਖ ਮੰਤਰੀ ਵੱਲੋਂ ਮੁਸਲਮਾਨਾਂ ਦੇ ਖਿਲਾਫ਼ ਸਿੱਧੇ ਹੁਕਮ ਦਿੱਤੇ ਗਏ। ਸਗੋਂ ਉਹ ਆਪਣੀ ਦਲੀਲ ਵਿਚ ਇਹ ਵਖਰੇਵਾਂ ਸਾਹਮਣੇ ਲਿਆਉਂਦਾ ਹੈ ਕਿ ਕਿਵੇਂ ਇਹ ਹੁਕਮ ਜ਼ਾਤੀ ਤੌਰ 'ਤੇ ਉਨ੍ਹਾਂ ਅਫ਼ਸਰਾਂ ਨੂੰ ਦਿੱਤੇ ਗਏ ਜੋ ਸਰਕਾਰ ਪੱਖੀ ਸਨ।

ਮੈਂ ਉੱਥੇ ਬੈਠੀ ਇਸ ਸ਼ਰੀਫ਼, ਸਾਊ ਇਨਸਾਨ ਨੂੰ ਸੁਣ ਰਹੀ ਸੀ ਜੋ ਮੈਨੂੰ ਉਹ ਚੀਜ਼ਾਂ ਦੱਸ ਰਿਹਾ ਸੀ ਜੋ ਉਸਨੇ ਨਾਨਾਵਤੀ ਕਮਿਸ਼ਨ ਵੱਲੋਂ ਕੀਤੀ ਜਿਰ੍ਹਾ ਦੌਰਾਨ ਵੀ ਨਹੀਂ ਦੱਸੀਆਂ ਸਨ।

ਜਵਾਬ: ਵੀ ਐੱਚ ਪੀ ਨੇ ਭਾਜਪਾ ਦੇ ਕਹਿਣ 'ਤੇ ਬੰਦ ਦਾ ਸੱਦਾ ਦਿੱਤਾ ਅਤੇ ਇੰਝ ਇੱਥੋਂ ਇਹ ਸ਼ੁਰੂ ਹੋਇਆ।

ਸਵਾਲ: ਤੁਹਾਡੇ ਨਜਿੱਠਣ ਲਈ ਤਾਂ ਇਹ ਬਹੁਤ ਵੱਡਾ ਮਸਲਾ ਹੋਵੇਗਾ?

ਜਵਾਬ: ਹਾਂ, ਜਦੋਂ ਤੱਕ ਭਾਜਪਾ ਵੱਲੋਂ ਇਸ਼ਾਰੇ ਨਾਲ ਆਦੇਸ਼ ਦਿੱਤੇ ਜਾ ਰਹੇ ਸਨ ਇਸ ਨਾਲ ਨਜਿੱਠਣਾ ਮੁਸ਼ਕਲ ਸੀ।

ਸਵਾਲ: ਮੋਦੀ ਦਾ ਪ੍ਰਭਾਵ ਕੈਸਾ ਹੈ?

ਜਵਾਬ: ਉਸਨੂੰ ਪੂਜਿਆ ਜਾਂਦਾ ਹੈ, ਕੱਟੜ ਹਿੰਦੂ ਵਿਸ਼ਵਾਸ ਕਰਦੇ ਹਨ ਕਿ ਉਸਨੇ ਝੰਡਾ ਬੁਲੰਦ ਕੀਤਾ ਹੋਇਆ ਹੈ।

ਸਵਾਲ: ਕੀ ਉਸਦੀ ਭੂਮਿਕਾ ਪੱਖਪਾਤੀ ਨਹੀਂ ਸੀ?

ਜਵਾਬ: ਓਹ ਗੋਧਰਾ ਕਾਂਡ ਲਈ ਮੁਆਫ਼ੀ ਮੰਗ ਸਕਦਾ ਸੀ, ਉਸ ਨੂੰ ਹਿੰਸਾ ਲਈ ਮੁਆਫ਼ੀ ਮੰਗ ਲੈਣੀ ਚਾਹੀਦੀ ਸੀ।

ਸਵਾਲ: ਮੈਨੂੰ ਪਤਾ ਲੱਗਿਆ ਹੈ ਕਿ ਮੋਦੀ ਨੇ ਪੱਖਪਾਤੀ ਭੂਮਿਕਾ ਨਿਭਾਈ, ਜਿਵੇਂ ਗੋਧਰਾ ਤੋਂ ਲਾਸ਼ਾਂ ਲਿਆਉਣੀਆਂ ਅਤੇ ਫੈਲੈਣ ਵਿਚ ਟਾਲਮਟੋਲ।



**ਉਪਰਲੀ ਗੱਲਬਾਤ ਤੋਂ ਇਕ ਆਮ ਬੰਦੇ ਨੂੰ ਵੀ ਇਹ ਪਤਾ ਲੱਗ ਜਾਂਦਾ ਹੈ ਕਿ ਗੁਜਰਾਤ ਦੀ ਹਿੰਸਾ ਦੌਰਾਨ ਇਸ ਵਿਚ ਰਾਜਤੰਤਰ ਦੀ ਕਿਸ ਕਦਰ ਮਿਲੀਭੁਗਤ ਸੀ। ਅਸ਼ੋਕ ਨਰਾਇਣ ਮੈਨੂੰ ਜੋ ਦੱਸ ਰਿਹਾ ਸੀ ਉਹ ਐਸੀ ਚੀਜ਼ ਸੀ ਜੋ ਸਾਡੇ ਵਿਚੋਂ ਜ਼ਿਆਦਾਤਰ ਨੂੰ ਪਤਾ ਹੈ ਪਰ ਇਹ ਕਿਸੇ ਅਧਿਕਾਰੀ ਸ਼ਖਸ ਵੱਲੋਂ ਹੁਣ ਤੱਕ ਕਦੇ ਨਹੀਂ ਕਹੀ ਗਈ, ਗੁਜਰਾਤ ਹਿੰਸਾ ਦੌਰਾਨ ਜਿਸ ਬੰਦੇ ਉਪਰ ਸਭ ਤੋਂ ਜ਼ਿਆਦਾ ਨਜ਼ਰਾਂ ਲੱਗੀਆਂ ਹੋਈਆਂ ਸਨ। ਇਸ ਤੋਂ ਵੀ ਵਧੇਰੇ ਪਰਦੇ ਫਰੋਲਣ ਵਾਲਾ ਹੈ ਉਹ ਸਮਾਜ ਵਿਗਿਆਨੀ ਅਤੇ ਸਿਆਸੀ ਪ੍ਰਸੰਗ ਜੋ ਸਾਬਕਾ ਗ੍ਰਹਿ ਸਕੱਤਰ ਨੇ ਗੁਜਰਾਤ ਹਿੰਸਾ ਅਤੇ ਇਸ ਪਿੱਛੇ ਨਰਿੰਦਰ ਮੋਦੀ ਦੀ ਮਨਸ਼ਾ ਬਾਰੇ ਦਸਸਿਆਂ ਸਾਹਮਣੇ ਲਿਆਂਦਾ। ਉਸਦਾ ਬਿਆਨ ਸਹੀ ਹੈ ਇਹ ਇਸ ਤੱਥ ਤੋਂ ਵੀ ਨਿਸ਼ਚਿਤ ਹੋ ਜਾਂਦਾ ਹੈ ਕਿ ਕਿਤੇ ਵੀ ਉਹ ਤੱਥਾਂ ਨੂੰ ਕਲਪਨਾ ਨਾਲ ਗਲਗੱਡ ਨਹੀਂ ਕਰਦਾ। ਉਹ ਤਾਂ ਉਸ ਤਰੀਕੇ ਬਾਰੇ ਆਪਣੇ ਤੌਖਲੇ ਵੀ ਜ਼ਾਹਿਰ ਕਰਦਾ ਹੈ ਜਿਵੇਂ ਸ੍ਰੀ ਕੁਮਾਰ ਵੱਲੋਂ ਮੀਡੀਆ ਕੋਲ ਹਲਫ਼ਨਾਮਿਆਂ ਦਾ ਭੇਤ ਨਸ਼ਰ ਕੀਤਾ ਗਿਆ। ਉਹ ਉਸ ਮੀਟਿੰਗ ਬਾਰੇ ਵੀ ਦਸਦਾ ਹੈ ਜੋ ਗੁਜਰਾਤ ਹਿੰਸਾ ਦੌਰਾਨ ਗਾਂਧੀਨਗਰ ਵਿਚ ਹੋਈ ਸੀ ਪਰ ਕਿਤੇ ਵੀ ਉਹ ਇਹ ਨਹੀਂ ਕਹਿੰਦਾ ਕਿ ਮੁੱਖ ਮੰਤਰੀ ਵੱਲੋਂ ਮੁਸਲਮਾਨਾਂ ਦੇ ਖਿਲਾਫ਼ ਸਿੱਧੇ ਹੁਕਮ ਦਿੱਤੇ ਗਏ। ਸਗੋਂ ਉਹ ਆਪਣੀ ਦਲੀਲ ਵਿਚ ਇਹ ਵਖਰੇਵਾਂ ਸਾਹਮਣੇ ਲਿਆਉਂਦਾ ਹੈ ਕਿ ਕਿਵੇਂ ਇਹ ਹੁਕਮ ਜ਼ਾਤੀ ਤੌਰ 'ਤੇ ਉਨ੍ਹਾਂ ਅਫ਼ਸਰਾਂ ਨੂੰ ਦਿੱਤੇ ਗਏ ਜੋ ਸਰਕਾਰ ਪੱਖੀ ਸਨ।**

ਜਵਾਬ: ਮੈਂ ਬਿਆਨ ਦਿੱਤਾ ਸੀ ਕਿ ਉਸੇ ਨੇ ਲਾਸ਼ਾਂ ਅਹਿਮਦਾਬਾਦ ਲਿਆਉਣ ਦਾ ਫ਼ੈਸਲਾ ਲਿਆ ਸੀ।

ਸਵਾਲ: ਫਿਰ ਤਾਂ ਸਟੇਟ ਲਾਜ਼ਮੀ ਤੁਹਾਡੇ ਖ਼ਿਲਾਫ਼ ਹੋ ਗਿਆ ਹੋਵੇਗਾ?

ਜਵਾਬ: ਦੇਖੋ, ਲਾਸ਼ਾਂ ਅਹਿਮਦਾਬਾਦ ਲੈ ਕੇ ਆਉਣ ਨਾਲ ਹਾਲਤ ਭੜਕ ਉੱਠੀ ਪਰ ਇਹ ਫੈਉਸੇ ਨੇ ਲਿਆ ਸੀ।

ਜਦੋਂ ਅਸੀਂ ਗੱਲਬਾਤ ਕਰ ਰਹੇ ਸੀ, ਅਸ਼ੋਕ ਨਰਾਇਣ ਨੂੰ ਅਚਾਨਕ ਕੋਈ ਮਿਲਣ ਆ ਗਿਆ– ਕੈਲਾਸ਼ਨਾਥਨ, ਇਹ ਬੰਦਾ ਨਰਿੰਦਰ ਮੋਦੀ ਦੇ ਬਹੁਤ ਨੇੜੇ ਸਮਝਿਆ ਜਾਂਦਾ ਸੀ ਅਤੇ ਓਦੋਂ ਉਸਦਾ ਪ੍ਰਮੁੱਖ ਸਲਾਹਕਾਰ ਸੀ। ਅਸ਼ੋਕ ਨਰਾਇਣ ਵੱਲੋਂ ਪ੍ਰਧਾਨ ਮੰਤਰੀ ਦੇ ਦਫ਼ਤਰ ਇਹ ਸੁਨੇਹਾ ਦੇਣ 'ਤੇ ਕੈਲਾਸ਼ਨਾਥਨ ਉੱਥੇ ਆਇਆ ਸੀ ਕਿ ਉਸਦਾ ਸਾਲਾ ਹਿਮਾਚਲ ਪ੍ਰਦੇਸ਼ ਤੋਂ ਵਿਧਾਨ ਸਭਾ ਚੋਣ ਲੜਨੀ ਚਾਹੁੰਦਾ ਸੀ ਜੋ ਛੇਤੀ ਹੀ ਹੋਣ ਜਾ ਰਹੀ ਸੀ। ਗੁਜਰਾਤ ਭੇਜੇ ਜਾਣ ਤੋਂ ਪਹਿਲਾਂ ਮੋਦੀ ਹਿਮਾਚਲ ਦਾ ਸਾਬਕਾ ਇੰਚਾਰਜ ਰਹਿ ਚੁੱਕਾ ਸੀ ਇਸ ਲਈ ਅਜੇ ਵੀ ਉੱਥੇ ਉਸਦਾ ਵਾਹਵਾ ਰਸੂਖ਼ ਸੀ।

ਇਹ ਕੁਝ ਬਹੁਤ ਹੀ ਪ੍ਰੇਸ਼ਾਨ ਕਰਨ ਵਾਲਾ ਸੀ। ਕੀ ਇਹੀ ਵਜ੍ਹਾ ਸੀ ਜਿਸ ਕਰਕੇ ਅਫ਼ਸਰ ਨਰਿੰਦਰ ਮੋਦੀ ਦੇ ਖਿਲਾਫ਼ ਜਾ ਕੇ ਆਪਣਾ ਫਰਜ਼ ਨਿਭਾਉਣ ਤੋਂ ਇਨਕਾਰ ਕਰ ਦਿੰਦੇ ਸਨ? ਇਸ ਸੁਚੇਤ ਖੁੱਲ੍ਹ ਦਿਲੀ ਕਰਕੇ? ਇਸਨੇ ਮੈਨੂੰ ਬੇਚੈਨ ਕਰ ਦਿੱਤਾ।

ਜਦੋਂ ਕੈਲਾਸ਼ਨਾਥਨ ਚਲਾ ਗਿਆ, ਅਸ਼ੋਕ ਨਰਾਇਣ ਦੀ ਪਤਨੀ ਨੇ ਮੈਨੂੰ ਦਸਿਆ ਉਹ ਕਿੰਨਾ ਅਹਿਮ ਸੀ ਅਤੇ ਇਹ ਵੀ ਕਿ ਜੇ ਫਿਲਮ ਬਣਾਉਂਦੇ ਵਕਤ ਮੈਨੂੰ ਕਦੇ ਵੀ ਕੋਈ ਮੁਸ਼ਕਲ ਆਵੇ ਤਾਂ ਮੈਂ ਉਸਦੀ ਮਦਦ ਲਵਾਂ।

ਪ੍ਰਮੁੱਖ ਸਲਾਹਕਾਰ ਦੇ ਚਲੇ ਜਾਣ ਤੋਂ ਬਾਅਦ ਨਰਾਇਣ ਨਾਲ ਗੱਲਬਾਤ ਜਾਰੀ ਰਹੀ।

ਸਵਾਲ: ਤੁਹਾਡੀ ਨੌਕਰੀ ਦਾ ਸਭ ਤੋਂ ਚੁਣੌਤੀਪੂਰਨ ਹਿਸਾ ਕਿਹੜਾ ਸੀ?

**ਦੂਜੀ ਗੱਲ, ਹਿੰਦੂ ਭਾਈਚਾਰੇ ਦੇ ਰਵੱਈਏ ਨੇ ਮੈਨੂੰ ਬਹੁਤ ਸਦਮਾ ਪਹੁੰਚਾਇਆ... ਉਹ ਬੇਹਯਾਈ ਨਾਲ ਘਰਾਂ ਨੂੰ ਲੁੱਟ ਰਹੇ ਸਨ, ਉਹ ਕਾਰਾਂ ਵਿਚ ਆਏ ਅਤੇ ਲੁੱਟਮਾਰ ਕੀਤੀ... ਨਹਾਇਤ ਗਿਰੇ ਹੋਏ ਇਨਸਾਨ।**

ਜਵਾਬ: ਮੈਨੂੰ ਹਮੇਸ਼ਾ ਗਿਲਾਨੀ ਮਹਿਸੂਸ ਹੁੰਦੀ ਸੀ ਕਿ ਹਿੰਸਾ ਦੌਰਾਨ ਐਨੇ ਲੋਕ ਮਾਰੇ ਜਾ ਰਹੇ ਸਨ। ਮਿਸਾਲ ਵਜੋਂ ਬਹੁਤ ਸਾਰੇ ਪੱਤਰਕਾਰ ਪੁੱਛ ਲੈਂਦੇ ਕਿ ਅਸੀਂ ਉਦੋਂ ਅਸਤੀਫ਼ੇ ਕਿਉਂ ਨਹੀਂ ਦਿੱਤੇ?

ਮੈਂ ਉਨ੍ਹਾਂ ਨੂੰ ਦੱਸਦਾ ਕਿ ਜੇ ਮੈਂ ਦੋਸ਼ੀ ਮਹਿਸੂਸ ਕਰਦਾ ਫਿਰ ਹੀ ਅਸਤੀਫ਼ਾ ਦਿੰਦਾ।

ਸਵਾਲ: ਪਰ ਉਹ ਗਲਤ ਨਹੀਂ ਸਨ, ਤੁਸੀਂ ਸਿਆਸੀ ਤੌਰ 'ਤੇ ਅਸਥਿਰ ਹਾਲਤ ਵਿਚ ਫਸੇ ਹੋਏ ਸੀ...

ਜਵਾਬ: ਕਿਸੇ ਵੀ ਸੂਬਾ ਸਕਰਾਰ ਨੂੰ ਐਸੀ ਹਿੰਸਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਸਾਡੇ ਕੋਲ ਫ਼ਸਾਦਾਂ (ਨਾਲ ਨਜਿੱਠਣ) ਲਈ ਸਿਰਫ਼ ਚਾਰ ਕੰਪਨੀਆਂ ਸਨ। ਸੀ ਆਰ ਪੀ ਐੱਫ ਵੀ ਇਸ ਕੰਮ ਦੇ ਕਾਬਲ ਨਹੀਂ ਪਰ ਜੇ ਸਾਡੇ ਕੋਲ ਇਕ ਵੀ ਟੀਮ ਹੁੰਦੀ ਤਾਂ ਸਾਨੂੰ ਖੁਸ਼ੀ ਹੁੰਦੀ। ਉੱਧਰ ਕੇਂਦਰ ਵਿਚ ਵੀ ਭਾਜਪਾ ਦੀ ਸਰਕਾਰ ਸੀ।

ਸਵਾਲ: ਫਿਰ ਮੁੱਖ ਮੰਤਰੀ ਤਾਂ ਨੀਮ ਫ਼ੌਜੀ ਦਸਤਿਆਂ ਦੀ ਮੰਗ ਸੌਖਿਆ ਹੀ ਕਰ ਸਕਦਾ ਸੀ? ਕੀ ਇਹ ਕੇਂਦਰ ਅਤੇ ਸੂਬੇ ਦਰਮਿਆਨ ਤਾਲਮੇਲ ਦੀ ਤਰ੍ਹਾਂ ਸੀ?

ਜਵਾਬ: ਬਿਲਕੁਲ ਤਾਲਮੇਲ ਸੀ। ਸਾਡਾ ਮੁੱਖ ਮੰਤਰੀ ਜੇ ਚਾਹੁੰਦਾ ਤਾਂ ਕਿਸੇ ਵੀ ਵਕਤ ਸ੍ਰੀਮਾਨ ਅਡਵਾਨੀ ਨਾਲ ਗੱਲ ਕਰ ਸਕਦਾ ਸੀ।

ਸਵਾਲ: ਮੈਨੂੰ ਪਤਾ ਲੱਗਾ ਹੈ ਉਹ ਵਧੀਆ ਮਿੱਤਰ ਹਨ?

ਜਵਾਬ: ਬਹੁਤ ਵਧੀਆ ਮਿੱਤਰ, ਹਾਂ ਇਸ ਲਈ ਇਹ ਇਕ ਫੈਕਟਰ ਸੀ।

ਸਵਾਲ: ਕੋਈ ਫੋਰਸਾਂ ਨਹੀਂ ਸਨ। ਕੀ ਤੁਸੀਂ ਮੁੱਖ ਮੰਤਰੀ ਨੂੰ ਦਸਿਆ?

ਜਵਾਬ: ਉਹ ਸਭ ਕੁਝ ਜਾਣਦਾ ਸੀ। ਤੁਸੀਂ ਸੋਚਦੇ ਹੋ ਕਿ ਉਸਨੂੰ ਪਤਾ ਨਹੀਂ ਸੀ?

ਦੂਜੀ ਗੱਲ, ਹਿੰਦੂ ਭਾਈਚਾਰੇ ਦੇ ਰਵੱਈਏ ਨੇ ਮੈਨੂੰ ਬਹੁਤ ਸਦਮਾ ਪਹੁੰਚਾਇਆ...

ਉਹ ਬੇਹਯਾਈ ਨਾਲ ਘਰਾਂ ਨੂੰ ਲੁੱਟ ਰਹੇ ਸਨ, ਉਹ ਕਾਰਾਂ ਵਿਚ ਆਏ ਅਤੇ ਲੁੱਟਮਾਰ ਕੀਤੀ... ਨਹਾਇਤ ਗਿਰੇ ਹੋਏ ਇਨਸਾਨ।

ਸਵਾਲ: ਉਨ੍ਹਾਂ ਨੂੰ ਕਿਸ ਚੀਜ਼ ਨੇ ਇੱਧਰ ਨੂੰ ਪ੍ਰੇਰਿਆ?

ਜਵਾਬ: ਗੋਧਰਾ ਕਾਂਡ ਨੇ।

ਸਵਾਲ: ਫਿਰ ਤਾਂ ਬਹੁਤ ਹੀ ਗੜਬੜ ਰਹੀ ਹੋਵੇਗੀ...ਉਨ੍ਹਾਂ ਹੀ ਲੋਕਾਂ ਨੂੰ ਜਾ ਜਾ ਕੇ ਰਿਪੋਰਟ ਕਰਨੀ ਪਈ ਹੋਵੇਗੀ।

ਜਵਾਬ:ਉਨ੍ਹਾਂ ਵਿਚ ਕਦੇ ਵੀ ਮੈਨੂੰ ਕੁਝ ਗ਼ਕਰਨ ਲਈ ਕਹਿਣ ਦੀ ਹਿੰਮਤ ਨਹੀਂ ਸੀ।

ਸਵਾਲ: ਕੀ ਸਰਕਾਰ ਦਾ ਗੁੱਸਾ ਤੁਹਾਡੇ ਖਿਲਾਫ਼ ਸੇਧਤ ਸੀ?

ਜਵਾਬ: ਹਾਂ ਨਿਸ਼ਚੇ ਹੀ। ਮੈਂ ਕਿਹਾ ਜੋ ਵੀ ਹੈ ਮੈਨੂੰ ਲਿਖਤੀ ਹੁਕਮ ਦਿਓ।

ਦੇਖੋ ਹੇਠਲੇ ਪੱਧਰ 'ਤੇ ਹਰ ਅਫ਼ਸਰ ਨੂੰ, ਹਰ ਬੰਦੇ ਨੂੰ ਐਸੇ ਜੁਰਮਾਂ ਵਿਚ ਸ਼ਾਮਲ ਸਿਆਸਤਦਾਨਾਂ ਨੂੰ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਹੈ ਪਰ ਉਨ੍ਹਾਂ ਵਿਚੋਂ ਜ਼ਿਆਦਾਤਰ ਸਿਆਸੀ ਦਬਾਓ ਹੇਠ ਆਏ ਹੋਏ ਸੀ ਅਤੇ ਉਨ੍ਹਾਂ ਨੇ ਸਮਝੌਤਾ ਕਰ ਲਿਆ।

ਸਵਾਲ: ਹਿੰਸਾ ਦੌਰਾਨ ਇਹ ਕੁਝ ਵਾਪਰਿਆ?

ਜਵਾਬ: ਹਾਂ, ਮੋਬਾਈਲ ਫ਼ੋਨਾਂ ਦੇ ਇਸ ਯੁਗ ਵਿਚ, ਤੁਹਾਨੂੰ ਲਿਖ ਕੇ ਹੁਕਮ ਦੇਣ ਦੀ ਜ਼ਰੂਰਤ ਨਹੀਂ ਪੈਂਦੀ, ਤੁਸੀਂ ਸਿਰਫ਼ ਫੋਕਰਨਾ ਹੁੰਦਾ ਹੈ।

ਸਵਾਲ: ਮੁੱਖ ਮੰਤਰੀ ਤੁਹਾਨੂੰ ਨਫ਼ਰਤ ਕਰਦਾ ਹੋਵੇਗਾ?

ਜਵਾਬ: ਐਨਾ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਮੈਨੂੰ ਨਫ਼ਰਤ ਕਰਦੇ ਹੋਣਗੇ, ਪਰ ਉਨ੍ਹਾਂ ਦੀ ਇਹ ਖਾਹਿਸ਼ ਜ਼ਰੂਰ ਹੋਵੇਗੀ ਕਿ ਮੇਰੀ ਜਗ੍ਹਾ ਕੋਈ ਹੋਰ ਹੁੰਦਾ।

ਸਵਾਲ: ਉਹ ਸਾਰੇ ਇਕੱਠੇ ਕਿਵੇਂ ਹੋ ਗਏ, ਫ਼ਸਾਦ ਸ਼ੁਰੂ ਕਿਵੇਂ ਹੋਏ?

ਜਵਾਬ: ਇਸ ਸਭ ਕਾਸੇ ਦੀ ਯੋਜਨਾ ਵੀ ਅੱਚ ਪੀ ਨੇ ਬਣਾਈ ਸੀ। ਇਹ ਘਿਣਾਉਣਾ ਸੀ, ਗੋਧਰਾ ਅਤੇ ਫ਼ਸਾਦ ਦੋਵੇਂ, ਅਤੇ ਕਿਸੇ ਨੂੰ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਸਵਾਲ: ਕੀ ਫ਼ਸਾਦ ਰੇਲ ਗੱਡੀ ਨੂੰ ਜਲਾਏ ਜਾਣ ਦਾ ਪ੍ਰਤੀਕਰਮ ਸਨ?

ਜਵਾਬ: ਤੁਸੀਂ ਇਕ ਨੂੰ ਦੂਜੇ ਨਾਲ ਜਾਇਜ਼ ਨਹੀਂ ਠਹਿਰਾ ਸਕਦੇ।

ਸਵਾਲ: ਮੁੱਖ ਮੰਤਰੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਉਹ ਮੁਖ ਮੰਤਰੀ ਸੀ ਖ਼ਾਸ ਕਰਕੇ ਐਨਾ ਕੁਝ ਵਾਪਰਨ ਤੋਂ ਬਾਅਦ।

ਜਵਾਬ: ਇਕ ਪੜਾਅ 'ਤੇ ਗੋਆ ਮੀਟਿੰਗ ਵਿਚ ਉਸ ਵਿਚ ਬਦਲਾਓ ਆ ਰਿਹਾ ਸੀ। ਇਹ ਜ਼ਾਹਿਰ ਸੀ ਉਹ ਅਸਤੀਫ਼ਾ ਦੇਣਾ ਚਾਹੁੰਦਾ ਸੀ ਪਰ ਅਡਵਾਨੀ ਅੜ ਗਿਆ। ਅਡਵਾਨੀ ਨੇ ਵਾਜਪਾਈ ਉੱਪਰ ਉਸਦਾ ਅਸਤੀਫਾ ਮਨਜ਼ੂਰ ਨਾ ਕਰਨ ਲਈ ਦਬਾਓ ਪਾਇਆ। ਮੈਂ ਓਦੋਂ ਪ੍ਰਧਾਨ ਮੰਤਰੀ ਵਾਜਪਾਈ ਅੱਗੇ ਫ਼ਸਾਦਾਂ ਨੂੰ ਲੈ ਕੇ ਪੂਰਾ ਮਾਮਲਾ ਪੇਸ਼ ਕੀਤਾ ਸੀ ਅਤੇ ਮੋਦੀ ਵੀ ਉੱਥੇ ਸੀ।

ਸਵਾਲ: ਮੁੱਖ ਮੰਤਰੀ ਤਾਂ ਉਸ ਤੋਂ ਖੁਸ਼ ਨਹੀਂ ਹੋਵੇਗਾ?

ਜਵਾਬ: ਇਹ ਖੁਸ਼ ਜਾਂ ਨਾਖੁਸ਼ ਹੋਣ ਦਾ ਸਵਾਲ ਨਹੀਂ ਸੀ। ਮੈਨੂੰ ਤਾਂ ਇਹ ਪੇਸ਼ ਕਰਨਾ ਹੀ ਪੈਣਾ ਸੀ ਕਿ ਕੀ ਕੁਝ ਵਾਪਰਿਆ ਸੀ। ਉਸ ਵਕਤ ਮੈਂ ਦੇਖ ਸਕਦਾ ਸੀ ਕਿ ਵਾਜਪਾਈ ਵੀ ਮੋਦੀ ਅਤੇ ਉਸਦੀ ਭੂਮਿਕਾ ਨੂੰ ਲੈ ਕੇ ਖੁਸ਼ ਨਹੀਂ ਸੀ।

ਸਵਾਲ: ਇਹ ਪੱਕੀ ਗੱਲ ਹੈ ਕਿ ਉਹ ਵੀ ਸੰਜਮ ਨਾਲ ਚੱਲਿਆ? ਉਹ ਤਾਂ ਫੁਰਤੀ ਦਿਖਾ ਸਕਦਾ ਸੀ? ਉਸਦੇ ਸਿਆਸਤ ਖੇਡੀ।

ਜਵਾਬ: ਜੇ ਉਹ ਉਦੋਂ ਅਹੁਦਾ ਛੱਡ ਦਿੰਦਾ ਉਹ ਸਿਆਸੀ ਤੌਰ 'ਤੇ ਲਾਹਾ ਲੈ ਸਕਦਾ ਸੀ। ਹੁਣ ਉਹ ਉਸ ਅਕਸ ਤੋਂ ਪਿੱਛਾ ਛੁਡਾਉਣ ਦਾ ਯਤਨ ਕਰ ਰਿਹਾ ਹੈ।

ਸਵਾਲ: ਕੀ ਉਹ ਧਰਮ ਦੇ ਅਧਾਰ 'ਤੇ ਸੱਤਾ ਵਿਚ ਆਇਆ? ਉਹਦੀ ਲਫ਼ਾਜ਼ੀ...

ਜਵਾਬ: 2002 'ਚ ਉਸਨੂੰ ਫ਼ਸਾਦਾਂ ਦੇ ਕਾਰਨ ਵੋਟਾਂ ਪਈਆਂ।...2007 'ਚ ਉਸਨੂੰ ਹੋਰ ਵੀ ਜ਼ਿਆਦਾ ਵੋਟਾਂ ਮਿਲੀਆਂ ਕਿਉਂਕਿ ਉਸਨੇ ਆਪਣਾ ਚਿਹਰਾ-ਮੋਹਰਾ ਵਿਕਾਸ ਵਾਲਾ ਬਣਾ ਲਿਆ ਸੀ।

ਸਵਾਲ: ਬਾਕੀ ਦਿਆਂ, ਅਫ਼ਸਰਾਂ ਦਾ ਰਵੱਈਆ ਕਿਵੇਂ ਸੀ?

ਜਵਾਬ: ਬਤੌਰ ਸਾਬਕਾ ਸਕੱਤਰ ਫਰਾਖ਼ਦਿਲੀ ਨਾਲ ਕਹਿ ਦਿਆਂ, ਡੀ ਜੀ ਪੀ ਖੁਦਿਆਨਤਦਾਰ ਬੰਦਾ ਸੀ, ਪਰ ਉਹ ਵੀ ਐਨਾ ਨਰਮ ਸੀ ਕਿ ਪ੍ਰਭਾਵਸ਼ਾਲੀ ਪੁਲਿਸ ਅਫ਼ਸਰ ਸਾਬਤ ਨਹੀਂ ਹੋ ਸਕਦਾ ਸੀ। ਹਿੰਸਾ ਦੌਰਾਨ ਉਹ ਸਿਆਸੀ ਹੁਕਮਾਂ ਅੱਗੇ ਨਹੀਂ ਝੁਕਿਆ ਪਰ ਉਹ ਆਪਣੇ ਬੰਦਿਆਂ, ਪੁਲਿਸ ਅਫ਼ਸਰਾਂ ਨੂੰ ਕੰਟਰੋਲ ਨਹੀਂ ਕਰ ਸਕਿਆ। ਉਂਝ ਉਹ ਖ਼ਰਾ ਬੰਦਾ ਸੀ। ਸਰਕਾਰ ਦੇ ਵੱਲੋਂ ਅਫ਼ਸਰਾਂ ਦੇ ਤਬਾਦਲੇ ਲਈ ਕੋਈ ਦਬਾਓ ਸੀ ਤਾਂ ਉਹ ਨਾਂਹ ਕਰ ਸਕਦਾ ਸੀ, ਮੇਰੇ ਤੋਂ ਲਿਖਤੀ ਹੁਕਮ ਲੈ ਸਕਦਾ ਸੀ।

ਸਵਾਲ: ਫਿਰ ਤਾਂ ਉਹ ਸਰਕਾਰ ਦੀਆਂ ਨਜ਼ਰਾਂ 'ਚ ਮਾੜਾ ਬੰਦਾ ਰਿਹਾ ਹੋਵੇਗਾ?

ਜਵਾਬ: ਹਾਂ। ਉਹ ਇੰਝ ਹੀ ਸੀ। ਮੇਰੇ ਲਈ ਚੰਗੀ ਗੱਲ ਇਹ ਸੀ ਕਿ ਉਹ ਹਿੰਸਾ ਦੌਰਾਨ ਮੇਰੇ ਨਾਲ ਸੀ, ਘੱਟੋ ਘੱਟ ਇਕ ਨਿਰਪੱਖ ਬੰਦਾ ਤਾਂ ਨਾਲ ਸੀ। ਇਸ ਲਈ ਉਹ ਮੇਰੇ ਲਈ ਚੋਖੀ ਮਦਦ ਸੀ।

ਤਕਨੀਕੀ ਤੌਰ 'ਤੇ ਮੰਤਰੀਆਂ ਕੋਲ ਕੁਲੈਕਟਰਾਂ ਅਤੇ ਡੀ ਐੱਮ ਵਾਲੀਆਂ ਖ਼ਾਸ ਤਾਕਤਾਂ ਨੂੰ ਛੱਡ ਕੇ ਸਾਰੀਆਂ ਤਾਕਤਾਂ ਹੁੰਦੀਆਂ ਹਨ। ਹੋਰ ਸਾਰੀਆਂ ਤਾਕਤਾਂ, ਹਾਲਾਂਕਿ ਇੱਥੇ ਅਧਿਕਾਰ ਸਪੁਰਦਗੀ ਦਾ ਸਵਾਲ ਹੁੰਦਾ ਹੈ। ਪਰ ਜੇ ਕੈਬਨਿਟ ਮੰਤਰੀ ਤੁਹਾਨੂੰ ਗੈਹੁਕਮ ਦਿੰਦੇ ਹਨ ਤਾਂ ਹਿੰਦੁਸਤਾਨ ਦਾ ਸੰਵਿਧਾਨ ਤੁਹਾਨੂੰ ਨਾਂਹ ਕਹਿਣ ਦੀ ਖੁੱਲ੍ਹ ਦਿੰਦਾ ਹੈ।

ਸਵਾਲ: ਪਰ ਕੀ ਤੁਹਾਡੇ ਵਿਚ ਉਸ ਵਕਤ ਹਿੰਸਾ ਦੌਰਾਨ ਨਾਂਹ ਕਹਿਣ ਦੀ ਹਿੰਮਤ ਸੀ?

ਜਵਾਬ: ਅਸੀਂ ਜੋ ਕਹਿਣਾ ਹੈ ਕਹਿਣਾ ਹੀ ਹੈ। ਸਭ ਕੁਝ ਕਿਹਾ ਵੀ ਅਤੇ ਕੀਤਾ ਸੀ ਉਨ੍ਹਾਂ ਵਿਚ ਐਸੇ ਹੁਕਮ ਦੇਣ ਦੀ ਹਿੰਮਤ ਨਹੀਂ ਸੀ, ਉਹ ਲਿਖਤੀ ਹੁਕਮ ਨਹੀਂ ਦਿੰਦੇ। ਮੈਂ ਕਿਹਾ ਕਿ ਜੋ ਮੈਨੂੰ ਲਿਖਤੀ ਕਰਨ ਲਈ ਕਿਹਾ ਜਾਵੇਗਾ ਉਹ ਮੈਂ ਕਰਾਂਗਾ।

ਸਵਾਲ: ਤੁਹਾਨੂੰ ਸੂਬਾ ਸਰਕਾਰ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਹੋਵੇਗਾ?

ਜਵਾਬ: ਮੈਨੂੰ ਕਰਨਾ ਪਿਆ। ਮੈਨੂੰ ਮੁੱਖ ਸਕੱਤਰ ਦਾ ਅਹੁਦਾ ਨਹੀਂ ਦਿੱਤਾ ਗਿਆ। ਪਰ ਥਾਣੇਦਾਰਾਂ ਅਤੇ ਦਰੋਗਿਆਂ ਜਿਹੇ ਅਫ਼ਸਰਾਂ ਕੋਲ ਮੁੱਖ ਮੰਤਰੀ ਸਮੇਤ ਮੰਤਰੀਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਤਾਕਤਾਂ ਹਨ। ਪਰ ਉਨ੍ਹਾਂ ਨੇ ਸਰਕਾਰ ਦਾ ਸਾਥ ਦੇਣ ਨੂੰ ਤਰਜ਼ੀਹ ਦਿੱਤੀ।

ਸਵਾਲ: ਕੀ ਇਹ ਕੁਝ ਵਾਪਰਿਆ?

ਜਵਾਬ: ਹਾਂ ਅਤੇ ਮੋਬਾਈਲ ਫ਼ੋਨਾਂ ਦੇ ਇਸ ਯੁਗ ਵਿਚ ਉਹ ਤੁਹਾਨੂੰ ਹੁਕਮਾਂ ਦੀ ਪਾਲਣਾ ਕਰਨ ਲਈ ਕਹਿੰਦੇ ਹਨ। ਅਤੇ ਅਫ਼ਸਰਾਂ ਨੂੰ ਤਰੱਕੀਆਂ ਦਾ ਜ਼ਿਆਦਾ ਫ਼ਿਕਰ ਹੁੰਦਾ ਹੈ।

ਜਦੋਂ ਫ਼ੌਜ ਬੁਲਾ ਲਈ ਗਈ ਤਾਂ ਉਨ੍ਹਾਂ ਲਈ ਬਹੁਤ ਕੁਝ ਕਰਨ ਵਾਲਾ ਸੀ। ਤੱਥ ਇਹ ਸੀ ਕਿ ਸਾਨੂੰ ਹਿੰਸਾ 'ਤੇ ਕਾਬੂ ਪਾਉਣ ਲਈ ਲੋੜੀਂਦੀ ਨਫ਼ਰੀ ਨਹੀਂ ਮਿਲੀ। ਸਾਰੀਆਂ ਤਾਕਤਾਂ ਅਯੁੱਧਿਆ ਵਿਚ ਸਨ। ਕੇਂਦਰ ਸਰਕਾਰ ਨੇ ਉਹ ਸਾਨੂੰ ਨਹੀਂ ਦਿੱਤੀਆਂ।

ਸਵਾਲ: ਫ਼ਸਾਦਾਂ ਦਾ ਸਿਆਸੀਕਰਨ ਕਿਵੇਂ ਹੋਇਆ?

ਜਵਾਬ: ਉਹ ਫਿਰਕੂ ਤੌਰ 'ਤੇ ਭੜਕੇ ਹੋਏ ਸਨ। ਸੱਤਾਧਾਰੀ ਪਾਰਟੀ ਨੇ ਵੀ ਐੱਚ ਪੀ ਵੱਲੋਂ ਦਿੱਤੇ ਬੰਦ ਦੇ ਸੱਦੇ ਦੀ ਹਮਾਇਤ ਕੀਤੀ। ਇਹ ਵੱਡੀ ਸਮੱਸਿਆ ਸੀ ਅਤੇ ਸੀਨੀਅਰ ਪੁਲਿਸ ਅਫ਼ਸਰ ਸਾਨੂੰ ਕਹਿੰਦੇ ਸਨ ਕਿ ਜਦੋਂ ਤਕ ਭਾਜਪਾ ਵੱਲੋਂ ਇਸ਼ਾਰਾ ਨਹੀਂ ਹੁੰਦਾ ਇਸ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। ਕਿਉਂਕਿ ਉਹ ਸੋਚਦੇ ਹਨ ਕਿ ਅਸੀਂ ਲੋਕਾਂ ਦਾ ਸਾਥ ਦੇ ਰਹੇ ਹਾਂ।

ਸਵਾਲ: ਪਰ ਮੋਦੀ (ਮੋਦੀ ਦੀ ਜਿੱਤ) ਹੋਰ ਕੁਝ ਨਾਲੋਂ ਲੋਕ ਸੰਪਰਕ ਦਾ ਕੰਮ ਜ਼ਿਆਦਾ ਲੱਗਦੀ ਹੈ?

ਜਵਾਬ: ਪੂਰੀ ਤਰ੍ਹਾਂ।

ਸਵਾਲ: ਜ਼ਰਾ ਵਾਈਬਰੈਂਟ ਗੁਜਰਾਤ ਦੁਆਲੇ ਬੰਨ੍ਹੇ ਗੁੱਡੇ ਨੂੰ ਦੇਖੋ।

ਜਵਾਬ: (ਉਹ ਸਿਰ ਹਿਲਾਕੇ ਹਾਮੀ ਭਰਦਾ ਹੈ)।

ਸਵਾਲ: ਪਰ ਉਸ ਨੂੰ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ?

ਜਵਾਬ: ਉਸ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਸਨੇ ਵੀ ਐੱਚ ਪੀ ਦੀ ਹਮਾਇਤ ਕਰਨ ਦਾ ਰਾਹ ਚੁਣਿਆ। ਉਸਨੇ ਜੋ ਕਰਨਾ ਸੀ ਠੀਕ ਉਹੀ ਕੀਤਾ ਅਤੇ ਉਸ ਨੇ ਉਹ ਹਾਸਲ ਕੀਤਾ ਜੋ ਉਹ ਚਾਹੁੰਦਾ ਸੀ।

ਚਕਰਵਰਤੀ ਵਰਗੇ ਲੋਕਾਂ ਨੂੰ ਸ਼ਾਬਾਸ਼ ਨਹੀਂ ਮਿਲੀ, ਮਾਣ ਸਨਮਾਨ ਨਹੀਂ ਮਿਲੇ, (ਕਿਉਂਕਿ) ਉਨ੍ਹਾਂ ਨੇ ਆਪਣੀ ਜ਼ਮੀਰ ਦੀ ਆਵਾਜ਼ ਨੂੰ ਸੁਣਿਆ।

ਸਵਾਲ: ਸੱਚਮੁੱਚ ਹਰ ਕੋਈ ਮੁੱਖ ਸਕੱਤਰ ਜੀ ਸੂਬਾਰਾਓ ਦੀ ਤਾਰੀਫ਼ ਕਰ ਰਿਹਾ ਹੈ?

ਜਵਾਬ: ਸੱਚਮੁੱਚ?

ਸਵਾਲ: ਮੈਂ ਕਟਾਖਸ਼ ਕਰ ਰਹੀ ਹਾਂ।

ਜਵਾਬ: ਬਦਕਿਸਮਤੀ ਨਾਲ ਸੂਬਾਰਾਓ ਸਰਕਾਰ ਨੂੰ ਖੁਸ਼

ਕਰਨਾ ਚਾਹੁੰਦਾ ਸੀ, ਉਹ ਮੁੱਖ ਮੰਤਰੀ ਨੂੰ ਖੁਸ਼ ਕਰਨਾ ਚਾਹੁੰਦਾ ਸੀ, ਪਰ ਇਸ ਤਰ੍ਹਾਂ ਕਰਕੇ ਉਹ ਕਾਮਯਾਬ ਨਹੀਂ ਹੋਇਆ (ਮੁਸਕਰਾਉਂਦਾ ਹੈ)।

ਸਵਾਲ: ਕਿਉਂ ?

ਜਵਾਬ: ਮੇਰਾ ਮਤਲਬ ਹੈ ਕਿ ਸਰਕਾਰ ਵੱਲੋਂ ਸੇਵਾ ਮੁਕਤੀ ਤੋਂ ਬਾਅਦ ਮੌਜ ਕਰਨ ਲਈ ਉਸਦੀ ਨੌਕਰੀ ਦੀ ਮਿਆਦ ਪੰਜ ਸਾਲ ਹੋਰ ਵਧਾ ਦਿੱਤੀ ਗਈ ਸੀ।

ਸਵਾਲ: ਆਪਣੀ ਫਿਲਮ ਵਿਚ ਮੈਂ ਫ਼ਸਾਦਾਂ ਦਾ ਕਿੰਨਾ ਕੁ ਜ਼ਿਕਰ ਕਰਾਂ ?

ਜਵਾਬ: ਦੇਖੋ, ਫਿਰ ਤੁਹਾਡੀ ਫਿਲਮ ਵਿਵਾਦਪੂਰਨ ਬਣ ਜਾਵੇਗੀ। ਕਿਉਂਕਿ ਫ਼ਸਾਦ ਵਿਵਾਦਪੂਰਨ ਸਨ।

ਸਵਾਲ: ਇਸੇ ਲਈ, ਮੈਂ ਤੁਹਾਡੇ ਮੁੱਖ ਮੰਤਰੀ ਨੂੰ ਫ਼ਸਾਦਾਂ ਬਾਰੇ ਇਕ ਵੀ ਸਵਾਲ ਨਹੀਂ ਪੁੱਛਿਆ ?

ਜਵਾਬ: ਜੇ ਤੁਸੀਂ ਪੁੱਛਿਆ ਹੁੰਦਾ, ਉਸਨੇ ਤੁਹਾਨੂੰ ਟਾਲ ਦੇਣਾ ਸੀ ਅਤੇ ਨਿਸ਼ਚੇ ਹੀ ਤੁਹਾਨੂੰ ਦੂਜੀ ਵਾਰ ਮਿਲਣ ਲਈ ਵਕਤ ਨਹੀਂ ਦੇਣਾ ਸੀ।

ਸਵਾਲ: ਭੱਟ ਵਰਗਾ ਬੰਦਾ ਮੁੱਖ ਮੰਤਰੀ ਅਤੇ ਸਰਕਾਰ ਦੇ ਖਿਲਾਫ਼ ਕਿਉਂ ਹੋਇਆ ?

ਜਵਾਬ: ਇਸਦਾ ਕਾਰਨ ਰਿਹਾ ਹੋਵੇਗਾ। ਉਸਦਾ ਜਿਹੜਾ ਵੀ ਬੌਸ ਹੋਵੇਗਾ ਉਸਨੇ ਇੰਝ ਕਰਨ ਲਈ ਕਿਹਾ ਹੋਵੇਗਾ। ਇਹ ਲਾਜ਼ਮੀ ਹੀ ਉਸ ਦੇ ਕਹਿਣ 'ਤੇ ਕੀਤਾ ਹੋਵੇਗਾ ਜੋ ਉਸ ਦਾ ਬੌਸ ਸੀ।

ਸਵਾਲ: ਉਹ ਕਿੰਨਾ ਕੁ ਭਰੋਸੇਯੋਗ ਹੈ ?

ਜਵਾਬ: ਉਹ ਭਰੋਸੋਯੋਗ ਨਹੀਂ ਹੈ।

ਸਵਾਲ: ਅੱਛਾ, ਹਾਂ ਸੱਚ ਮਾਇਆ ਕੋਡਨਾਨੀ ਨੇ ਜੈਯੰਤੀ ਰਵੀ ਦਾ ਜ਼ਿਕਰ ਕੀਤਾ ਸੀ।

ਜਵਾਬ: ਅੱਛਾ....

ਸਵਾਲ: ਉਹ ਵਾਹਦਾ ਸਰਕਾਰ ਵਿਰੋਧੀ ਜਾਪਦੀ ਸੀ ?

ਜਵਾਬ: ਹੁਣ ਉਹ ਹੈ, ਪਰ ਪਹਿਲਾਂ ਉਹ ਨਹੀਂ ਸੀ। ਪਹਿਲਾਂ ਉਹ ਮੁੱਖ ਮੰਤਰੀ ਨਾਲ ਸਰਕਾਰ ਨਾਲ ਸੀ।

ਸਵਾਲ: ਉਹ ਇਸ ਤੱਥ ਤੋਂ ਪ੍ਰੇਸ਼ਾਨ ਸੀ ਕਿ ਕੋਈ ਵੀ ਉਸਦੇ ਬਚਾਓ ਲਈ ਨਹੀਂ ਬਹੁੜਿਆ ?

ਜਵਾਬ: ਸਿਆਸੀ ਬੌਸ ਕਿਸੇ ਦੇ ਬਚਾਓ ਲਈ ਨਹੀਂ ਬਹੁੜਦੇ।

ਸਵਾਲ: ਉਹ ਪੂਰੀ ਤਰ੍ਹਾਂ ਬੇਕਸੂਰ ਹੋਣ ਦਾ ਦਾਅਵਾ ਕਰਦੀ ਹੈ।

ਜਵਾਬ: ਫ਼ਸਾਦਾਂ ਵਿਚ ਉਹ ਨਿਸ਼ਚੇ ਹੀ ਆਰ ਐੱਸ ਐੱਸ ਪੱਖੀ, ਮੁੱਖ ਮੰਤਰੀ ਪੱਖੀ, ਵੀ ਐੱਚ ਪੀ ਪੱਖੀ ਸੀ।

ਸਵਾਲ: ਜਿਸਦਾ ਮਤਲਬ ਹੈ ਉਸਨੇ ਫ਼ਸਾਦਾਂ ਦੌਰਾਨ ਸਰਗਰਮੀ ਨਾਲ ਹਿੱਸਾ ਲਿਆ ?

ਜਵਾਬ: ਬਿਲਕੁਲ।

ਸਵਾਲ: ਰਾਹੁਲ ਸ਼ਰਮਾ ਕਿਵੇਂ ਹੈ ?

ਜਵਾਬ: ਉਹ ਬਾਗ਼ੀਆਂ ਵਿਚੋਂ ਇਕ ਹੈ।

ਸਵਾਲ: ਜਿਵੇ ਕੀ ?

ਜਵਾਬ: ਹਾਂ ਉਸਨੇ ਕਿਸੇ ਦੀ ਮਦਦ ਨਹੀਂ ਕੀਤੀ। ਉਹ ਤਾਂ ਬਸ ਫ਼ਸਾਦਾਂ ਉਪਰ ਕਾਬੂ ਪਾਉਣਾ ਚਾਹੁੰਦਾ ਸੀ।

ਸਵਾਲ: ਕੀ ਉਸ ਨੂੰ ਵੀ ਵਗਾਹ ਮਾਰਿਆ ਗਿਆ ?

ਜਵਾਬ: ਉਸਦਾ ਬਾਹਰ ਤਬਾਦਲਾ ਕਰ ਦਿੱਤਾ ਗਿਆ। ਡੀ ਜੀ ਪੀ ਦੀਆਂ ਸਿਫ਼ਾਰਸ਼ਾਂ, ਸ੍ਰੀਮਾਨ ਚਕਰਵਰਤੀ ਦੀਆਂ ਸਿਫ਼ਾਰਸ਼ਾਂ ਕਰਨ ਅਤੇ ਮੇਰੇ ਵੱਲੋਂ ਉਸਦੀਆਂ ਸਿਫ਼ਾਰਸ਼ਾਂ ਦੀ ਹਮਾਇਤ ਕਰਨ ਦੇ ਬਾਵਜੂਦ।

ਸਵਾਲ: ਸਿਰਫ਼ ਇਸ ਕਰਕੇ ਕਿ ਉਹ ਮੁੱਖ ਮੰਤਰੀ ਦੇ ਖਿਲਾਫ਼ ਖੜ੍ਹਿਆ ਸੀ ?

ਜਵਾਬ: ਨਿਸ਼ਚੇ ਹੀ।

ਇਥੇ ਰਾਹੁਲ ਸ਼ਰਮਾ ਦੀ ਕਹਾਣੀ ਦੱਸੇ ਜਾਣ ਦੀ ਜ਼ਰੂਰਤ ਹੈ ਜਿਸ ਨੂੰ ਮੈਂ ਦੋ ਜਾਂ ਤਿੰਨ ਸਮਾਜੀ ਮੌਕਿਆਂ ਉਪਰ ਸੰਖੇਪ ਤੌਰ 'ਤੇ ਮਿਲੀ ਸੀ। ਪਹਿਲੀ ਦਫ਼ਾ ਮੈਂ ਰਾਹੁਲ ਨੂੰ ਓਦੋਂ ਮਿਲੀ ਜਦੋਂ ਉਹ ਇਕ ਵਕੀਲ ਨੂੰ ਮਿਲਣ ਆਇਆ ਸੀ, ਉਸਦੀ ਬਹੁਤ ਹੀ ਪੜ੍ਹੀਲਿਖੀ ਅਤੇ ਗੌਰਵਮਈ ਪਤਨੀ ਉਸਦੇ ਨਾਲ ਸੀ। ਸ਼ਰਮਾ ਬਾਰੇ ਮੇਰਾ ਪ੍ਰਭਾਵ ਇਹ ਬਣਿਆ ਕਿ ਉਹ ਚੁੱਪਚਾਪ ਕੰਮ ਕਰਨ ਵਾਲਾ ਬੰਦਾ ਹੈ ਜਿਸਨੂੰ ਆਪਣੀ ਬਹਾਦਰੀ ਦੀਆਂ ਕਹਾਣੀਆਂ ਪੱਤਰਕਾਰਾਂ ਨੂੰ ਸੁਣਾਉਣ ਦੀ ਆਦਤ ਨਹੀਂ। ਉਸਨੇ ਆਪਣੇ ਕੰਮ ਨੂੰ ਬੋਲਣ ਦਿੱਤਾ ਅਤੇ ਜਦ ਤੱਕ ਮੈਂ ਉੱਥੇ ਸੀ ਉਸਨੇ ਆਪਣੇ ਕਾਨੂੰਨੀ ਮਾਮਲੇ ਬਾਰੇ ਖ਼ਾਮੋਸ਼ ਰਹਿਣ ਨੂੰ ਤਰਜ਼ੀਹ ਦਿੱਤੀ। ਉਸ ਵਕਤ ਸੂਬਾ ਸਰਕਾਰ ਵੱਲੋਂ ਉਸਦਾ ਸ਼ਿਕਾਰ ਪਿੱਛਾ ਕੀਤਾ ਜਾ ਰਿਹਾ ਸੀ- ਉਸਦੀ ਸਾਲਾਨਾ ਖੁਫ਼ੀਆ ਰਿਪੋਰਟ ਵਿਚ ਨਾਂਪੱਖੀ ਟਿੱਪਣੀਆਂ ਦੇ ਕੇ ਉਸਦੀ ਜਗ੍ਹਾ ਕਿਸੇ ਹੋਰ ਨੂੰ ਤਰੱਕੀ ਦਿੱਤੀ ਗਈ ਸੀ ਅਤੇ ਉਸਦੇ ਖਿਲਾਫ਼ ਦੋ ਵਿਭਾਗੀ ਚਾਰਜਸ਼ੀਟ ਜਾਰੀ ਕੀਤੀਆਂ ਗਈਆਂ ਸਨ। ਬਾਅਦ ਵਿਚ 20 15 'ਚ ਗੁਜਰਾਤ ਸਰਕਾਰ ਨੇ ਉਸਦੀ ਸਵੈਇੱਛਾ ਨਾਲ ਸੇਵਾ ਮੁਕਤੀ ਦੀ ਦਰਖ਼ਾਸਤ ਮਨਜ਼ੂਰ ਕਰ ਲਈ।

ਇੰਡੀਅਨ ਐਕਸਪ੍ਰੈਸ ਨੇ ਫਰਵਰੀ 2015 ਦੀ ਇਕ ਰਿਪੋਰਟ ਵਿਚ ਉਸ ਬਾਰੇ ਇਹ ਲਿਖਿਆ:

ਸ਼ਰਮਾ ਉਨ੍ਹਾਂ ਅਫ਼ਸਰਾਂ ਵਿਚੋਂ ਸੀ ਜਿਨ੍ਹਾਂ ਨੇ 2002 ਦੇ ਗੋਧਰਾ ਹਿੰਸਾ ਮਾਮਲੇ ਵਿਚ ਸੂਬਾ ਸਰਕਾਰ ਨੂੰ ਸਖ਼ਤੀ ਨਾਲ ਲਿਆ ਅਤੇ 2002 'ਚ ਜਾਂਚ ਦਾ ਸਹਿਯੋਗ ਕਰਦੇ ਹੋਏ ਬਤੌਰ



**ਸ਼ਰਮਾ ਉਨ੍ਹਾਂ ਅਫ਼ਸਰਾਂ ਵਿਚੋਂ ਸੀ ਜਿਨ੍ਹਾਂ ਨੇ 2002 ਦੇ ਗੋਧਰਾ ਹਿੰਸਾ ਮਾਮਲੇ ਵਿਚ ਸੂਬਾ ਸਰਕਾਰ ਨੂੰ ਸਖ਼ਤੀ ਨਾਲ ਲਿਆ ਅਤੇ 2002 'ਚ ਜਾਂਚ ਦਾ ਸਹਿਯੋਗ ਕਰਦੇ ਹੋਏ ਬਤੌਰ ਇਕ ਜਾਂਚ ਅਫ਼ਸਰ ਨਾਰੋਦਾ ਪਾਟੀਆ, ਨਾਰੋਦਾ ਗਾਮ ਅਤੇ ਗੁਲਬਰਗ ਸੁਸਾਇਟੀ ਮਾਮਲਿਆਂ ਵਿਚ ਅਹਿਮ ਸਬੂਤ ਇਕੱਠੇ ਕੀਤੇ। ਜਦੋਂ ਉਹ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਵਿਚ ਤਿੰਨ ਨੁਕਤਿਆਂ ਉਪਰ ਕਾਨੂੰਨੀ ਲੜਾਈ ਰਿਹਾ ਹੈ- ਉਸਦੀ ਸਾਲਾਨਾ ਖੁਫ਼ੀਆ ਰਿਪੋਰਟ ਵਿਚ ਨਾਂਹ ਪੱਖੀ ਟਿੱਪਣੀਆਂ, ਅਤੇ ਉਸਨੂੰ ਜਾਰੀ ਕੀਤੀਆਂ ਦੋ ਵਿਭਾਗੀ ਚਾਰਜਸ਼ੀਟ ਉਸਨੇ 28 ਫਰਵਰੀ 2015 ਨੂੰ ਆਪਣਾ ਵਿਦਾਇਗੀ ਦਾ ਦਿਨ ਚੁਣਦੇ ਹੋਏ ਤਿੰਨ ਮਹੀਨੇ ਪਹਿਲਾਂ ਸੇਵਾ ਮੁਕਤੀ ਦਾ ਦਰਖ਼ਾਸਤ ਦਿੱਤੀ ਸੀ। ਜਦਕਿ ਸੂਬਾ ਸਰਕਾਰ ਨੇ ਉਸਦੀ ਚਿੱਠੀ ਦਾ ਉਸ ਵੱਲੋਂ ਬੇਨਤੀ ਕੀਤੀ ਤਾਰੀਕ ਤੋਂ ਮਹਿਜ਼ ਦੋ ਦਿਨ ਪਹਿਲਾਂ ਨੋਟਿਸ ਲਿਆ ਹੈ।**

ਇਕ ਜਾਂਚ ਅਫ਼ਸਰ ਨਾਰੋਦਾ ਪਾਟੀਆ, ਨਾਰੋਦਾ ਗਾਮ ਅਤੇ ਗੁਲਬਰਗ ਸੁਸਾਇਟੀ ਮਾਮਲਿਆਂ ਵਿਚ ਅਹਿਮ ਸਬੂਤ ਇਕੱਠੇ ਕੀਤੇ। ਜਦੋਂ ਉਹ ਕੇਂਦਰੀ ਪ੍ਰਸ਼ਾਸਨਿਕ ਟ੍ਰਿਬਿਊਨਲ ਵਿਚ ਤਿੰਨ ਨੁਕਤਿਆਂ ਉਪਰ ਕਾਨੂੰਨੀ ਲੜਾਈ ਰਿਹਾ ਹੈ- ਉਸਦੀ ਸਾਲਾਨਾ ਖੁਫ਼ੀਆ ਰਿਪੋਰਟ ਵਿਚ ਨਾਂਹ ਪੱਖੀ ਟਿੱਪਣੀਆਂ, ਅਤੇ ਉਸਨੂੰ ਜਾਰੀ ਕੀਤੀਆਂ ਦੋ ਵਿਭਾਗੀ ਚਾਰਜਸ਼ੀਟ ਉਸਨੇ 28 ਫਰਵਰੀ 2015 ਨੂੰ ਆਪਣਾ ਵਿਦਾਇਗੀ ਦਾ ਦਿਨ ਚੁਣਦੇ ਹੋਏ ਤਿੰਨ ਮਹੀਨੇ ਪਹਿਲਾਂ ਸੇਵਾ ਮੁਕਤੀ ਦਾ ਦਰਖ਼ਾਸਤ ਦਿੱਤੀ ਸੀ। ਜਦਕਿ ਸੂਬਾ ਸਰਕਾਰ ਨੇ ਉਸਦੀ ਚਿੱਠੀ ਦਾ ਉਸ ਵੱਲੋਂ ਬੇਨਤੀ ਕੀਤੀ ਤਾਰੀਕ ਤੋਂ ਮਹਿਜ਼ ਦੋ ਦਿਨ ਪਹਿਲਾਂ ਨੋਟਿਸ ਲਿਆ ਹੈ।

ਜਦਕਿ ਰਾਹੁਲ ਸ਼ਰਮਾ ਦੇ ਖਿਲਾਫ਼ ਸਰਕਾਰ ਦੇ ਗੁੱਸੇ ਨੂੰ ਸਮਝਣ ਲਈ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਉਸ ਬਾਰੇ ਸੁਪਰੀਮ ਕੋਰਟ ਵੱਲੋਂ ਨਿਯੁਕਤੀ ਕੀਤੀ ਸਿਟ (SIT) ਦੀ ਸੋਚ ਸੀ ਕਿ ਉਸਨੂੰ ਤੰਗ ਕੀਤਾ ਜਾ ਰਿਹਾ ਹੈ। 2002 ਦੀ ਹਿੰਸਾ ਬਾਰੇ ਸਿਟ ਦੀ ਰਿਪੋਰਟ ਦਾ ਅਹਿਮ ਨੁਕਤਾ ਇਹ ਸੀ ਕਿ ਇਸ ਨਾਲ ਇਹ ਤਸਦੀਕ ਹੋ ਗਈ ਕਿ ਨਰਿੰਦਰ ਮੋਦੀ ਸਰਕਾਰ ਉਨ੍ਹਾਂ ਪੁਲਿਸ ਅਫ਼ਸਰਾਂ ਨੂੰ ਤੰਗ ਕਰ ਰਹੀ ਸੀ ਜਿਨ੍ਹਾਂ ਨੇ 2002 'ਚ ਹਿੰਸਾ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਅਤੇ ਕਿ ਫ਼ਸਾਦਾਂ ਤੋਂ ਬਾਅਦ ਵੀ ਉਨ੍ਹਾਂ ਨੂੰ ਤੰਗ ਕਰਨ ਅਤੇ ਉਨ੍ਹਾਂ ਦਾ ਸ਼ਿਕਾਰ ਪਿੱਛੇ ਕੀਤੇ ਜਾਣ ਦਾ ਸਿਲਸਿਲਾ ਜਾਰੀ ਸੀ।

ਗੁਜਰਾਤ ਸਰਕਾਰ ਨੇ ਸੀਨੀਅਰ ਆਈ ਪੀ ਐੱਸ ਅਫ਼ਸਰ ਰਾਹੁਲ ਸ਼ਰਮਾ ਨੂੰ ਨੋਟਿਸ ਜਾਰੀ ਕੀਤਾ ਸੀ ਕਿ ਉਸਨੇ ਬਿਨਾ ਮਨਜ਼ੂਰੀ ਲਏ ਫ਼ਸਾਦਾਂ ਦੌਰਾਨ ਮੌਜੂਦ ਸੀਨੀਅਰ ਸਿਆਸਤਦਾਨਾਂ ਅਤੇ ਨੌਕਰਸ਼ਾਹਾਂ ਦੀਆਂ ਫ਼ੋਨ ਕਾਲਾਂ ਦੇ ਰਿਕਾਰਡ ਜਾਂਚ ਕਮਿਸ਼ਨਾਂ ਦੇ ਸਪੁਰਦ ਕਿਉਂ ਕੀਤੇ ਸਨ। ਫ਼ਸਾਦਾਂ ਤੋਂ ਨੌਂ ਸਾਲ ਬਾਅਦ ਇਸਨੇ ਆਪਣੇ ਨੋਟਿਸ ਵਿਚ ਸ਼ਰਮਾ ਨੂੰ ਪੁੱਛਿਆ ਕਿ ਕਿਉਂ ਨਾ ਉਸਦੇ ਖਿਲਾਫ਼ ਕਾਰਵਾਈ ਕੀਤੀ ਜਾਵੇ।

ਇਹ ਉਸ ਵਕਤ ਆਇਆ ਜਦੋਂ ਖੁਦ ਸਿਟ ਨੇ ਇਹ ਕਿਹਾ ਕਿ ਮੋਦੀ ਸਰਕਾਰ ਨੇ ਉਹ ਅਹਿਮ ਮੀਟਿੰਗਾਂ ਦਾ ਕੋਈ ਰਿਕਾਰਡ ਜਾਂ ਲਿਖਤੀ ਕਾਰਵਾਈ ਨਹੀਂ ਰੱਖੀ ਜੋ ਫ਼ਸਾਦਾਂ ਦੌਰਾਨ ਕੀਤੀਆਂ ਗਈਆਂ ਸਨ।

1992 ਬੈਚ ਦੇ ਆਈ ਪੀ ਐੱਸ ਅਫ਼ਸਰ ਸ਼ਰਮਾ ਅਪ੍ਰੈਲ 2002 'ਚ ਅਹਿਮਦਾਬਾਦ ਦੇ ਡੀ ਸੀ ਪੀ (ਕੰਟਰੋਲ ਰੂਮ) ਸਨ। ਨੋਰਦਾ ਪਾਟੀਆ ਅਤੇ ਗੁਲਬਰਗ ਸੁਸਾਇਟੀ ਵਿਖੇ ਹੋਈ ਹਿੰਸਾ ਦੀ ਛਾਣਬੀਣ ਕਰਦਿਆਂ ਉਨ੍ਹਾਂ ਨੇ ਮੋਬਾਈਲ ਸਰਵਿਸ ਦੇਣ ਵਾਲੀਆਂ ਕੰਪਨੀਆਂ ਏ ਟੀ ਐਂਡ ਟੀ ਅਤੇ ਸੈੱਲਫੋਰਸ ਤੋਂ ਉਨ੍ਹਾਂ ਸਮੁੱਚੀਆਂ ਕਾਲਾਂ ਦਾ ਡੇਟਾ ਇਕੱਠਾ ਕੀਤਾ ਜੋ ਇਸ ਅਰਸੇ ਦੌਰਾਨ ਅਹਿਮਦਾਬਾਦ ਤੋਂ ਕੀਤੀਆਂ ਗਈਆਂ ਸਨ ਜਾਂ ਇਥੇ ਆਈਆਂ ਸਨ ਅਤੇ ਇਹ ਕ੍ਰਾਈਮ ਬਰਾਂਚ ਦੇ ਸਪੁਰਦ ਕਰ ਦਿੱਤਾ। ਸੀਨੀਅਰ ਮੰਤਰੀਆਂ, ਪੁਲਿਸ ਅਫ਼ਸਰਾਂ ਅਤੇ ਆਰ ਐੱਸ ਐੱਸ ਅਤੇ ਵੀ ਐੱਚ ਪੀ ਦੇ ਮੈਂਬਰਾਂ ਵੱਲੋਂ ਇਕ ਦੂਜੇ ਨੂੰ ਕੀਤੇ ਫ਼ੋਨਾਂ ਦੇ ਰਿਕਾਰਡ ਵਾਲੀਆਂ ਇਹ ਸੀ ਡੀ ਬਾਅਦ ਵਿਚ ਗੁੰਮ ਹੋ ਗਈਆਂ। ਫ਼ਸਾਦਾਂ ਦੀ ਜਾਂਚ ਲਈ ਮਾਰਚ 2002 'ਚ ਬਣਾਏ ਨਾਨਾਵਤੀ ਕਮਿਸ਼ਨ ਅੱਗੇ ਗਵਾਹੀ ਦਿੰਦਿਆਂ ਸ਼ਰਮਾ ਨੇ ਇਸ ਸੀ ਡੀ ਦੀ ਕਾਪੀ ਪੇਸ਼ ਕੀਤੀ ਜੋ ਉਸਨੇ ਸਾਂਭ ਲਈ।

ਮੇਰੀ ਸਾਥੀ ਪੱਤਰਕਾਰ ਅਨੁਮੇਹ ਯਾਦਵ ਨੇ ਤਹਿਲਕਾ ਵਿਚ ਇਕ ਰਿਪੋਰਟ ਲਿਖੀ ਜਿਸ ਵਿਚ ਕਿਹਾ ਗਿਆ:

ਇਹ ਫ਼ੋਨ ਰਿਕਾਰਡ 2009 'ਚ ਗੁਜਰਾਤ ਵੀ ਐੱਚ ਪੀ ਦੇ ਪ੍ਰਧਾਨ ਜੈਦੀਪ ਪਟੇਲ ਅਤੇ ਮੰਤਰੀ ਮਾਇਆ ਕੋਡਨਾਨੀ ਦੀਆਂ ਗ੍ਰਿਫ਼ਤਾਰੀਆਂ ਅਤੇ ਉਨ੍ਹਾਂ ਦੀਆਂ ਪੇਸ਼ਗੀ ਜ਼ਮਾਨਤਾਂ ਖ਼ਾਰਜ ਕੀਤੇ ਜਾਣ ਅਤੇ ਗੁਲਬਰਗ ਸੁਸਾਇਟੀ ਵਿਖੇ ਕਾਂਗਰਸ ਦੇ ਸਾਬਕਾ ਐੱਮ ਪੀ ਅਹਿਸਾਨ ਜਾਫ਼ਰੀ ਅਤੇ ਤੀਹ ਹੋਰ ਲੋਕਾਂ ਦੀਆਂ ਹੱਤਿਆਵਾਂ ਦੀ ਜਾਂਚ ਸਮੇਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਜ਼ਰੂਰੀ ਸਬੂਤਾਂ ਦਾ ਇਕ ਬਹੁਤ ਹੀ ਅਹਿਮ ਅੰਸ਼ ਹੈ। ਇਹ ਸੀ ਡੀ ਨਰੋਦਾ ਪਾਟੀਆ ਹਿੰਸਾ ਵਿਚ ਸਬੂਤਾਂ ਦਾ ਅਹਿਮ ਹਿੱਸਾ ਹਨ ਜਿਸ ਵਿਚ ਸਰਕਾਰੀ ਗਿਣਤੀ ਅਨੁਸਾਰ 105 ਮੁਸਲਮਾਨਾਂ ਦੀ ਹੱਤਿਆ ਕੀਤੀ ਗਈ ਸੀ।

ਪਰ ਲੱਗਦਾ ਸੀ ਕਿ ਸਾਫ਼ ਸੁਥਰੀ ਜਾਂਚ ਦੇ ਕਿਸੇ ਯਤਨ ਨੂੰ ਨਾਕਾਮ ਕਰਨਾ ਗੁਜਰਾਤ ਵਿਚ ਇਕ ਨੇਮ ਹੀ ਹੈ। ਜਦੋਂ ਸ਼ਰਮਾ ਨੂੰ ਨੋਟਿਸ ਮਿਲਿਆ ਉਸਤੋਂ ਇਕ ਹਫ਼ਤਾ ਪਹਿਲਾਂ, ਇਕ ਹੋਰ ਸੀਨੀਅਰ ਆਈ ਪੀ ਐੱਸ ਅਫ਼ਸਰ ਸਤੀਸ਼ ਵਰਮਾ, ਜੋ 2004 ਦੇ ਇਸ਼ਰਤ ਜਹਾਂ ਮੁਕਾਬਲੇ ਦੀ ਜਾਂਚ ਲਈ ਬਣਾਈ ਇਕ ਹੋਰ ਵਿਸ਼ੇਸ਼ ਜਾਂਚ ਟੀਮ –ਸਿਟ (SIT) ਦੇ ਮੈਂਬਰ ਸਨ, ਨੇ ਸੰਕੇਤ ਦਿਤਾ ਕਿ ਉਸ ਨੂੰ ਮਾਮਲੇ ਦਾ ਸੁਰਾਗ ਲਾਉਣ ਤੋਂ ਰੋਕਿਆ ਜਾ ਰਿਹਾ ਸੀ। ਵਰਮਾ, ਉਨ੍ਹਾਂ ਤਿੰਨ ਪੁਲਿਸ ਅਫ਼ਸਰਾਂ ਵਿਚੋਂ ਇਕ ਹਨ ਜੋ ਗੁਜਰਾਤ ਪੁਲਿਸ ਦੇ ਅਧਿਕਾਰੀਆਂ ਵੱਲੋਂ ਆਪਣੇ ਸਿਆਸੀ ਬੌਸਾਂ ਨੂੰ ਖੁਸ਼ ਕਰਨ ਲਈ ਬਣਾਏ ਮੁਕਾਬਲੇ ਦੀ ਜਾਂਚ ਕਰ ਰਹੇ ਹਨ, ਨੇ ਦਖ਼ਲਅੰਦਾਜ਼ੀ ਦੀਆਂ ਮਿਸਾਲਾਂ ਦਿੰਦੇ ਹੋਏ ਇਕ ਹਲਫ਼ਨਾਮਾ ਵੀ ਪੇਸ਼ ਕੀਤਾ।

**ਐਸਾ ਹਰ ਥਾਂ ਹੋ ਰਿਹਾ ਹੈ, ਇਥੇ ਵੀ ਇਹੀ ਹੋ ਰਿਹਾ ਹੈ। ਫ਼ਰਜ਼ੀ ਮੁਕਾਬਲੇ ਜਾਂ ਤਾਂ ਸਿਆਸਤ ਤੋਂ ਪ੍ਰੇਰਿਤ ਹੁੰਦੇ ਹਨ ਜਾਂ ਫਿਰ ਪੁਲਿਸ ਵਾਲਿਆਂ ਦੇ ਵਧੇਰੇ ਜੋਸ਼ ਦੇ ਕਾਰਨ।**

28 ਜਨਵਰੀ ਨੂੰ ਗੁਜਰਾਤ ਹਾਈ ਕੋਰਟ ਵਿਚ ਪੇਸ਼ ਕੀਤੇ 80 ਸਫ਼ੇ ਦੇ ਹਲਫ਼ਨਾਮੇ ਵਿਚ ਵਰਮਾ ਨੇ ਬਿਆਨ ਕੀਤਾ ਕਿ ਕਿਵੇਂ ਗੁਜਰਾਤ ਸਰਕਾਰ ਵੱਲੋਂ 2009 'ਚ ਬਣਾਈ ਪਹਿਲੀ ਵਿਸ਼ੇਸ਼ ਜਾਂਚ ਟੀਮ (SIT) ਵੱਲੋਂ ਇਸ਼ਰਤ ਜਹਾਂ ਦੀ ਦੇਹ ਵਿਚੋਂ ਮਿਲੀਆਂ ਗੋਲੀਆਂ ਸਮੇਤ ਪ੍ਰਤੱਖ ਫਾਰੈਂਸਿਕ ਸਬੂਤਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਸੀ, ਜੋ ਉਨ੍ਹਾਂ ਹਥਿਆਰਾਂ ਨਾਲ ਮੇਲ ਨਹੀਂ ਸੀ ਖਾਂਦੇ ਜੋ ਪੁਲਿਸ ਦੇ ਦਾਅਵੇ ਅਨੁਸਾਰ ਮੁਕਾਬਲੇ ਵਿਚ ਇਸਤੇਮਾਲ ਕੀਤੇ ਗਏ ਸਨ। ਵਰਮਾ ਨੇ ਬਿਆਨ ਕੀਤਾ ਕਿ ਕਿਵੇਂ ਗੁਜਰਾਤ ਕਾਡਰ ਦੇ ਅਫ਼ਮੋਹਣ ਝਾਅ, ਜੋ ਪਹਿਲੀ ਸਿਟ ਦਾ ਮੈਂਬਰ ਸੀ, ਅਤੇ ਦਿੱਲੀ ਕਾਡਰ ਦਾ ਅਫ਼ਸਰ ਕਰਨੈਲ ਸਿੰਘ, ਦੋਵੇਂ ਬਿਨਾ ਕੋਈ ਟਿੱਪਣੀ ਦਿਤੇ ਇਕ ਅਹਿਮ ਗਵਾਹ ਦੇ ਮੁੱਕਰ ਜਾਣ ਦੀ ਕਹਾਣੀ ਜਾਣ ਬੁੱਝ ਕੇ ਹਾਈਕੋਰਟ ਵਿਚ ਲੈ ਗਏ ਤਾਂ ਜੋ ਸ਼ੱਕ ਅਤੇ ਘਚੋਲਾ ਖੜ੍ਹਾ ਕੀਤਾ ਜਾ ਸਕੇ। ਵਰਮਾ ਨੇ ਖੁਲਾਸਾ ਕੀਤਾ ਕਿ ਕਿਵੇਂ ਝਾਅ ਜੋ ਹੁਣ ਡਿਟੈਕਸ਼ਨ ਆਫ਼ ਕ੍ਰਾਈਮ ਬਰਾਂਚ (ਡੀ ਸੀ ਬੀ) ਦਾ ਜੂਨੀਅਰ ਪੁਲਿਸ ਕਮਿਸ਼ਨਰ ਹੈ, ਨੇ ਪਿਛਲੇ ਮਹੀਨੇ 26 ਪੁਲਿਸ ਅਫ਼ਸਰਾਂ ਨੂੰ ਆਪਣੇ ਮਤਹਿਤ ਸਪੈਸ਼ਲ ਓਪਰੇਸ਼ਨ ਗਰੁੱਪ ਵਿਚ ਰੱਖਣ ਦਾ ਯਤਨ ਇਹ ਦਾਅਵਾ ਕਰਦੇ ਹੋਏ ਕੀਤਾ ਕਿ



ਵਾਈਬਰੈਂਟ ਗੁਜਰਾਤ ਸੰਮੇਲਨ ਵਿਚ ਸੁਰੱਖਿਆ ਲਈ ਉਨ੍ਹਾਂ ਦੀ ਜ਼ਰੂਰਤ ਹੈ। ਇਹ ਸਾਰੇ ਦੇ ਸਾਰੇ 26 ਅਫ਼ਸਰ ਮੁਕਾਬਲੇ ਦੇ ਦਿਨ ਡੀ ਸੀ ਬੀ ਦੇ ਨਾਲ ਸਨ। 'ਵਰਮਾ ਕਹਿੰਦੇ ਹਨ ਕਿ ਉਸਨੇ ਸਿਟ ਦੇ ਕੰਮ ਸ਼ੁਰੂ ਕਰਨ ਤੋਂ 19 ਦਿਨਾਂ ਬਾਅਦ ਹੀ ਦਸੰਬਰ ਵਿਚ ਸਿਟ ਅੰਦਰ ਜੋ ਚੱਲ ਰਿਹਾ ਸੀ ਉਸ ਬਾਰੇ ਅਧਿਕਾਰਤ ਰਿਕਾਰਡ ਰੱਖਣਾ ਸ਼ੁਰੂ ਕਰ ਦਿਤਾ ਸੀ। ਇਹ ਦਿਖਾਉਂਦਾ ਹੈ ਕਿ ਉਸ ਨੂੰ ਬੇਨੇਮੀਆਂ ਨੂੰ ਰਿਕਾਰਡ ਵਿਚ ਦਰਜ ਕਰਨ ਦੀ ਜ਼ਰੂਰਤ ਮਹਿਸੂਸ ਹੋਈ ਅਤੇ ਉਸਨੇ ਭਾਂਪ ਲਿਆ ਸੀ ਕਿ ਸਾਫ਼ ਸੁਥਰੀ ਜਾਂਚ ਦੇ ਉਸਦੇ ਯਤਨਾਂ ਵਿਚ ਅੜਿੱਕੇ ਖੜ੍ਹੇ ਕੀਤੇ ਜਾਣਗੇ। ਇਹ ਦਿਖਾਉਂਦਾ ਹੈ ਕਿ ਫਰਜ਼ੀ ਮੁਕਾਬਲਿਆਂ ਵਿਚ ਕੀਤੀਆਂ ਗਈਆਂ ਇਨ੍ਹਾਂ ਹੱਤਿਆਵਾਂ ਦੀ ਜਾਂਚ ਨੂੰ ਕਿਵੇਂ ਉਲਝਾਇਆ ਜਾ ਰਿਹਾ ਸੀ, 'ਇਕ ਸੀਨੀਅਰ ਪੁਲਿਸ ਅਫ਼ਸਰ ਨਾਂ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਕਹਿੰਦਾ ਹੈ।

ਜਦੋਂ ਫ਼ਸਾਦਾਂ ਤੋਂ ਬਾਅਦ ਬਣਾਏ ਗਏ ਫਰਜ਼ੀ ਮੁਕਾਬਲਿਆਂ ਬਾਰੇ ਗੱਲ ਚੱਲ ਰਹੀ ਸੀ। ਤਾਂ ਅਸ਼ੋਕ ਨਰਾਇਣ ਨੇ ਬੇਬਾਕੀ ਨਾਲ ਗੱਲ ਰੱਖੀ।

ਸਵਾਲ: ਮੁਕਾਬਲੇ ਵਿਚ ਹੋਈਆਂ ਹੱਤਿਆਵਾਂ ਦਾ ਮਾਮਲਾ ਕੀ ਹੈ ?

ਜਵਾਲ: ਮੁਕਾਬਲੇ ਵਿਚ ਹੋਈਆਂ ਹੱਤਿਆਵਾਂ ਦੇ ਪਿੱਛੇ ਧਾਰਮਿਕ ਘੱਟ, ਸਿਆਸੀ ਕਾਰਨ ਜ਼ਿਆਦਾ ਹਨ।

ਸੋਹਰਾਬੂਦੀਨ ਦਾ ਮਾਮਲਾ ਲੈ ਲਓ। ਉਸਨੂੰ ਨੇਤਾਵਾਂ ਦੀ ਸ਼ਹਿ ਉੱਤੇ ਮਾਰਿਆ ਗਿਆ। ਅਮਿਤ ਸ਼ਾਹ ਇਸ ਦੇ ਕਾਰਨ ਹੀ ਜੇਲ੍ਹ ਵਿਚ ਹੈ।

ਐਸਾ ਹਰ ਥਾਂ ਹੋ ਰਿਹਾ ਹੈ, ਇਥੇ ਵੀ ਇਹੀ ਹੋ ਰਿਹਾ ਹੈ। ਫ਼ਰਜ਼ੀ ਮੁਕਾਬਲੇ ਜਾਂ ਤਾਂ ਸਿਆਸਤ ਤੋਂ ਪ੍ਰੇਰਿਤ ਹੁੰਦੇ ਹਨ ਜਾਂ ਫਿਰ ਪੁਲਿਸ ਵਾਲਿਆਂ ਦੇ ਵਧੇਰੇ ਜੋਸ਼ ਦੇ ਕਾਰਨ।

ਸਵਾਲ: ਬਤੌਰ ਗ੍ਰਹਿ ਸਕੱਤਰ ਤੁਹਾਡੇ ਕਾਰਜਕਾਲ ਵਿਚ ਇੰਝ ਨਹੀਂ ਹੋਇਆ ਹੋਵੇਗਾ ? ਜਵਾਬ: ਮਹਿਜ਼ ਸੋਹਰਾਬੂਦੀਨ (ਐਨਕਾਊਂਟਰ) ਨਹੀਂ। ਇਹ ਤਾਂ ਮਹਿਜ਼ ਉਨ੍ਹਾਂ ਵਿਚੋਂ ਇਕ ਹੈ। ਮੈਂ ਅਫ਼ਸਰਾਂ ਨੂੰ ਕਿਹਾ, ਉਹ ਕੀ ਕਰ ਰਹੇ ਸਨ, ਇਹ ਲਾਜ਼ਮੀ ਸਿਆਸਤ ਤੋਂ ਪ੍ਰੇਰਿਤ ਹੋਵੇਗਾ। ਮੈਂ ਡੀ ਜੀ ਪੀ ਨੂੰ ਕਿਹਾ, 'ਤੁਸੀਂ ਲੋਕ ਕੀ ਕਰ ਰਹੇ ਹੋ ?'

ਸਵਾਲ: ਤੁਹਾਨੂੰ ਕਿਤਾਬ ਲਿਖਣੀ ਚਾਹੀਦੀ ਹੈ ਜੋ ਕੁਝ ਫ਼ਸਾਦਾਂ ਦੌਰਾਨ ਅਸਲ ਵਿਚ ਵਾਪਰਿਆ ?

ਅਸ਼ੋਕ: ਮੇਰੇ ਉੱਤੇ ਕੌਣ ਯਕੀਨ ਕਰੇਗਾ ?

ਸਵਾਲ: ਤੁਸੀਂ ਗ੍ਰਹਿ ਸਕੱਤਰ ਸੀ ?

ਜਵਾਬ: ਕਾਂਗਰਸ ਵਾਲੇ ਕਹਿਣਗੇ ਕਿ ਤੂੰ ਸਰਕਾਰ ਦਾ ਹਿੱਸਾ ਸੀ (ਇਸ ਲਈ) ਉਸਨੇ ਸਰਕਾਰ ਦਾ ਪੱਖ ਲਿਖਿਆ ਹੈ। ਬੀ ਜੇ ਪੀ ਵੀ ਮੇਰੇ ਲਿਖੇ ਤੋਂ ਸਹਿਮਤ ਨਹੀਂ ਹੋਵੇਗੀ। ਸਿਆਸੀ ਪਾਰਟੀਆਂ ਉਹੀ ਮੰਨਣਗੀਆਂ, ਜੋ ਉਹ ਮੰਨਣਾ ਚਾਹੁੰਦੀਆਂ ਹਨ।

ਇਹ ਅਸ਼ੋਕ ਨਰਾਇਣ ਨਾਲ ਮੇਰੀ ਆਖ਼ਰੀ ਮਿਲਣੀ ਸੀ। ਇਹ ਲਗੱਭਗ ਉਸ ਸਭ ਕਾਸੇ ਦੀ ਤਸਦੀਕ ਸੀ ਜੋ ਮੈਂ ਸਾਲਾਂ ਤੋਂ ਅਧਿਕਾਰੀਆਂ ਨਾਲ ਆਫ਼ ਦਾ ਰਿਕਾਰਡ ਗੱਲਬਾਤ ਵਿਚ ਸੁਣਦੀ ਆ ਰਹੀ ਸੀ। ਜਿਨ੍ਹਾਂ ਕੁਝ ਸਰਕਾਰੀ ਅਧਿਕਾਰੀਆ ਨੇ ਸਰਕਾਰ ਦਾ ਸਾਥ ਦੇਣ ਦੀ ਚੋਣ ਕੀਤੀ ਉਨ੍ਹਾਂ ਨੂੰ ਸਨਮਾਨਿਆ ਗਿਆ, ਬਾਕੀਆਂ ਨੂੰ ਪਾਸੇ ਕਰ ਦਿਤਾ ਗਿਆ। ਦਲੀਲ ਦੀ ਖ਼ਾਤਰ ਅਸੀਂ ਇਹ ਮੰਨ ਲੈਂਦੇ ਹਾਂ ਕਿ ਅਸ਼ੋਕ ਨਰਾਇਣ ਫ਼ਤਵੇ ਦੇ ਰਿਹਾ ਸੀ ਅਤੇ ਮੂੜ੍ਹਮੱਤੀਆ ਸੀ। ਫਿਰ ਵੀ ਉਨ੍ਹਾਂ ਅਫ਼ਸਰਾਂ ਪ੍ਰਤੀ ਮੋਦੀ ਸਰਕਾਰ ਦਾ ਬਦਲੇਖ਼ੋਰ ਰਵੱਈਆ ਅਤੇ ਉਨ੍ਹਾਂ ਦੇ ਤਬਾਦਲੇ ਸਾਰਿਆਂ ਨੂੰ ਸਪਸ਼ਟ ਨਜ਼ਰ ਆਉਂਦੇ ਹਨ ਜਿਨ੍ਹਾਂ ਨੇ ਸਰਕਾਰ ਨਾਲ ਆਢਾ ਲਾਇਆ। ਰਾਹੁਲ ਸ਼ਰਮਾ, ਰਜਨੀਸ਼ ਰਾਏ ਸਤੀਸ਼ ਵਰਮਾ, ਕੁਲਦੀਪ ਸ਼ਰਮਾ, ਇਨ੍ਹਾਂ ਸਾਰੇ ਹੀ ਅਫ਼ਸਰਾਂ ਦੇ ਖਿਲਾਫ਼ ਘੱਟੋਘੱਟ 20 ਸਾਲ ਪੁਰਾਣੇ ਗੈਮਾਮਲੇ ਕੱਢ ਲਏ ਗਏ ਅਤੇ ਫਿਰ ਉਨ੍ਹਾਂ ਦੇ ਖਿਲਾਫ਼ ਇਸਤੇਮਾਲ ਕੀਤੇ ਗਏ। ਇਹ ਉਹ ਅਫ਼ਸਰ ਸਨ ਜਿਨ੍ਹਾਂ ਨੇ ਉਸ ਵਕਤ ਨਿਆਂ ਦਾ ਪਰਚਮ ਬੁਲੰਦ ਰੱਖਣ ਦੀ ਵਾਹ ਲਾਈ ਜਦੋਂ ਗੁਜਰਾਤ ਅੰਦਰ ਨਿਆਂ ਨਿਵਾਣਾਂ ਛੂਹ ਰਿਹਾ ਸੀ, ਅਤੇ ਇਸ ਦੇ ਕਾਰਨ ਉਨ੍ਹਾਂ ਨੂੰ ਅੱਜ ਤੱਕ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਅਗਲੇ ਕਾਂਡਾਂ ਵਿਚ ਅਸੀਂ ਦੇਖਾਂਗੇ ਕਿਵੇਂ ਕੁਲਦੀਪ ਸ਼ਰਮਾ, ਜਿਸਨੇ ਗੁਜਰਾਤ ਦਾ ਡੀ ਜੀ ਪੀ ਬਣਨਾ ਸੀ, ਨੂੰ ਬਸ ਇਸ ਕਾਰਨ ਤਰੱਕੀ ਤੋਂ ਨਾਂਹ ਕਰ ਦਿਤੀ ਗਈ ਕਿਉਂਕਿ ਉਸਨੇ ਤੱਤਕਾਲੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖਿਲਾਫ਼ ਮਾਧੋਪੁਰਾ ਕੋਆਪਰੇਟਿਵ ਮਾਮਲੇ ਵਿਚ ਜਾਂਚ ਸ਼ੁਰੂ ਕਰ ਦਿੱਤੀ ਸੀ। ਐੱਸ ਪੀ ਰਾਹੁਲ ਸ਼ਰਮਾ ਨੂੰ ਮੁਅੱਤਲ ਕਰ ਦਿੱਤਾ ਗਿਆ ਅਤੇ ਮਦਰੱਸੇ ਵਿਚ ਫ਼ਸਾਦੀਆਂ ਨੂੰ ਰੋਕਣ ਅਤੇ ਬਾਅਦ ਵਿਚ ਗੁਜਰਾਤ ਹਿੰਸਾ ਦੌਰਾਨ ਵੱਖ ਵੱਖ ਮੰਤਰੀਆਂ ਵਲੋਂ ਕੀਤੀਆਂ ਫ਼ੋਨ ਕਾਲਾਂ ਦਾ ਰਿਕਾਰਡ ਜਾਂਚ ਕਮਿਸ਼ਨਾਂ ਨੂੰ ਮੁਹੱਈਆ ਕਰਾਉਣ ਦੇ ਕੇਸ ਉਸਦੇ ਉਪਰ ਪਾ ਦਿੱਤੇ ਗਏ। ਇਹ ਤਾਂ ਧੁੰਦ ਮਿਟਣ ਦੀ ਅਜੇ ਸ਼ੁਰੂਆਤ ਹੀ ਹੋਈ ਸੀ। ਅਸ਼ੋਕ ਨਰਾਇਣ ਨੇ ਉਸ ਸਟੇਟ ਦੇ ਪੱਖਪਾਤ ਅਤੇ ਮਿਲੀਭੁਗਤ ਦੀ ਤਸਦੀਕ ਕੀਤੀ ਸੀ ਜਿੱਥੇ ਇਕ ਸਭ ਤੋਂ ਘਾਤਕ ਹਿੰਸਾ ਅੰਦਰ ਲਹੂ ਵਹਾਏ ਜਾਣ ਦੀ ਪੂਰੀ ਖੁੱਲ੍ਹ ਖੇਡ ਦਿੱਤੀ ਗਈ ਜੋ ਤਿੰਨ ਮਹੀਨੇ ਤਕ ਜਾਰੀ ਰਹੀ। ਹੁਣ ਅਗਲੇ ਕਿਰਦਾਰ ਅਤੇ ਅਗਲੇ ਕਾਂਡ ਵੱਲ ਜਾਣ ਦਾ ਵਕਤ ਹੋ ਗਿਆ ਹੈ।

**(ਬਾਕੀ ਅਗਲੇ ਅੰਕ 'ਚ)**

### ਜੇਲ੍ਹ ਵਿਚ ਬੰਦ ਅਕਾਲੀ ਦਲ ਦੇ ਕਰੀਬੀ ਸ਼ਰਾਬ ਕਾਰੋਬਾਰੀ ਦੀ ਖ਼ਾਸ ਮਹਿਮਾਨਨਵਾਜ਼ੀ

# ਭੀਮ ਕਤਲ ਕਾਂਡ ਦੇ ਮੁਲਜ਼ਮ ਡੋਡਾ ਦਾ ਜੇਲ੍ਹ ਦੇ ਵੀ.ਆਈ.ਪੀ. ਰੂਮ ਵਿਚ ਸੰਗਤ ਦਰਸ਼ਨ

**ਬਠਿੰਡਾ/ਬਿਊਰੋ ਨਿਊਜ਼ :** ਭੀਮ ਹਤਿਆ ਕਾਂਡ ਦੇ ਮੁਲਜ਼ਮ ਜੇਲ੍ਹ ਵਿਚ ਬੰਦ ਸ਼ਰਾਬ ਕਾਰੋਬਾਰੀ ਸ਼ਿਵਲਾਲ ਡੋਡਾ ਦੇ ਠਾਠ ਵੀ ਬਿਹਾਰ ਦੇ ਸਾਬਕਾ ਸੰਸਦ ਮੈਂਬਰ ਸ਼ਹਾਬੁਦੀਨ ਵਰਗੇ ਹਨ। ਚੋਣ ਕਮਿਸ਼ਨ ਦੇ ਨਿਰਦੇਸ਼ 'ਤੇ ਜਦੋਂ ਫਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਨੇ ਜੇਲ੍ਹ ਵਿਚ ਛਾਪਾ ਮਾਰਿਆ ਤਾਂ ਬਾਹਰ 7 ਗੱਡੀਆਂ ਅਤੇ ਅੰਦਰ ਡਿਪਟੀ ਸੁਪਰਡੈਂਟ ਜੇਲ੍ਹ ਜਸ਼ਨਦੀਪ ਦੇ ਕਮਰੇ ਵਿਚ 5 ਸ਼੍ਰੋਮਣੀ ਅਕਾਲੀ ਦਲ ਸਮਰਥਕ ਮੌਜੂਦ ਸਨ। ਜਦੋਂ ਜੇਲ੍ਹ ਦੇ ਹੋਰਨਾਂ ਕਮਰਿਆਂ ਦੀ ਤਲਾਸ਼ੀ ਹੋਈ ਤਾਂ ਉਥੋਂ 24 ਵਿਅਕਤੀਆਂ ਨੂੰ ਫੜ ਕੇ ਬਾਹਰ ਕੱਢਿਆ ਗਿਆ ਜੋ ਛਾਪੇ ਦੀ ਸੂਚਨਾ ਮਿਲਦਿਆਂ ਹੀ ਲੁਕ ਗਏ ਸਨ। ਇਹ ਸਾਰੇ ਸ਼ਿਵਲਾਲ ਡੋਡਾ ਨਾਲ ਚੋਣ ਸਬੰਧੀ ਮੀਟਿੰਗ ਕਰਨ ਗਏ ਸਨ। ਇਹ ਹੀ ਨਹੀਂ, ਇਸ ਲਈ ਡੋਡਾ ਨੂੰ ਡਿਪਟੀ ਸੁਪਰਡੈਂਟ ਜੇਲ੍ਹ ਦੇ ਕਮਰੇ ਦੇ ਨਾਲ ਵਾਲਾ ਕਮਰਾ ਮੁਹੱਈਆ ਕਰਵਾਇਆ ਗਿਆ ਸੀ, ਜਿਸ ਵਿਚ ਆਰਾਮਦਾਇਕ ਸੋਫ਼ੇ, ਏ.ਸੀ. ਤੇ ਹੀਟਰ ਤਕ ਦੀ ਵਿਵਸਥਾ ਹੈ। ਛਾਪੇ ਦੌਰਾਨ ਫੜੇ ਗਏ 23 ਅਕਾਲੀ ਸਮਰਥਕਾਂ ਸਮੇਤ ਅਸਿਸਟੈਂਟ ਸੁਪਰਡੈਂਟ ਜਸ਼ਨਦੀਪ 'ਤੇ ਕੇਸ ਦਰਜ ਕੀਤਾ ਗਿਆ ਹੈ। ਏ.ਡੀ.ਜੀ.ਪੀ. ਜੇਲ੍ਹ ਰੋਹਿਤ ਚੌਧਰੀ ਨੇ ਦੱਸਿਆ ਕਿ ਡੋਡਾ ਨੂੰ ਅੰਮ੍ਰਿਤਸਰ ਜੇਲ੍ਹ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਪੰਜ ਜੇਲ੍ਹ ਵਾਰਡਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਇਹ ਕਾਰਵਾਈ ਏਡੀਜੀਪੀ (ਜੇਲ੍ਹਾਂ) ਪੰਜਾਬ ਰੋਹਿਤ ਚੌਧਰੀ ਨੇ ਖ਼ੁਦ ਜੇਲ੍ਹ ਵਿੱਚ ਪੜਤਾਲ ਮਗਰੋਂ ਕੀਤੀ ਹੈ। ਸੂਤਰਾਂ ਅਨੁਸਾਰ ਇਸ ਕਾਂਡ ਵਿੱਚ ਕਈ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ ਕਿਉਂਕਿ ਕਾਂਗਰਸ ਦੇ ਮੁੱਖ ਬੁਲਾਰੇ ਸੁਨੀਲ ਜਾਖੜ ਪਹਿਲਾਂ ਹੀ ਤਸਵੀਰਾਂ ਸਮੇਤ ਚੋਣ ਕਮਿਸ਼ਨ ਨੂੰ ਸ਼ਿਕਾਇਤ ਕਰ ਚੁੱਕੇ ਹਨ ਕਿ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜੇਲ੍ਹ ਵਿੱਚ ਡੋਡਾ ਲਈ 'ਰੈਸਟ ਰੂਮ' ਬਣਾਇਆ ਗਿਆ ਸੀ। ਜੇਲ੍ਹ ਪ੍ਰਸ਼ਾਸਨ ਇਸ ਗੰਭੀਰ ਮੁੱਦੇ ਦੀ ਵੀ ਜਾਂਚ ਕਰ ਰਿਹਾ ਹੈ।



ਏਡੀਜੀਪੀ ਸ੍ਰੀ ਚੌਧਰੀ ਨੇ ਫਾਜ਼ਿਲਕਾ ਸਮੇਤ ਕੇਂਦਰੀ ਜੇਲ੍ਹ ਫਿਰੋਜ਼ਪੁਰ, ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਤੇ ਸਬ ਜੇਲ੍ਹ ਮੋਗਾ ਸਮੇਤ ਫਾਜ਼ਿਲਕਾ ਜੇਲ੍ਹ ਦਾ ਦੌਰਾ ਕੀਤਾ। ਸ੍ਰੀ ਚੌਧਰੀ ਨੇ ਫਾਜ਼ਿਲਕਾ ਜੇਲ੍ਹ ਵਿੱਚ ਜਾ ਕੇ ਇਸ ਕਾਂਡ ਦੀਆਂ ਸਾਰੀਆਂ ਕੜੀਆਂ ਦੀ ਖ਼ੁਦ ਜਾਂਚ ਕੀਤੀ ਹੈ। ਉਨ੍ਹਾਂ ਪੜਤਾਲ ਦੇ ਪਹਿਲੇ ਪੜਾਅ ਵਿੱਚ ਇਸ ਘਟਨਾ ਵਾਲੇ ਦਿਨ ਡਿਊਟੀ 'ਤੇ ਤਾਇਨਾਤ ਪੰਜ ਵਾਰਡਰਾਂ ਨੂੰ ਮੁਅੱਤਲ ਕਰਨ ਦੇ ਹੁਕਮ ਕੀਤੇ ਹਨ, ਜਿਸ ਤਹਿਤ ਘਟਨਾ ਮੌਕੇ ਇੰਚਾਰਜ ਚੱਕਰ ਦੀ ਡਿਊਟੀ ਨਿਭਾ ਰਹੇ ਵਾਰਡਰ ਰਾਜਬੀਰ ਸਿੰਘ, ਡਿਓਢੀ ਦਰਬਾਨ ਦੀ ਜ਼ਿੰਮੇਵਾਰੀ ਨਿਭਾ ਰਹੇ ਵਾਰਡਰ ਜਸਵੰਤ ਸਿੰਘ ਅਤੇ ਨਿਗਰਾਨ ਬੈਰਕਜ਼ ਵਜੋਂ ਤਾਇਨਾਤ ਵਾਰਡਰ ਪ੍ਰਕਾਸ਼ ਸਿੰਘ ਤੇ ਵਾਰਡਰ ਬਚਿੱਤਰ ਸਿੰਘ ਨੂੰ ਮੁਅੱਤਲ ਕੀਤਾ ਹੈ।

## ਜੇਲ੍ਹ ਅਫਸਰ ਸਮੇਤ 24 ਖ਼ਿਲਾਫ਼ ਕੇਸ ਦਰਜ ਪਰ ਡੋਡਾ ਦਾ ਨਾਂ ਤਕ ਨਹੀਂ





ਜੇਲ੍ਹ ਵਿਚ ਛਾਪੇ ਦੌਰਾਨ ਫੜੇ ਅਕਾਲੀ ਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਚਰਨ ਸਿੰਘ 'ਪਰਾਊਡ ਟੂ ਬੀ ਅਕਾਲੀ' ਬੈਜ ਲਾਏ ਹੋਏ। ਇਸ ਤੋਂ ਇਲਾਵਾ ਅਕਾਲੀ-ਭਾਜਪਾ ਵਪਾਰ ਮੰਡਲ ਅਬੋਹਰ ਦੇ ਪ੍ਰਧਾਨ ਪਰਵੀਨ ਜੱਗਾ ਨਾਲ 23 ਅਕਾਲੀ ਸਮਰਥਕ ਸਨ। ਇਹ ਲੋਕ ਜੇਲ੍ਹ ਵਿਚ ਡੋਡਾ ਨਾਲ ਚੋਣ ਰਣਨੀਤੀ ਬਣਾ ਰਹੇ ਸਨ।

### ਫੜੇ ਵਿਅਕਤੀਆਂ ਬਾਰੇ ਵੀ ਐਫ.ਆਈ.ਆਰ ਵਿਚ ਜ਼ਿਕਰ ਨਹੀਂ

ਜੇਲ੍ਹ ਵਿਚੋਂ ਫੜੇ ਗਏ 24 ਵਿਅਕਤੀ ਕਿਸ ਪਾਰਟੀ ਤੋਂ ਹਨ ਤੇ ਜੇਲ੍ਹ ਵਿਚ ਕਿਸ ਨੂੰ ਮਿਲਣ ਗਏ ਸਨ, ਇਸ ਦਾ ਐਫ.ਆਈ.ਆਰ. ਵਿਚ ਕਿਤੇ ਜ਼ਿਕਰ ਨਹੀਂ ਹੈ। ਇਸ ਬਾਰੇ ਜਦੋਂ ਐਸ.ਐਸ.ਪੀ. ਨਰਿੰਦਰ ਭਾਰਗਵ ਤੋਂ ਪੁਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਡੀ.ਸੀ. ਨੇ ਜੋ ਰਿਪੋਰਟ ਦਿੱਤੀ ਉਸ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਉਧਰ ਡੀ.ਸੀ. ਈਸ਼ਾ ਕਾਲੀਆ ਦਾ ਕਹਿਣਾ ਹੈ ਕਿ ਜੇਲ੍ਹ ਐਕਟ ਦੀ ਉਲੰਘਣਾ ਦਾ ਮਾਮਲਾ ਸੀ ਤਾਂ ਉਸ ਦੀ ਐਫ.ਆਈ.ਆਰ. ਕਰਵਾ ਦਿੱਤੀ ਹੈ। ਜਦੋਂ ਅਸੀਂ ਜੇਲ੍ਹ ਵਿਚ ਛਾਪਾ ਮਾਰਿਆ ਤਾਂ ਫੜੇ ਗਏ ਬਾਹਰੀ ਵਿਅਕਤੀਆਂ ਵਿਚਾਲੇ ਸ਼ਿਵਲਾਲ ਡੋਡਾ ਨਹੀਂ ਸੀ, ਉਹ ਆਪਣੀ ਬੈਰਕ ਵਿਚ ਜਾ ਚੁੱਕਾ ਸੀ। ਡਿਪਟੀ ਸੁਪਰਡੈਂਟ ਦੇ ਕਮਰੇ ਦੇ ਨਾਲ ਇਕ ਕਮਰਾ ਮੀਟਿੰਗ ਲਈ ਇਸਤੇਮਾਲ ਕੀਤਾ ਜਾਂਦਾ ਸੀ, ਜਿਸ ਵਿਚ ਸੋਫੇ ਲੱਗੇ ਸਨ। ਜਿੱਥੋਂ ਤੱਕ ਡੋਡਾ ਦਾ ਨਾਂ ਐਫ.ਆਈ.ਆਰ. ਵਿਚ ਸ਼ਾਮਲ ਕਰਨ ਦੀ ਗੱਲ ਹੈ ਤਾਂ ਡਿਪਟੀ ਜੇਲ੍ਹ ਸੁਪਰਡੈਂਟ ਜਸ਼ਨਦੀਪ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਇਹ ਲੋਕ ਡੋਡਾ ਨੂੰ ਮਿਲਣ ਆਏ ਸਨ ਤੇ ਉਸੇ ਬਿਆਨ ਨੂੰ ਮੈਂ ਆਪਣੀ ਰਿਪੋਰਟ ਵਿਚ ਚੋਣ ਕਮਿਸ਼ਨ ਨੂੰ ਭੇਜ ਦਿੱਤਾ ਸੀ। ਇਸ ਦੇ ਨਾਲ ਜੇਲ੍ਹ ਦੀ ਸੀ.ਸੀ.ਟੀ.ਵੀ. ਫੁਟੇਜ ਖੰਘਾਲੀ ਜਾ ਰਹੀ ਹੈ ਤੇ ਤੈਨਾਤ 10 ਜੇਲ੍ਹ ਮੁਲਾਜ਼ਮਾਂ 'ਤੇ ਵੀ ਕਾਰਵਾਈ ਦੀ ਸਿਫ਼ਾਰਸ਼ ਕਮਿਸ਼ਨ ਨੂੰ ਕਰ ਦਿੱਤੀ ਹੈ।

### 'ਸੰਪਤੀ ਦੀ ਸ਼ਨਾਖ਼ਤ ਕੀਤੀ'

ਕਰ ਤੇ ਆਬਕਾਰੀ ਵਿਭਾਗ ਪੰਜਾਬ ਦੇ ਵਧੀਕ ਕਮਿਸ਼ਨਰ ਗੁਰਤੇਜ ਸਿੰਘ ਨੇ ਦੱਸਿਆ ਕਿ ਠੇਕੇਦਾਰਾਂ ਦੀ ਸੰਪਤੀ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ ਤਾਂ ਜੋ ਲੋੜ ਪੈਣ 'ਤੇ ਜ਼ਮੀਨ ਕੁਰਕ ਕੀਤੀ ਜਾ ਸਕੇ। ਡਿਵੀਜ਼ਨਲ ਕਰ ਤੇ ਆਬਕਾਰੀ ਅਫ਼ਸਰ ਬਠਿੰਡਾ ਜੀ. ਐਸ.ਸੰਧੂ ਨੇ ਕਿਹਾ ਕਿ ਠੇਕੇਦਾਰਾਂ ਦੀ ਸੰਪਤੀ ਸ਼ਨਾਖ਼ਤ ਕਰ ਕੇ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਰੈੱਡ ਐਂਟਰੀ ਕਰਵਾਈ ਗਈ ਹੈ।

## ਸ਼ਿਵ ਲਾਲ ਡੋਡਾ ਦੀ ਸ਼ਰਾਬ ਕੰਪਨੀ ਦੀ 'ਰੈੱਡ ਐਂਟਰੀ'

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਅਬੋਹਰ ਦੇ ਸ਼ਿਵ ਲਾਲ ਡੋਡਾ ਦੀ ਸ਼ਰਾਬ ਕੰਪਨੀ ਦੀ 'ਰੈੱਡ ਐਂਟਰੀ' ਪਾ ਦਿੱਤੀ ਹੈ, ਜੋ ਬਠਿੰਡਾ ਜ਼ਿਲ੍ਹੇ ਵਿੱਚ ਕਰੋੜਾਂ ਰੁਪਏ ਦਾ ਡਿਫਾਲਟਰ ਹੋ ਗਿਆ ਹੈ। ਹੁਣ ਆਬਕਾਰੀ ਮਹਿਕਮੇ ਨੂੰ ਇਹ ਪੈਸਾ ਡੁੱਬਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ। ਸ਼ਿਵ ਲਾਲ ਡੋਡਾ ਦੀਆਂ ਕੰਪਨੀਆਂ ਹੁਣ ਮਹੀਨਾਵਾਰ ਕਿਸ਼ਤਾਂ ਦੇਣ ਵਿੱਚ ਪੱਛੜ ਗਈਆਂ ਹਨ। ਮਾਲਵਾ ਖਿੱਤੇ ਵਿੱਚ ਡੋਡਾ ਦੀ ਮਾਲਕੀ ਵਾਲੀ ਗਗਨ ਵਾਈਨ ਅਤੇ ਉਸ ਦੀਆਂ ਹੋਰ ਸ਼ਰਾਬ ਫਰਮਾਂ ਕਰੀਬ 30 ਕਰੋੜ ਦੀਆਂ ਡਿਫਾਲਟਰ ਹੋ ਗਈਆਂ ਹਨ। ਬਠਿੰਡਾ, ਫਾਜ਼ਿਲਕਾ, ਫ਼ਰੀਦਕੋਟ, ਮੋਗਾ ਤੇ ਬਰਨਾਲਾ ਵਿੱਚ ਸ਼ਰਾਬ ਕਾਰੋਬਾਰ ਦੇ ਜ਼ਿਆਦਾ ਡਿਫਾਲਟਰ ਹਨ। ਵੇਰਵਿਆਂ ਅਨੁਸਾਰ ਬਠਿੰਡਾ ਜ਼ਿਲ੍ਹੇ ਵਿੱਚ ਸ਼ਿਵ ਡੋਡਾ ਦੀ 'ਗਗਨ ਵਾਈਨ' ਵੱਲੋਂ ਕਰੀਬ 20 ਕਰੋੜ ਰੁਪਏ ਦੇ ਬਕਾਏ ਹਾਲੇ ਤਕ ਤਾਰੇ ਨਹੀਂ ਗਏ, ਜਿਸ ਕਰਕੇ ਆਬਕਾਰੀ ਅਫ਼ਸਰਾਂ ਨੇ ਡੋਡਾ ਪਰਿਵਾਰ ਦੀ ਅਬੋਹਰ ਵਿਚਲੀ 50 ਏਕੜ ਜ਼ਮੀਨ ਦੀ ਮਾਲ ਮਹਿਕਮੇ ਦੇ ਰਿਕਾਰਡ ਵਿੱਚ 'ਰੈੱਡ ਐਂਟਰੀ' ਪਵਾ ਦਿੱਤੀ ਹੈ, ਤਾਂ ਜੋ ਉਹ ਇਸ ਜ਼ਮੀਨ ਨੂੰ ਵੇਚ ਨਾ ਸਕੇ। ਮਾਲੀ ਵਰ੍ਹਾ 2016-17 ਦੇ ਕਾਰੋਬਾਰ ਦੇ ਸਿਰਫ਼ 83 ਦਿਨ ਬਚੇ ਹਨ। ਵਸੂਲੀ ਨਾ ਹੋਈ ਤਾਂ ਆਬਕਾਰੀ ਮਹਿਕਮੇ ਵੱਲੋਂ ਜ਼ਮੀਨ ਅਤੇ ਹੋਰ ਕਾਰੋਬਾਰ ਕੁਰਕ ਕੀਤੇ ਜਾਣਗੇ। ਪੰਜਾਬ ਸਰਕਾਰ ਨੇ ਬਠਿੰਡਾ ਜ਼ਿਲ੍ਹੇ ਵਿੱਚ ਸ਼ਰਾਬ ਦਾ ਸਮੁੱਚਾ ਕਾਰੋਬਾਰ ਐਡਵਾਂਸ ਵਾਈਨ, ਏਕਮ ਵਾਈਨ ਅਤੇ ਗਗਨ ਵਾਈਨ ਨੂੰ ਦਿੱਤਾ ਹੈ। ਇਨ੍ਹਾਂ ਤਿੰਨਾਂ ਫਰਮਾਂ ਨੇ ਕਰੀਬ 80 ਕਰੋੜ ਰੁਪਏ ਨਹੀਂ ਭਰੇ। ਆਬਕਾਰੀ ਮਹਿਕਮੇ ਨੇ ਇਨ੍ਹਾਂ ਫਰਮਾਂ ਦੀ ਰੋਜ਼ਾਨਾ ਦੀ ਵਿਕਰੀ ਉੱਤੇ ਨਜ਼ਰ ਰੱਖਣ ਲਈ ਦੋ ਅਧਿਕਾਰੀ ਲਾ ਦਿੱਤੇ ਹਨ। ਕਰ ਤੇ ਆਬਕਾਰੀ ਅਫ਼ਸਰ ਬਠਿੰਡਾ ਵਿਕਰਮ ਠਾਕੁਰ ਨੇ ਕਿਹਾ ਕਿ ਇਨ੍ਹਾਂ ਫਰਮਾਂ ਦੀ ਕਰੀਬ 15 ਕਰੋੜ ਦੀ ਜਾਇਦਾਦ ਅਟੈਚ ਕਰ ਲਈ ਗਈ ਹੈ ਤੇ ਵਸੂਲੀ ਲਈ ਉਪਰਾਲੇ ਕੀਤੇ ਜਾ ਰਹੇ ਹਨ। ਫਾਜ਼ਿਲਕਾ ਜ਼ਿਲ੍ਹੇ ਵਿੱਚ ਡੋਡਾ ਦੀ ਸ਼ਰਾਬ ਕੰਪਨੀ ਵੱਲ ਕਰੀਬ 3.50 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ। ਇਸ ਜ਼ਿਲ੍ਹੇ ਵਿੱਚ ਠੇਕੇਦਾਰ ਕਰੀਬ 13 ਕਰੋੜ ਰੁਪਏ ਦੇ ਡਿਫਾਲਟਰ ਹਨ। ਕਰ ਤੇ ਆਬਕਾਰੀ ਅਫ਼ਸਰ ਰਾਜਿੰਦਰ ਤਨਵਰ ਨੇ ਦੱਸਿਆ ਕਿ ਤਿੰਨ ਠੇਕੇਦਾਰਾਂ ਦੀ ਜ਼ਮੀਨ ਅਤੇ ਮਕਾਨ ਅਟੈਚ ਕਰ ਲਏ ਗਏ ਹਨ। ਫ਼ਰੀਦਕੋਟ ਜ਼ਿਲ੍ਹੇ ਵਿੱਚ ਸ਼ਰਾਬ ਦੇ ਕਾਰੋਬਾਰੀ ਕਰੀਬ 30 ਕਰੋੜ ਰੁਪਏ ਦਾ ਡਿਫਾਲਟਰ ਹੋ ਗਏ ਹਨ। ਮੋਗਾ ਤੇ ਬਰਨਾਲਾ ਜ਼ਿਲ੍ਹੇ ਵਿੱਚ ਡਿਫਾਲਟਰ ਠੇਕੇਦਾਰਾਂ ਦੀ ਸੂਚੀ ਲੰਮੀ ਹੋਣ ਲੱਗੀ ਹੈ।

# ਹਾਕਮ ਧਿਰ ਵੱਲੋਂ ਸਰਕਾਰੀ ਖ਼ਰਚੇ 'ਤੇ ਕੀਤੀ ਇਸ਼ਤਿਹਾਰਬਾਜ਼ੀ ਦਾ ਮਿਟੇਗਾ ਨਾਮੋ-ਨਿਸ਼ਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਚੋਣ ਕਮਿਸ਼ਨ ਨੂੰ ਚੋਣਾਂ ਦੌਰਾਨ ਹਿੰਸਾ ਹੋਣ ਦਾ ਵੀ ਖ਼ਦਸ਼ਾ ਹੈ। ਜ਼ਿਲ੍ਹਾ ਚੋਣ ਅਧਿਕਾਰੀਆਂ ਤੋਂ ਮਿਲੀਆਂ ਰਿਪੋਰਟਾਂ ਮੁਤਦਰ 6 ਹਜ਼ਾਰ ਥਾਵਾਂ ਅਜਿਹੀਆਂ ਹਨ ਜਿੱਥੇ ਹਿੰਸਾ ਹੋ ਸਕਦੀ ਹੈ ਅਤੇ ਇਨ੍ਹਾਂ ਥਾਵਾਂ 'ਤੇ ਨੀਮ ਸੁਰੱਖਿਆ ਬਲਾਂ ਅਤੇ ਪੰਜਾਬ ਪੁਲੀਸ ਦੀ ਤਾਇਨਾਤੀ ਜ਼ਿਆਦਾ ਕਰਨ ਦੇ ਨਾਲ ਨਾਲ ਚੌਕਸੀ ਵਰਤਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਹਨ। ਰਾਜ ਦੇ ਮੁੱਖ ਚੋਣ ਅਧਿਕਾਰੀ ਵੀ ਕੇ ਸਿੰਘ ਨੇ ਦੱਸਿਆ ਕਿ ਇਹ ਥਾਵਾਂ ਖਾਸ ਕਰ ਵੱਡੇ ਤੇ ਵਿਵਾਦਤ ਸਿਆਸਤਦਾਨਾਂ ਦੇ ਹਲਕਿਆਂ ਵਿੱਚ ਸ਼ਾਮਲ ਹਨ। ਮੁੱਖ ਚੋਣ ਅਧਿਕਾਰੀ ਨੇ ਹਾਕਮ ਧਿਰ ਵੱਲੋਂ ਸਰਕਾਰੀ ਖ਼ਰਚੇ 'ਤੇ ਕੀਤੀ ਗਈ ਇਸ਼ਤਿਹਾਰਬਾਜ਼ੀ ਦਾ ਨਾਮੋ ਨਿਸ਼ਾਨ ਮਿਟਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ ਹਨ। ਉਨ੍ਹਾਂ ਟਰਾਂਸਪੋਰਟ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਨ ਮਨਾਉਣ ਲਈ ਸਰਕਾਰੀ ਖ਼ਰਚੇ 'ਤੇ ਪਟਨਾ ਸਾਹਿਬ ਅਤੇ ਹੋਰ ਅਸਥਾਨਾਂ ਲਈ ਚਲਾਈਆਂ ਜਾ ਰਹੀਆਂ ਰੇਲ ਗੱਡੀਆਂ ਤੇ ਬੱਸਾਂ ਤੁਰੰਤ ਬੰਦ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਇਹ ਅਮਲ 4 ਜਨਵਰੀ ਦੁਪਹਿਰ 12:00 ਵਜੇ ਤੋਂ ਬਾਅਦ ਨਹੀਂ ਚੱਲੇਗਾ। ਚੋਣ ਜ਼ਾਬਤੇ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਰੱਖੇ ਪ੍ਰੋਗਰਾਮ ਵੀ ਠੁੱਸ ਹੋ ਗਏ। ਸ੍ਰੀ ਸਿੰਘ ਨੇ ਕਿਹਾ ਚੋਣ ਜ਼ਾਬਤੇ ਦੌਰਾਨ ਕੋਈ ਵੀ ਵਿਅਕਤੀ 50 ਹਜ਼ਾਰ ਰੁਪਏ ਤੋਂ ਜ਼ਿਆਦਾ ਰੁਪਏ ਲੈ ਕੇ ਨਹੀਂ ਚਲ ਸਕਦਾ। ਉਨ੍ਹਾਂ ਕਿਹਾ ਕਿ ਪੈਸੇ, ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਗਠਿਤ ਉਡਣ ਦਸਤੇ ਅਤੇ ਵਿਸ਼ੇਸ਼ ਟੀਮਾਂ ਵੱਲੋਂ ਆਪਣਾ ਕਾਰਜ ਆਰੰਭ ਕਰ ਦਿੱਤਾ



ਗਿਆ ਹੈ। ਕਮਿਸ਼ਨ ਵੱਲੋਂ 35 ਵਿਧਾਨ ਸਭਾ ਹਲਕਿਆਂ 'ਚ ਵੀਵੀਪੀਟੀ ਮਸ਼ੀਨਾਂ ਲਗਾਈਆਂ ਜਾਣਗੀਆਂ ਤਾਂ ਜੋ ਵੋਟਰ ਵੱਲੋਂ ਸਹੀ ਉਮੀਦਵਾਰ ਨੂੰ ਵੋਟ ਪੈਣ ਦੀ ਪੁਸ਼ਟੀ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ 18 ਜਨਵਰੀ ਤੋਂ ਰਾਜ ਵਿੱਚ 100 ਤੋਂ ਜ਼ਿਆਦਾ ਚੋਣ ਆਬਜ਼ਰਵਰ ਆਪਣੀ ਡਿਊਟੀ ਸੰਭਾਲ ਲੈਣਗੇ। ਸੰਵੇਦਨਸ਼ੀਲ ਮੰਨੇ ਜਾਣ ਵਾਲੇ ਹਲਕਿਆਂ ਅੰਦਰ ਸਮੁੱਚੇ ਪੋਲਿੰਗ ਬੂਥਾਂ 'ਤੇ ਵੋਟਾਂ ਵਾਲੇ ਦਿਨ ਲਾਈਵ ਕੈਮਰੇ ਫਿੱਟ ਕੀਤੇ ਜਾਣਗੇ ਤਾਂ ਜੋ ਗ਼ੈਰਕਾਨੂੰਨੀ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਸਕੇ। ਚੋਣਾਂ ਦੌਰਾਨ ਪੰਜਾਬ ਵਿਚ ਨੀਮ ਸੁਰੱਖਿਆ ਬਲਾਂ ਦੀਆਂ 500 ਕੰਪਨੀਆਂ ਤਾਇਨਾਤ ਕੀਤੀਆਂ ਜਾਣਗੀਆਂ। ਨੀਮ ਸੁਰੱਖਿਆ ਬਲਾਂ ਦੀ ਆਮਦ ਵੀ ਸ਼ੁਰੂ ਹੋ ਗਈ ਹੈ। ਸ੍ਰੀ ਸਿੰਘ ਨੇ ਦੱਸਿਆ ਕਿ ਚੋਣਾਂ ਸਬੰਧੀ ਜਾਂ ਅਫ਼ਸਰਾਂ ਵਿਰੁੱਧ ਸ਼ਿਕਾਇਤਾਂ ਦਾ ਨਿਪਟਾਰਾ 24 ਘੰਟਿਆਂ ਦੇ ਅੰਦਰ-ਅੰਦਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 1950 ਨੰਬਰ ਡਾਇਲ ਕਰ ਕੇ ਕੋਈ ਵੀ ਵਿਅਕਤੀ ਸ਼ਿਕਾਇਤ ਦਰਜ ਕਰਾ ਸਕਦਾ ਹੈ। ਇਸੇ ਤਰ੍ਹਾਂ ਸੀਈਓ ਪੰਜਾਬ ਦੀ ਵੈੱਬਸਾਈਟ 'ਤੇ ਸਮਾਧਾਨ ਪੋਰਟਲ ਵਿਚ ਵੀ ਆਨਲਾਈਨ ਸ਼ਿਕਾਇਤ ਦਰਜ ਕਰਾਈ ਜਾ ਸਕਦੀ ਹੈ। ਕਮਿਸ਼ਨ ਦੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਧਾਨ ਸਭਾ ਹਲਕੇ ਲੰਬੀ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਗਵੰਤ ਮਾਨ ਦੇ ਹਲਕੇ ਜਲਾਲਾਬਾਦ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹਲਕੇ ਪਟਿਆਲਾ (ਸ਼ਹਿਰੀ), ਬਿਕਰਮ ਸਿੰਘ ਮਜੀਠੀਆ ਦੇ ਹਲਕੇ ਮਜੀਠਾ, ਵਿਰਸਾ ਸਿੰਘ ਵਲਟੋਹਾ ਦੇ ਹਲਕੇ ਖੇਮਕਰਨ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੇ ਹਲਕੇ ਪੱਟੀ 'ਤੇ ਖਾਸ ਨਜ਼ਰ ਹੈ।

**ਸਰਕਾਰੀ ਜਹਾਜ਼ਾਂ ਤੇ ਕਾਰਾਂ 'ਤੇ ਝੂਟੇ ਬੰਦ :**

ਚੋਣ ਜ਼ਾਬਤਾ ਲੱਗਣ ਕਰ ਕੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਹੈਲੀਕਾਪਟਰ ਦੀ ਵਰਤੋਂ ਨਹੀਂ ਕਰ ਸਕਣਗੇ। ਮੰਤਰੀਆਂ ਸਮੇਤ ਕੋਈ ਵੀ ਸਿਆਸੀ ਵਿਅਕਤੀ ਸਰਕਾਰੀ ਕਾਰ ਦੀ ਵਰਤੋਂ ਨਹੀਂ ਕਰ ਸਕੇਗਾ। ਸਰਕਾਰੀ ਪੈਸੇ ਨਾਲ ਵਿਕਾਸ ਦੇ ਕੰਮਾਂ ਨੂੰ ਬਰੇਕਾਂ ਲੱਗ ਗਈਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਗਤ ਦਰਸ਼ਨਾਂ ਦਾ ਅਮਲ ਤਾਂ ਭਾਵੇਂ ਨਿਬੇੜ ਲਿਆ ਸੀ ਪਰ ਉਨ੍ਹਾਂ ਕਈ ਮੀਟਿੰਗਾਂ ਰੱਖੀਆਂ ਹੋਈਆਂ ਸਨ। ਚੋਣ ਜ਼ਾਬਤੇ ਦਾ ਪ੍ਰਛਾਵਾਂ ਇਨ੍ਹਾਂ ਮੀਟਿੰਗਾਂ 'ਤੇ ਵੀ ਪਵੇਗਾ। ਗੁਰੂ ਗੋਬਿੰਦ ਸਿੰਘ ਦਾ ਜਨਮ ਦਿਹਾੜਾ ਮਨਾਉਣ ਲਈ ਸਰਕਾਰੀ ਖ਼ਰਚੇ 'ਤੇ ਪਟਨਾ ਸਾਹਿਬ ਰੇਲਾਂ ਤੇ ਬੱਸਾਂ ਭੇਜਣ ਦਾ ਅਮਲ ਰੋਕ ਦਿੱਤਾ ਗਿਆ ਹੈ।

### ਸਿਮਰਨਜੀਤ ਸਿੰਘ ਮਾਨ ਬਰਨਾਲਾ ਤੋਂ ਲੜਨਗੇ ਚੋਣ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇੱਥੇ ਪੰਥਕ ਫਰੰਟ ਅਤੇ ਸਰਬੱਤ ਖ਼ਾਲਸਾ ਜਥੇਬੰਦੀਆਂ ਵੱਲੋਂ ਵਿਧਾਨ ਸਭਾ ਚੋਣਾਂ ਲਈ 15 ਹੋਰ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ ਹੈ। ਇਨ੍ਹਾਂ ਜਥੇਬੰਦੀਆ ਨਾਲ ਮਿਲ ਕੇ ਚੋਣ ਲੜਨ ਵਾਲੇ ਦਲਿਤ ਕ੍ਰਾਂਤੀ ਦਲ ਦੇ ਤਿੰਨ ਆਗੂਆਂ ਨੂੰ ਟਿਕਟ ਦਿੱਤੀ ਗਈ ਹੈ। ਉਮੀਦਵਾਰਾਂ ਦੀ ਜਾਰੀ ਕੀਤੀ ਸੂਚੀ ਅਨੁਸਾਰ ਸਿਮਰਨਜੀਤ ਸਿੰਘ ਮਾਨ ਬਰਨਾਲਾ (ਜਨਰਲ) ਅਤੇ ਅਮਰਗੜ੍ਹ (ਸੰਗਰੂਰ ਜਨਰਲ) ਤੋਂ, ਮਾਸਟਰ ਕਰਨੈਲ ਸਿੰਘ ਨਾਰੀਕੇ ਦੇ ਕਵਰਿੰਗ ਉਮੀਦਵਾਰ ਵੀ ਹੋਣਗੇ। ਦਲਿਤ ਕਮੇਟੀ ਦਲ ਦੇ ਪ੍ਰਧਾਨ ਲਾਲ ਸਿੰਘ ਸੁਲਹਾਨੀ (ਫ਼ਿਰੋਜ਼ਪੁਰ ਰਾਖਵਾਂ), ਰਣਜੀਤ ਸਿੰਘ ਸੰਤੋਖਗੜ੍ਹ (ਰੋਪੜ), ਪਰਮਿੰਦਰ ਸਿੰਘ ਚੀਮਾ (ਜਲੰਧਰ ) ਮਾਸਟਰ ਨਿਰਮਲ ਸਿੰਘ ਬਲੀਨਾ (ਆਦਮਪੁਰ ਰਾਖਵਾਂ), ਜਗੀਰ ਸਿੰਘ ਫਤਿਹਪੁਰ (ਸਨੌਰ), ਲਖਵੀਰ ਸਿੰਘ ਸ਼ੈਂਟੀ (ਅਮਲੋਹ),



ਬਾਕੀ ਸਫ਼ਾ 33 'ਤੇ

# ਰਾਸ਼ਟਰ ਦੇ ਨਾਂਅ ‘ਜਾਦੂਗਰ’ ਦਾ ਭਾਸ਼ਣ



**ਮੈਨੂੰ ਅਜੇ ਵੱਡੇ ਸੁਆਲ ਦੇ ਜੁਆਬ ਦਾ ਇੰਤਜ਼ਾਰ ਸੀ: ਨੋਟਬੰਦੀ ਤਾਂ ਹੋ ਗਈ, ਹੁਣ ਲੁੱਟਬੰਦੀ ਕਦੋਂ ਹੋਏਗੀ? ਕਾਲੇ ਧਨ ਦੇ ਰਾਖਸ਼ ਦੇ ਬਾਕੀ ਸਿਰਿਆਂ ’ਤੇ ਕਦੋਂ ਹਮਲਾ ਬੋਲਿਆ ਜਾਏਗਾ? ਕਾਲੇ ਧਨ ਨੂੰ ਹੀਰੇ-ਜਵਾਹਰਾਤ, ਪ੍ਰਾਪਰਟੀ ਅਤੇ ਸ਼ੇਅਰ ਦੇ ਰੂਪ ਵਿੱਚ ਰੱਖਣ ਵਾਲਿਆਂ ਦਾ ਨੰਬਰ ਕਦੋਂ ਆਏਗਾ? ਵਿਦੇਸ਼ ਤੋਂ ਕਾਲੇ ਧਨ ਨੂੰ ਸਫ਼ੈਦ ਕਰਨ ਦਾ ਧੰਦਾ ਕਦੋਂ ਰੁਕੇਗਾ? ਅਤੇ ਇਸ ਦਸ਼ਾਨਨ ਦੀ ਧੁੰਨੀ, ਮਤਲਬ ਰਾਜਨੀਤੀ ਦੀ ਫੰਡਿੰਗ ’ਤੇ ਕਦੋਂ ਹਮਲਾ ਹੋਏਗਾ? ਪਾਰਟੀਆਂ ’ਤੇ ਕਦੋਂ ਪਾਬੰਦੀ ਲੱਗੇਗੀ?**

**ਯੋਗੇਂਦਰ ਯਾਦਵ**
(ਈਮੇਲ : yogendra.yadav@gmail.com)

ਸਾਲ 2016 ਦਾ ਆਖ਼ਰੀ ਦਿਨ ਸੀ। ਸਾਡੇ ਯੁੱਗ ਦੀ ਮਾਇਆ ਮਤਲਬ ਟੀਵੀ ਦਾ ਪਰਦਾ ਸੀ। ਪਰਦੇ ’ਤੇ ਦੇਸ਼ ਦਾ ਸਭ ਤੋਂ ਵੱਡਾ ਜਾਦੂਗਰ ਸੀ। ਕੁੱਲ 43 ਮਿੰਟ ਦਾ ਜਾਦੂ ਦਾ ਸ਼ੋਅ ਸੀ। ਸਾਰੇ ਦੇਸ਼ ਦੇ ਨਾਲ-ਨਾਲ ਮੈਂ ਵੀ ਦੇਖ ਰਿਹਾ ਸੀ। ਕਈ ਰਹੱਸ ਖੁੱਲ੍ਹਣ ਵਾਲੇ ਸਨ, ਦੇਸ਼ ਸੱਚ ਦਾ ਸਾਹਮਣਾ ਕਰਨ ਵਾਲਾ ਸੀ। ਪੰਜਾਹ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਨੋਟਬੰਦੀ ਕੀਤੀ ਸੀ, ਜਨਤਾ ਨੂੰ ਕੁਝ ਤਕਲੀਫ਼ਾਂ ਝੱਲਣ ਦੀ ਅਪੀਲ ਕੀਤੀ ਸੀ। ਵਿਰੋਧੀ ਦਲ ਕੁਝ ਵੀ ਕਹਿੰਦੇ ਰਹਿਣ, ਪਰ ਜਨਤਾ ਨੇ ਆਪਣੀ ਦੁੱਖ ਤਕਲੀਫ਼ ਭੁੱਲ ਕੇ ਨੋਟਬੰਦੀ ਦਾ ਸਮਰਥਨ ਕੀਤਾ। ਪ੍ਰਧਾਨ ਮੰਤਰੀ ਨੇ 50 ਦਿਨ ਮੰਗੇ, ਜਨਤਾ ਨੇ ਦਿਲ ਖੋਲ੍ਹ ਕੇ ਦਿੱਤੇ। ਆਪਣੇ ਕਿਸੇ ਲਾਲਚ ਵਿੱਚ ਨਹੀਂ, ਬਲਕਿ ਇਸ ਉਮੀਦ ਵਿੱਚ ਕਿ ਕੋਈ ਤਾਂ ਦੇਸ਼ ਦੇ ਕਾਲੇ ਧਨ ਨੂੰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਪੰਜਾਹ ਦਿਨ ਦੇ ਬਾਅਦ ਹਿਸਾਬ ਦੇਣ ਦਾ ਵਕਤ ਸੀ।ਜਾਦੂਗਰ ਨੇ ਛੜੀ ਘੁੰਮਾਈ। ਪਰਦੇ ’ਤੇ ਗਾਂਧੀ ਜੀ ਬੋਲ ਰਹੇ ਸਨ। ‘ਹਰ ਇਨਸਾਨ ਵਿੱਚ ਕਮਜ਼ੋਰੀ ਹੁੰਦੀ ਹੈ, ਨੁਕਸ ਹੁੰਦੇ ਹਨ। ਪਰ ਅਸੀਂ ਉਸ ਤੋਂ ਮੁਕਤ ਹੋਣ ਲਈ ਛਟਪਟਾਉਂਦੇ ਹਾਂ... ਪਿਛਲੇ ਪੰਜਾਹ ਦਿਨਾਂ ਵਿੱਚ ਦੇਸ਼ ਇੱਕ ਅਜਿਹੇ ਇਤਿਹਾਸਕ ਸ਼ੁੱਧੀ ਯੱਗ ਦਾ ਗਵਾਹ ਬਣਿਆ ਹੈ। ਨਾਗਰਿਕਾਂ ਨੇ ਸਬਰ, ਅਨੁਸ਼ਾਸਨ ਅਤੇ ਸੰਕਲਪ ਦੀ ਮਿਸਾਲ ਕਾਇਮ ਕੀਤੀ ਹੈ...ਜਦੋਂ ਸਚਾਈ ਅਤੇ ਚੰਗਿਆਈ ਸਰਕਾਰ ਦਾ ਸਹਿਯੋਗ ਕਰੇਗੀ ਤਾਂ ਦੇਸ਼ ਅੱਗੇ ਵਧੇਗਾ।’

ਮੈਨੂੰ ਲੱਗ ਰਿਹਾ ਸੀ ਕਿ ਮੈਂ ਸਿਰਫ਼ ਇੱਕ ਨੇਤਾ ਨਹੀਂ, ਇੱਕ ਰਾਸ਼ਟਰ ਨਿਰਮਾਤਾ ਨੂੰ ਸੁਣ ਰਿਹਾ ਹਾਂ। ਦੇਸ਼ ਦੀ ਊਰਜਾ ਨੂੰ ਜਗਾਉਣ ਦੀ ਬੇਨਤੀ ਨਾਲ ਜੁੜਨ ਦਾ ਮਨ ਕੀਤਾ।

ਇੰਨੇ ਵਿੱਚ ਜਾਦੂਗਰ ਨੇ ਫਿਰ ਆਪਣੀ ਛੜੀ ਘੁੰਮਾ ਦਿੱਤੀ। ਹੁਣ ਮੇਰੇ ਸਾਹਮਣੇ ਸਰਦਾਰ ਪਟੇਲ ਦਾ ਅਕਸ ਸੀ। ਸਹੀ ਨੂੰ ਸਹੀ ਅਤੇ ਗ਼ਲਤ ਨੂੰ ਗ਼ਲਤ ਕਹਿਣ ਵਾਲਾ ਸਪਸ਼ਟਵਾਦੀ ਨੇਤਾ ਜੋ ਜ਼ਰੂਰਤ ਪੈਣ ’ਤੇ ਸਖ਼ਤੀ ਨਾਲ ਪਰਹੇਜ਼ ਨਹੀਂ ਕਰਦਾ। “ਸੱਚ ਇਹ ਹੈ ਕਿ ਵੱਡੇ ਨੋਟਾਂ ਦੀ ਵਰਤੋਂ ਕਾਲੇ ਧਨ ਲਈ ਹੋ ਰਹੀ ਸੀ...ਦੇਸ਼ ਵਿੱਚ ਸਿਰਫ਼ 24 ਲੱਖ ਲੋਕ ਆਪਣੀ ਸਾਲਾਨਾ ਆਮਦਨ 10 ਲੱਖ ਰੁਪਏ ਤੋਂ ਜ਼ਿਆਦਾ ਐਲਾਨਦੇ ਹਨ। ਕੀ ਇਹ ਸੱਚ ਹੋ ਸਕਦਾ ਹੈ? ਸਰਕਾਰ ਸੱਜਣਾਂ ਦੀ ਮਿੱਤਰ ਹੈ, ਪਰ ਬੁਰਿਆਂ ਨੂੰ ਠੀਕ ਰਾਹ ’ਤੇ ਲਿਆਉਣਾ ਹੋਏਗਾ।...ਜੇਕਰ ਕਿਸੇ ਬੈਂਕ ਕਰਮਚਾਰੀ ਨੇ ਅਪਰਾਧ ਕੀਤਾ ਹੈ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਏਗਾ।” ਚਾਹੇ ਮੈਂ ਹਰ ਗੱਲ ਨਾਲ ਸਹਿਮਤ ਨਹੀਂ ਸੀ, ਪਰ ਸੁਣ ਕੇ ਚੰਗਾ ਲੱਗ ਰਿਹਾ ਸੀ।

ਮੇਰੇ ਵਰਗੇ ਸਾਰੇ ਲੋਕਾਂ ਦੀ ਉਮੀਦ ਵਧ ਗਈ ਸੀ। ਹੁਣ ਪ੍ਰਧਾਨ ਮੰਤਰੀ ਸਾਰੇ ਸੁਆਲਾਂ ਦੇ ਜੁਆਬ ਦੇਣਗੇ : ਪੰਜਾਹ ਦਿਨ ਦੇ ਤਿਆਗ ਨਾਲ ਦੇਸ਼ ਨੇ ਕਿੰਨਾ ਕਾਲਾ ਧਨ ਫੜ੍ਹਿਆ? ਕਿੰਨੇ ਨੋਟ ਬੈਂਕਾਂ ਵਿੱਚ ਜਮ੍ਹਾਂ ਹੋਏ? ਬੈਂਕਾਂ ਨੇ ਕਿੰਨੇ ਨਵੇਂ ਨੋਟ ਜਾਰੀ ਕੀਤੇ? ਹੁਣ ਕਿੰਨੇ ਦਿਨ ਵਿੱਚ ਲੋਕ ਆਪਣੇ ਹੀ ਖਾਤੇ ਤੋਂ ਪੈਸੇ ਕਢਾ ਸਕਣਗੇ? ਉਮੀਦ ਇਹ ਵੀ ਸੀ ਕਿ ਜਨਤਾ ਨੂੰ ਗ਼ੈਰ ਜ਼ਰੂਰੀ ਹੋਈ ਪੀੜ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰਨਗੇ। ਹਰ ਵੱਡੇ ਕੰਮ ਵਿੱਚ ਕੁਝ ਗ਼ਲਤੀ ਵੀ ਹੋ ਜਾਂਦੀ ਹੈ। ਉਮੀਦ ਸੀ ਕਿ ਜੇਕਰ ਕੋਈ ਭੁੱਲ ਹੋ ਗਈ ਹੋਵੇ ਤਾਂ ਪ੍ਰਧਾਨ ਮੰਤਰੀ ਉਸ ਨੂੰ ਸਾਫ਼ਗੋਈ ਨਾਲ ਜਨਤਾ ਦੇ ਸਾਹਮਣੇ ਰੱਖਣਗੇ। ਵਿਸ਼ਵਾਸ ਸੀ ਕਿ ਜਿਸ ਜਨਤਾ ਨੇ ਉਨ੍ਹਾਂ ਦੇ ਕਹਿਣ ’ਤੇ ਪੰਜਾਹ ਦਿਨ ਕਸ਼ਟ ਝੱਲਿਆ, ਉਹ ਉਨ੍ਹਾਂ ਦੀ ਛੋਟੀ-ਛੋਟੀ ਭੁੱਲ ਨੂੰ ਵੀ ਅਣਦੇਖਿਆ ਕਰ ਦੇਣਗੇ।

ਇੰਨੇ ਵਿੱਚ ਹੀ ਬਰੇਕ ਆ ਗਈ। ਬਰੇਕ ਤੋਂ ਬਾਅਦ ਪਰਦੇ ’ਤੇ ਇੰਦਰਾ ਗਾਂਧੀ ਦਾ ਅਕਸ ਸੀ। ਹੁਣ ਯੁੱਗ ਪੁਰਸ਼ ਜਾਂ ਰਾਸ਼ਟਰ ਨਿਰਮਾਤਾ ਦੀ ਜਗ੍ਹਾ ਇੱਕ ਲੋਕ ਲੁਭਾਵਣਾ ਰਾਜਨੇਤਾ ਬੋਲ ਰਿਹਾ ਸੀ। ਅਜਿਹਾ ਲੱਗ ਰਿਹਾ ਸੀ ਕਿ ਮੈਂ ਬਜਟ ਭਾਸ਼ਣ ਜਾਂ ਲੋਨ ਮੇਲੇ ਦਾ ਐਲਾਨ ਸੁਣ ਰਿਹਾ ਹਾਂ। ਸਚਾਈ ਅਤੇ ਚੰਗਿਆਈ ਦੀ ਗੱਲ ਕਰਦੇ-ਕਰਦੇ ਲੌਲੀਪੌਪ ਵੰਡਣ ਲੱਗੇ। ਅਤੇ ਜਦੋਂ ਲੌਲੀਪੌਪ ਦਾ ਰੈਪਰ ਖੋਲ੍ਹਿਆ ਤਾਂ ਉਸ ਵਿੱਚ ਅੱਧੀ ਜੂਠੀ ਨਿਕਲੀ ਅਤੇ ਬਾਕੀ ਝੂਠੀ, ਮਤਲਬ ਕੁਝ ਯੋਜਨਾਵਾਂ ਤਾਂ ਪੁਰਾਣੀਆਂ ਸਨ ਅਤੇ ਬਾਕੀ ਦੇ ਦਾਅਵੇ ਵੱਡੇ ਸਨ ਤੇ ਹਕੀਕਤ ਛੋਟੀ। ਗਰਭਵਤੀ ਔਰਤ ਨੂੰ 6000 ਰੁਪਏ ਦੀ ਯੋਜਨਾ ਤੋਂ ਖਾਦ ਸੁਰੱਖਿਆ ਕਾਨੂੰਨ ਤਹਿਤ ਸਰਕਾਰ ’ਤੇ ਦੋ ਸਾਲ ਪਹਿਲਾਂ ਲਾਗੂ ਕਰਨ ਦੀ ਬੰਦਿਸ਼ ਸੀ। ਸਚਾਈ ਦੀ ਗੱਲ ਕਰਨ ਵਾਲੇ ਪ੍ਰਧਾਨ ਮੰਤਰੀ ਇਸ ਮਜਬੂਰੀ ਨੂੰ ਨਵੀਂ ਯੋਜਨਾ ਦੀ ਤਰ੍ਹਾਂ ਪੇਸ਼ ਕਰ ਰਹੇ ਸਨ। ਛੋਟੇ ਉਦਯੋਗਪਤੀਆਂ ਦੀ ਕਰਜ਼ ਸੀਮਾ ਤਾਂ ਪਹਿਲਾਂ ਹੀ ਵੱਧ ਚੁੱਕੀ ਹੈ। ਗ਼ਰੀਬਾਂ ਲਈ ਆਵਾਸ ਯੋਜਨਾ ਵਿੱਚ ਬਸ ਕਰਜ਼ ਦੀ ਸੀਮਾ ਛੇ ਸਾਲ ਤੋਂ ਵਧਾ ਕੇ ਨੌਂ ਲੱਖ ਕਰ ਦੇਣ ਨਾਲ ਕੁਝ ਹੋਣ ਵਾਲਾ ਨਹੀਂ ਹੈ ਕਿਉਂਕਿ ਇਹ ਯੋਜਨਾ ਤਾਂ ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ। ਕਿਸਾਨ ਦੇ ਲਈ ਤਾਂ ਕੁਝ ਵੀ ਨਹੀਂ ਸੀ। ਬਸ ਪਿਛਲੀਆਂ ਦੋ ਫ਼ਸਲਾਂ ਦੇ ਕਰਜ਼ੇ ਵਿੱਚ 60 ਦਿਨ ਦੀ ਵਿਆਜ ਮੁਆਫ਼ੀ ਦਾ ਐਲਾਨ ਹੋਇਆ। ਉਹ ਤਾਂ ਕਰਨਾ ਹੀ ਪੈਂਦਾ ਕਿਉਂਕਿ 50 ਦਿਨ ਤਕ ਤਾਂ ਸਰਕਾਰ ਨੇ ਹੀ ਸਰਕਾਰੀ ਬੈਂਕਾਂ ਨੂੰ ਲਗਭਗ ਬੰਦ ਰੱਖਿਆ। ਕਿਸਾਨਾਂ ਨੂੰ ਨੋਟਬੰਦੀ ਕਾਰਨ ਫ਼ਸਲ ਦੀ ਕੀਮਤ ਅਤੇ ਬੀਜ-ਖਾਦ ਵਿੱਚ ਕਿਸਾਨ ਨੂੰ ਜੋ ਨੁਕਸਾਨ ਹੋਇਆ ਉਸ ਦਾ ਹਰਜਾਨਾ ਕੌਣ ਦਏਗਾ? ਮੇਰਾ ਮਨ ਬੁਝਣ ਲੱਗਿਆ ਸੀ, ਪਰ ਉਮੀਦ ਦਾ ਦਾਮਨ ਨਹੀਂ ਛੱਡਿਆ ਸੀ। ਜਾਦੂ ਦੇ ਸ਼ੋਅ ਵਿੱਚ ਕੀ ਪਤਾ ਕਦੋਂ ਕੀ ਹੋ ਜਾਵੇ!

ਮੈਨੂੰ ਅਜੇ ਵੱਡੇ ਸੁਆਲ ਦੇ ਜੁਆਬ ਦਾ ਇੰਤਜ਼ਾਰ ਸੀ: ਨੋਟਬੰਦੀ ਤਾਂ ਹੋ ਗਈ, ਹੁਣ ਲੁੱਟਬੰਦੀ ਕਦੋਂ ਹੋਏਗੀ? ਕਾਲੇ ਧਨ ਦੇ ਰਾਖਸ਼ ਦੇ ਬਾਕੀ ਸਿਰਿਆਂ ’ਤੇ ਕਦੋਂ ਹਮਲਾ ਬੋਲਿਆ ਜਾਏਗਾ? ਕਾਲੇ ਧਨ ਨੂੰ ਹੀਰੇ-ਜਵਾਹਰਾਤ, ਪ੍ਰਾਪਰਟੀ ਅਤੇ ਸ਼ੇਅਰ ਦੇ ਰੂਪ ਵਿੱਚ ਰੱਖਣ ਵਾਲਿਆਂ ਦਾ ਨੰਬਰ ਕਦੋਂ ਆਏਗਾ? ਵਿਦੇਸ਼ ਤੋਂ ਕਾਲੇ ਧਨ ਨੂੰ ਸਫ਼ੈਦ ਕਰਨ ਦਾ ਧੰਦਾ ਕਦੋਂ ਰੁਕੇਗਾ? ਅਤੇ ਇਸ ਦਸ਼ਾਨਨ ਦੀ ਧੁੰਨੀ, ਮਤਲਬ ਰਾਜਨੀਤੀ ਦੀ ਫੰਡਿੰਗ ’ਤੇ ਕਦੋਂ ਹਮਲਾ ਹੋਏਗਾ? ਪਾਰਟੀਆਂ ’ਤੇ ਕਦੋਂ ਪਾਬੰਦੀ ਲੱਗੇਗੀ?

ਇਸ ਵਾਰ ਜਾਦੂਗਰ ਨੇ ਫਿਰ ਛੜੀ ਘੁੰਮਾਈ, ਪਰ ਕੁਝ ਨਹੀਂ ਹੋਇਆ। ਇਸ ਵਾਰ ਪਰਦੇ ’ਤੇ ਖ਼ੁਦ ਨਰੇਂਦਰ ਮੋਦੀ ਹੀ ਦਿਖਾਈ ਦੇ ਰਹੇ ਸਨ। ਤਰ੍ਹਾਂ-ਤਰ੍ਹਾਂ ਦੇ ਅੰਕੜੇ ਦੇ ਰਹੇ ਸਨ, ਬਸ ਉਹ ਅੰਕੜੇ ਨਹੀਂ ਦੱਸ ਰਹੇ ਸਨ ਜੋ ਸਾਰਾ ਦੇਸ਼ ਪੁੱਛ ਰਿਹਾ ਸੀ। ਪੰਜਾਹ ਦਿਨ ਦੇ ਬਾਅਦ ਜੁਆਬ ਦੇਣ ਦੀ ਬਜਾਏ ਸੁਆਲ ਪੁੱਛ ਰਹੇ ਸਨ। ਕਾਲੇ ਧਨ ਦੇ ਸਭ ਤੋਂ ਵੱਡੇ ਸੁਆਲ ’ਤੇ ਚੁੱਪ ਸਨ। ਬਾਕੀ ਸਭ ’ਤੇ ਬੰਦਿਸ਼ਾਂ ਲਗਾਉਣ ਵਾਲੇ ਆਪਣੇ ਆਪ ’ਤੇ ਕੁਝ ਪਾਬੰਦੀ ਲਗਾਉਣ ਦੀ ਗੱਲ ਤੋਂ ਕੰਨੀ ਕਤਰਾ ਰਹੇ ਸਨ। ਰਾਜਨੀਤੀ ਦੀ ਫੰਡਿੰਗ ਬਾਰੇ ਸਿਰਫ਼ ਇੰਨਾ ਕਿਹਾ ਕਿ ਸਾਰੀਆਂ ਪਾਰਟੀਆਂ ਮਿਲ ਕੇ ਇੱਕ ਰਾਏ ਬਣਾਉਣ। ਪਰ ਵਪਾਰੀਆਂ ਅਤੇ ਆਮ ਜਨਤਾ ਨੂੰ ਵੀ ਇਹ ਸਹੂਲਤ ਕਿਉਂ ਨਾ ਮਿਲੇ ਕਿ ਉਹ ਖ਼ੁਦ ਫ਼ੈਸਲਾ ਕਰਨ ਕਿ ਉਨ੍ਹਾਂ ’ਤੇ ਕੀ ਪਾਬੰਦੀ ਲੱਗੇ? ਰਾਜਨੀਤਕ ਸੁਧਾਰ ਦੇ ਮੁੱਦੇ ਨੂੰ ਘੁੰਮਾਉਣ ਲਈ ਪ੍ਰਧਾਨ ਮੰਤਰੀ ਨੇ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਇਕੱਠੀਆਂ ਕਰਾਉਣ ਦਾ ਸ਼ਗੂਫ਼ਾ ਦੂਹਰਾ ਦਿੱਤਾ। ਇਸ ਦਾ ਨੋਟਬੰਦੀ ਅਤੇ ਕਾਲੇ ਧਨ ਨਾਲ ਕੀ ਸਬੰਧ?

ਕਾਲੇ ਧਨ ਦਾ ਸੁਆਲ ਮੰਚ ’ਤੇ ਖੜ੍ਹਾ ਸੀ, ਜਾਦੂਗਰ ਉਸ ਨੂੰ ਗ਼ਾਇਬ ਕਰਨ ਵਾਲਾ ਕਾਲਾ ਜਾਦੂ ਲਗਾ ਰਿਹਾ ਸੀ, ਪਰ ਗੱਲ ਬਣ ਨਹੀਂ ਰਹੀ ਸੀ। ਤਲਿਸਮ ਟੁੱਟ ਗਿਆ ਸੀ, ਹੱਥ ਦੀ ਸਫ਼ਾਈ ਫੜੀ ਗਈ ਸੀ। ਜਾਦੂਗਰ ਮੰਚ ’ਤੇ ਇਕੱਲਾ ਖੜ੍ਹਾ ਸੀ। ਹੁਣ ਵੀ ਕੁਝ-ਕੁਝ ਬੋਲ ਰਿਹਾ ਸੀ ‘ਚੰਪਾਰਣ ਦੇ ਗਾਂਧੀ’ ਵਾਲਾ ਮੰਤਰ ਲੱਗ ਰਿਹਾ ਸੀ, ਪਰ ਹੁਣ ਦਰਸ਼ਕ ਉਠ ਕੇ ਜਾਣ ਲੱਗੇ ਸਨ। ਜਾਦੂਗਰ ਨੇ ਅਚਾਨਕ ਸ਼ੋਅ ਖ਼ਤਮ ਕਰ ਦਿੱਤਾ।

ਮੈਂ ਵੀ ਉੱਠ ਖੜ੍ਹਾ ਹੋ ਗਿਆ। ਜਾਦੂਗਰ ਨੂੰ ਧੰਨਵਾਦ ਕਿਹਾ ਕਿ ਉਸ ਨੇ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ...ਕਾਲੇ ਧਨ ਦਾ ਮੁਕਾਬਲਾ ਕਾਲੇ ਜਾਦੂ ਨਾਲ ਨਹੀਂ ਹੋਏਗਾ। ਦਸ ਸਿਰ ਵਾਲੇ ਇਸ ਰਾਖਸ਼ ਦੀ ਧੁੰਨੀ ’ਤੇ ਤੀਰ ਉਹ ਲੋਕ ਨਹੀਂ ਚਲਾਉਣਗੇ ਜਿਨ੍ਹਾਂ ਦੀ ਆਪਣੀ ਤਿਜੋਰੀ ਉੱਥੇ ਰੱਖੀ ਹੈ। ਇਹ ਕੰਮ ਤੁਹਾਨੂੰ ਅਤੇ ਮੈਨੂੰ ਹੀ ਕਰਨਾ ਹੋਏਗਾ। ਇਹੀ ਨਵੇਂ ਸਾਲ ਦਾ ਸੰਕਲਪ ਹੋਣਾ ਚਾਹੀਦਾ ਹੈ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ ‘Jus Punjabi TV’ ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ ‘ਰੇਡੀਓ 1170AM’ ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਮਾਘੀ ਸ੍ਰੀ ਮੁਕਤਸਰ ਸਾਹਿਬ

ਮਾਘੀ ਮੇਲਾ ਵੀ ਇਕ ਮੌਸਮੀ ਤਿਓਹਾਰ ਦੇ ਰੂਪ ਵਿਚ ਲੱਗਣਾ ਆਰੰਭ ਹੋਇਆ ਹੈ। ਪੁਰਾਤਨ ਸਮੇਂ ਤੋਂ ਇਸ ਦਿਨ ਤੜਕੇ ਤੀਰਥਾਂ ਉੱਤੇ ਇਸ਼ਨਾਨ ਕਰਨ ਦਾ ਵੱਡਾ ਮਹਾਤਮ ਮੰਨਿਆ ਜਾਂਦਾ ਰਿਹਾ ਹੈ। ਇਸਦਾ ਵਿਵਰਣ ਵੇਦਾਂ ਅਤੇ ਹੋਰ ਹਿੰਦੂ ਧਰਮ ਸ਼ਾਸਤਰਾਂ ਵਿਚ ਮਿਲਦਾ ਹੈ। ਗੁਰਬਾਣੀ ਵਿਚ ਵੀ ਅਸਿੱਧੇ ਰੂਪ ਵਿਚ ਇਸ ਦਾ ਜ਼ਿਕਰ ਆਉਂਦਾ ਹੈ-

ਮਾਘੀ ਮਜਨੁ ਸੰਗ ਸਾਧੂਆ ਧੂੜੀ ਕਰਿ ਇਸ਼ਨਾਨੁ।।

(ਬਾਰਹਮਾਹਾ ਮਾਝ ਮਹਲਾ 5 ਘਰੁ 4)

ਮਾਘੀ ਦੇ ਤੜਕੇ ਲੋਕ ਤੀਰਥਾਂ ਉੱਤੇ ਸਰੋਵਰਾਂ, ਦਰਿਆਵਾਂ ਵਿਚ ਇਸ਼ਨਾਨ ਕਰਨਾ ਵੱਡਾ ਪੁੰਨ ਸਮਝਦੇ ਹਨ ਤੇ ਮੰਨਦੇ ਹਨ ਕਿ ਐਸਾ ਕਰਨ ਨਾਲ ਉਨ੍ਹਾਂ ਦੇ ਪਾਪ ਖੰਡੇ ਜਾਂਦੇ ਹਨ। ਨਗਰਾਂ ਗਰਾਵਾਂ ਵਿਚਲੇ ਤੀਰਥਾਂ ਉੱਤੇ ਇਸ ਦਿਨ ਲੋਕਾਂ ਦੀ ਭੀੜ ਜੁੜਨ ਤੋਂ ਹੀ ਮਾਘੀ ਦੇ ਇਨ੍ਹਾਂ ਲਗਦੇ ਮੇਲਿਆਂ ਦਾ ਆਰੰਭ ਹੋਇਆ। ਮਾਘੀ ਦੇ ਇਨ੍ਹਾਂ ਮੇਲਿਆਂ ਦਾ ਆਰੰਭਿਕ ਸਰੂਪ ਭਾਵੇਂ ਧਾਰਮਿਕ ਸੀ ਪਰ ਲੋਕ ਬਿਰਤੀ ਅਨੁਸਾਰ ਇਸ ਵਿਚ ਸਭਿਆਚਾਰਕ ਰੰਗ ਵੀ ਭਰੀਂਦਾ ਆਇਆ ਹੈ।

ਜਿਵੇਂ ਪੰਜਾਬੀ ਵਿਚ ਲੋਕ ਗੀਤਾਂ ਇਸਦ ਜ਼ਿਕਰ ਇਸ ਤਰ੍ਹਾਂ ਹੈ:

ਮੇਲੇ ਮੁਕਸਰ ਦੇ ਚੱਲ ਚੱਲੀਏ ਨਣਦ ਦਿਆਂ ਵੀਰਾ।

ਪੰਜਾਬ ਵਿਚ ਸ੍ਰੀ ਮੁਕਤਸਰ ਸਾਹਿਬ ਦਾ ਮਾਘੀ ਦਾ ਮੇਲਾ ਵੀ ਇਕ ਪ੍ਰਸਿੱਧ ਮੇਲਾ ਹੈ ਜਿਸਦਾ ਸਿੱਖ ਇਤਿਹਾਸ ਨਾਲ ਗਹਿਰਾ ਤੇ ਅਟੁੱਟ ਰਿਸ਼ਤਾ ਹੈ। ਮੁਕਤਸਰ ਸਾਹਿਬ ਦੇ ਇਸ ਮੇਲੇ ਦੇ ਮੁੱਖ ਅਸਥਾਨ ਉੱਤੇ ਸੋਲਵੀਂ ਸਤਾਰ੍ਹਵੀਂ ਸਦੀ ਵਿਚ ਇਕ ਵੱਡੀ ਤੇ ਡੂੰਘੀ ਢਾਬ ਹੁੰਦੀ ਸੀ ਜਿਸ ਦੇ ਪਾਸੀਂ ਉੱਚੇ ਟਿੱਬੇ ਸਨ। ਇਸ ਇਲਾਕੇ ਵਿਚ ਪਾਣੀ ਦੀ ਬਹੁਤ ਕਿੱਲਤ ਸੀ ਪਰ ਵਰਖਾ ਦੀ ਰੁੱਤ ਵਿਚ ਆਸਿਓਂ ਪਾਸਿਓਂ ਪਾਣੀ ਆ ਕੇ ਇਸ ਢਾਬ ਵਿਚ ਭਰ ਜਾਂਦਾ ਸੀ ਜਿਸਨੂੰ ਇਲਾਕੇ ਦੇ ਲੋਕ ਮਗਰੋਂ ਲੋੜ ਅਨੁਸਾਰ ਵਰਤਦੇ ਰਹਿੰਦੇ ਸਨ। ਇਸ ਢਾਬ ਦਾ ਨਾਂ ਖਿਦਰਾਣੇ ਦੀ ਢਾਬ ਸੀ। ਦਸਮ ਪਾਤਸ਼ਾਹ ਦਾ ਪਿਛਾ ਕਰਦੇ ਆਉਂਦੇ ਸੂਬਾ ਸਰਹੰਦ ਵਜ਼ੀਰ ਖਾਨ ਦੀਆਂ ਫੌਜਾਂ ਨਾਲ ਇਸੇ ਢਾਬ ਉੱਤੇ ਕਲਗੀਧਰ ਪਿਤਾ ਦੀ ਗਹਿ ਗੱਚ ਲੜਾਈ ਹੋਈ ਸੀ। ਇਸੇ ਜੰਗ ਵਿਚ ਮਾਂਝੇ ਦੇ ਬੇਦਾਵੀਏ ਸਿੰਘ ਜੋ ਸ੍ਰੀ ਆਨੰਦਪੁਰ ਸਾਹਿਬ ਦੇ ਘੇਰੇ ਸਮੇਂ ਗੁਰੂ ਜੀ ਨੂੰ ਬੇਦਾਵਾ ਲਿਖਕੇ ਦੇ ਆਏ ਸਨ, ਜਾਨਾਂ ਹੂਲ ਕੇ ਲੜੇ। ਇਥੇ ਹੀ ਮੈਦਾਨਿ ਜੰਗ ਵਿਚ ਕਲਗੀਧਰ ਪਾਤਸ਼ਾਹ ਨੇ ਮਹਾਂ ਸਿੰਘ ਦਾ ਬੇਦਾਵਾ ਪਾੜਿਆ ਤੇ ਉਸ ਸਮੇਤ ਸ਼ਹੀਦ ਹੋਏ ਚਾਲ੍ਹੀ ਸਿੰਘਾਂ ਦਾ ਸਸਕਾਰ ਆਪਣੇ ਕਰ ਕਮਲਾਂ ਨਾਲ ਕੀਤਾ। ਸੂਰਬੀਰ ਮਾਈ ਭਾਗੋ (ਪਿੰਡ ਝਬਾਲ ਅੰਮ੍ਰਿਤਸਰ), ਜਿਸਨੇ ਉਕਤ ਬੇਦਾਵੀਏ ਸਿੰਘਾਂ ਨੂੰ ਤਰਕਾਂ ਮਾਰ ਕੇ ਗੁਰੂ



ਸ਼ਰਨ ਲਿਆਂਦਾ ਸੀ, ਇਸੇ ਜੰਗ ਵਿਚ ਮਰਦਾਵਾਂ ਭੇਸ ਧਾਰ ਕੇ ਸਿੰਘਾਂ ਦੇ ਬਰੋਬਰ ਜੂਝਦੀ ਘਾਇਲ ਹੋਈ ਤੇ ਦਸਮ ਪਿਤਾ ਨੇ ਇਸਦਾ ਇਲਾਜ ਕਰਵਾ ਕੇ ਤੇ ਫਿਰ ਅੰਮ੍ਰਿਤ ਛਕਾ ਕੇ ਮਾਈ ਭਾਗ ਕੌਰ ਬਣਾਇਆ। ਯਾਦ ਰਹੇ ਕਿ ਜਿਹੜੇ ਚਾਲ੍ਹੀ ਸਿੰਘ ਚਮਕੌਰ ਦੀ ਜੰਗ ਵਿਚ ਭਾਈ ਬੁਧੀ ਚੰਦ ਦੀ ਹਵੇਲੀ ਅਥਵਾ ਕੱਚੀ ਗੜ੍ਹੀ 'ਚੋਂ ਨਿਕਲ ਕੇ ਦੁਸ਼ਮਣ ਫੌਜਾਂ ਨਾਲ ਜੂਝ ਕੇ ਸ਼ਹੀਦ ਹੋਏ ਸਨ, ਉਹ 'ਚਾਲ੍ਹੀ ਮੁਕਤੇ' ਸਨ ਜਿਨ੍ਹਾਂ ਦਾ ਜ਼ਿਕਰ ਸਿੱਖ ਅਰਦਾਸ ਵਿਚ ਅਉਂਦਾ ਹੈ। ਇਸ ਜੰਗ ਵਿਚਲੇ ਇਹ ਚਾਲ੍ਹੀ ਸਿੰਘ ਉਨ੍ਹਾਂ ਤੋਂ ਵੱਖਰੇ ਸਨ। ਖਿਦਰਾਣੇ ਦੀ ਢਾਬ ਅਥਵਾ ਮੁਕਤਸਰ ਸਾਹਿਬ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਮ ਹਨ: ਭਾਈ ਕਰਨ ਸਿੰਘ ਜੀ, ਭਾਈ ਸਮੀਰ ਸਿੰਘ, ਭਾਈ ਦਈਆ ਸਿੰਘ, ਭਾਈ ਹਰੀ ਸਿੰਘ, ਭਾਈ ਮਹਾਂ ਸਿੰਘ, ਭਾਈ ਗੁਲਾਬ ਸਿੰਘ, ਭਾਈ ਗੰਗਾ ਸਿੰਘ, ਭਾਈ ਧੰਨਾ ਸਿੰਘ, ਭਾਈ ਕਾਲਾ ਸਿੰਘ ਭਾਈ, ਹਰਸਾ ਸਿੰਘ ਭਾਈ ਕੀਰਤ ਸਿੰਘ ਭਾਈ ਗੰਡਾ ਸਿੰਘ ਭਾਈ ਦਰਬਾਰਾ ਸਿੰਘ, ਭਾਈ ਚੰਬਾ ਸਿੰਘ, ਭਾਈ ਸੁਲਤਾਨ ਸਿੰਘ ਭਾਈ ਸੋਭਾ ਸਿੰਘ, ਭਾਈ ਸੁਹੇਲ ਸਿੰਘ, ਭਾਈ ਸੰਤ ਸਿੰਘ, ਭਾਈ ਦਿਆਲ ਸਿੰਘ, ਭਾਈ ਭਾਗ ਸਿੰਘ, ਭਾਈ ਲੱਛਮਣ ਸਿੰਘ, ਭਾਈ ਕ੍ਰਿਪਾਲ ਸਿੰਘ, ਭਾਈ ਬੂੜ ਸਿੰਘ, ਭਾਈ ਜੋਗਾ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਨਿਧਾਨ ਸਿੰਘ, ਭਾਈ ਮਾਨ ਸਿੰਘ, ਭਾਈ ਨਾਰਾਇਣ ਸਿੰਘ, ਭਾਈ ਸਰਜਾ ਸਿੰਘ, ਭਾਈ ਭੋਲਾ ਸਿੰਘ, ਭਾਈ ਭੰਗਾ ਸਿੰਘ, ਭਾਈ ਮੱਜਾ ਸਿੰਘ, ਭਾਈ ਰਾਇ ਸਿੰਘ, ਭਾਈ ਜੰਗ ਸਿੰਘ, ਭਾਈ ਖੁਸ਼ਲ ਸਿੰਘ, ਭਾਈ ਕਰਮ ਸਿੰਘ, ਭਾਈ ਜਾਦੋ ਸਿੰਘ, ਭਾਈ ਘਰਬਾਰਾ ਸਿੰਘ ਤੇ ਭਾਈ ਨਿਹਾਲ ਸਿੰਘ। ਇਨ੍ਹਾਂ ਸ਼ਹੀਦ ਸਿੰਘਾਂ ਨੂੰ ਵੀ ਦਸਮ ਪਿਤਾ ਨੇ ਸ਼ਹੀਦੀਆਂ ਪ੍ਰਾਪਤ ਕਰਨ 'ਤੇ ਮੁਕਤਿਆਂ ਦੀ ਉਪਾਧੀ ਨਾਲ ਨਿਵਾਜਿਆ ਸੀ।



ਸ਼ੇਰ ਸਿੰਘ ਕੰਵਲ

ਸ੍ਰੀ ਮੁਕਤਸਰ ਸਾਹਿਬ ਵਿਖੇ ਨਿਮਨ ਲਿਖਤ ਇਤਿਹਾਸ ਸਥਾਨ ਹਨ:

1. ਗੁਰਦੁਆਰਾ ਦਰਬਾਰ ਸਾਹਿਬ : ਜਿੱਥੇ ਕਲਗੀਧਰ ਪਾਤਸ਼ਾਹ ਬਿਰਾਜੇ ਸਨ।
2. ਗੁਰਦੁਆਰਾ ਸ਼ਹੀਦ ਗੰਜ ਸਾਹਿਬ: ਜਿੱਥੇ ਸ਼ਹੀਦ ਸਿੰਘ ਦਾ ਸਸਕਾਰ ਕੀਤਾ ਗਿਆ।
3. ਗੁਰਦੁਆਰਾ ਟਿੱਬੀ ਸਾਹਿਬ : ਜਿਸ ਅਸਥਾਨ 'ਤੇ ਬੈਠ ਕੇ ਸਤਿਗੁਰਾਂ ਨੇ ਦੁਸ਼ਮਣ ਸੈਨਾ ਉੱਤੇ ਤੀਰਾਂ ਦੀ ਬਾਰਿਸ਼ ਕੀਤੀ ਸੀ।
4. ਗੁਰਦੁਆਰਾ ਤੰਬੂ ਸਾਹਿਬ: ਜਿਥੇ ਸਿੱਖ ਸੈਨਿਕਾਂ ਦੀ ਛਾਉਣੀ ਸੀ।
5. ਗੁਰਦੁਆਰਾ ਰਕਾਬ ਸਰ: ਜਿਥੇ ਦਸਮ ਪਿਤਾ ਨੇ ਘੋੜ ਸਵਾਰੀ ਕਰਨ ਸਮੇ ਰਕਾਬ ਵਿਚ ਚਰਨ ਪਾਏ ਸਨ।

ਮੁਕਤਸਰ ਸਾਹਿਬ ਦੀ ਜੰਗ ਤੋਂ ਬਾਅਦ ਭਾਈ ਲੰਗਰ ਸਿੰਘ (ਪਿੰਡ ਹਰੀਕੇ), ਜੋ ਇਸ ਜੰਗ ਵਿਚ ਦਸਮ ਪਿਤਾ ਨਾਲ ਰਹੇ ਸਨ, ਨੇ ਸਿੱਖਾਂ ਨੂੰ ਜੰਗ ਦੇ ਸਥਾਨ ਘਟਨਾਵਾਂ ਤੇ ਸ਼ਹੀਦ ਸਿੰਘ ਬਾਰੇ ਜਾਣਕਾਰੀ ਦੇ ਕੇ ਕਈ ਵਰ੍ਹਿਆਂ ਮਗਰੋਂ ਇਸ ਅਸਥਾਨ ਉੱਤੇ ਮਾਘੀ ਦਾ ਇਹ ਮੇਲਾ ਲਾਉਣਾ ਆਰੰਭ ਕੀਤਾ। ਉਸ ਤੋਂ ਮਗਰੋਂ ਅੱਜ ਤੱਕ ਇਸ ਇਤਿਹਾਸਕ ਸਥਾਨ ਤੇ ਲਗਦੇ ਮਾਘੀ ਦੇ ਇਸ ਮੇਲੇ 'ਤੇ ਆ ਕੇ ਸੰਗਤਾਂ ਦਸਮ ਪਿਤਾ ਅਤੇ ਉਨ੍ਹਾਂ ਮਰਜੀਵੜੇ ਸ਼ਹੀਦ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀਆਂ ਹਨ। ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਂਦੇ ਹਨ। ਕਥਾ ਕੀਰਤਨ ਤੇ ਵਾਰ੍ਹਾਂ ਦੇ ਗਾਇਨ ਹੁੰਦੇ ਹਨ। ਰਾਗੀਆਂ ਢਾਡੀਆਂ ਵਲੋਂ ਸੰਗਤਾਂ ਨੂੰ ਗੁਰੂ ਜਸ ਅਤੇ ਇਤਿਹਾਸਕ ਪ੍ਰਸੰਗ ਸਰਵਣ ਕਰਵਾਏ ਜਾਂਦੇ ਹਨ। ਗਤਕੇ ਦੇ ਜੌਹਰ ਦਿਖਾਏ ਜਾਂਦੇ ਤੇ ਹੋਰ ਖੇਡਾਂ ਵੀ ਹੁੰਦੀਆਂ ਹਨ। ਲੀਡਰ ਲੋਕ ਆਦਤ ਅਨੁਸਾਰ ਸ਼ਹੀਦ ਸਿੰਘ ਦੀ ਯਾਦ 'ਚ ਲਗਾਏ ਇਸ ਮੇਲੇ ਦਾ ਰਾਜਸੀ ਲਾਹਾ ਲੈਂਦੇ ਹਨ। ਮਾਘੀ ਦਾ ਇਕ ਪ੍ਰਸਿੱਧ ਮੇਲਾ ਪਿੰਡ ਤਖਤੂਪੁਰਾ (ਜ਼ਿਲ੍ਹਾ ਮੋਗਾ) ਜਿੱਥੇ ਪਹਿਲੇ, ਛੇਵੇਂ ਤੇ ਦਸਮੇ ਸਤਿਗੁਰਾਂ ਨੇ ਚਰਨ ਪਾਏ ਸਨ, ਵਿਚ ਲੱਗਦਾ ਹੈ।

# ਪਰਵਾਸੀ ਪੰਜਾਬੀ ਆਪਣੇ ਸੂਬੇ ਦੀ ਭਲਾਈ ਲਈ ਅੱਗੇ ਆਉਣ : ਐੱਸ.ਪੀ. ਸਿੰਘ ਓਬਰਾਏ

**ਸੈਕਰਾਮੈਂਟੋ/ਬਿਊਰੋ ਨਿਊਜ਼:**
ਪੰਜਾਬ ਦਾ ਪਾਣੀ ਇਸ ਵੇਲੇ ਗੰਦਲਾ ਹੋ ਚੁੱਕਾ ਹੈ, ਜਿਸ ਕਾਰਨ ਲੋਕ ਬਿਮਾਰੀਆਂ ਨਾਲ ਪੀੜਤ ਹਨ। ਨਸ਼ਿਆਂ ਕਾਰਨ ਜਵਾਨੀ ਰੁਲ ਰਹੀ ਹੈ। ਅੱਜ ਪੰਜਾਬ ਵਿਚ ਵਿਦਿਆ ਹਾਸਲ ਕਰਨਾ ਹਰ ਕਿਸੇ ਦੇ ਵਸ ਨਹੀਂ ਹੈ। ਇਸ ਤੋਂ ਇਲਾਵਾ ਹੋਰ ਵੀ ਅਜਿਹੇ ਬਹੁਤ ਸਾਰੇ ਮਸਲੇ ਹਨ, ਜਿਨ੍ਹਾਂ ਨਾਲ ਜੂਝਣਾ ਬਹੁਤ ਜ਼ਰੂਰੀ ਹੈ। ਇਹ ਵਿਚਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੋਢੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਪੱਤਰਕਾਰਾਂ ਦੇ ਰੂ-ਬ-ਰੂ ਹੁੰਦਿਆਂ ਕਹੇ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀ ਆਪਣੇ ਸੂਬੇ ਨੂੰ ਖੁਸ਼ਹਾਲ ਕਰਨ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ।

ਡਾ. ਐੱਸ.ਪੀ. ਸਿੰਘ ਓਬਰਾਏ ਅੱਜਕੱਲ੍ਹ ਕੈਲੀਫੋਰਨੀਆ ਦੇ ਦੌਰੇ 'ਤੇ ਹਨ। ਇਸ ਦੌਰਾਨ ਉਹ ਵੱਖ-ਵੱਖ ਸੰਸਥਾਵਾਂ, ਗੁਰੂ ਘਰਾਂ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਜਾਤੀ ਤੌਰ 'ਤੇ ਮਿਲ ਕੇ ਪੰਜਾਬ ਦੇ ਹਾਲਾਤ ਤੋਂ ਜਾਣੂੰ ਕਰਵਾ ਰਹੇ ਹਨ ਅਤੇ ਇਥੇ ਰਹਿੰਦੇ ਪ੍ਰਵਾਸੀ ਪੰਜਾਬੀਆਂ ਨੂੰ ਜਾਗਰੂਕ ਕਰ ਰਹੇ ਹਨ, ਤਾਂਕਿ ਪੰਜਾਬ ਦੇ ਲੋਕ ਖੁਸ਼ਹਾਲੀ ਨਾਲ ਰਹਿ ਸਕਣ। ਆਪਣੇ ਇਕ ਹਫਤੇ ਦੇ ਦੌਰੇ ਦੌਰਾਨ ਉਹ ਸੈਕਰਾਮੈਂਟੋ 'ਚ ਹੋਏ ਗਦਰੀ ਬਾਬਿਆਂ ਦੇ ਮੇਲੇ, ਫਰੀਮਾਂਟ



ਛਣਕਾਟਾ ਵੰਗਾਂ ਦੇ ਮੇਲੇ, ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮੀਟਿੰਗਾਂ ਕਰ ਚੁੱਕੇ ਹਨ। ਬੁੱਧਵਾਰ 11 ਜਨਵਰੀ ਨੂੰ ਪੂਜਾ ਰੈਸਟੋਰੈਂਟ ਵੈਸਟ ਸੈਕਰਾਮੈਂਟੋ ਵਿਖੇ ਚੜ੍ਹਦਾ ਪੰਜਾਬ ਕਲੱਬ ਦੇ ਸਮਾਗਮ ਵਿਚ ਹਿੱਸਾ ਲਿਆ।

ਡਾ. ਓਬਰਾਏ 12 ਜਨਵਰੀ ਵੀਰਵਾਰ ਨੂੰ ਪੰਜਾਬੀ ਢਾਬਾ, ਡਿਕਸਨ ਵਿਖੇ ਸਿਕੰਦਰ ਗਰੇਵਾਲ ਵੱਲੋਂ ਉਨ੍ਹਾਂ ਦੇ ਸਨਮਾਨ ਵਿਚ ਵੱਡਾ ਇਕੱਠ ਕੀਤਾ ਜਾ ਰਿਹਾ ਹੈ। 13 ਜਨਵਰੀ ਸ਼ੁਕਰਵਾਰ ਨੂੰ ਗਾਖਲ ਭਰਾਵਾਂ ਵੱਲੋਂ ਕੀਤੇ ਸਮਾਗਮ 'ਚ ਸ਼ਿਰਕਤ ਕਰਨਗੇ। 14 ਜਨਵਰੀ ਸ਼ਨੀਵਾਰ ਨੂੰ ਡਾ. ਪ੍ਰਿਤਪਾਲ ਸਿੰਘ ਵੱਲੋਂ ਮਿਲਪੀਟਸ ਵਿਖੇ ਸਮਾਗਮ ਕੀਤਾ ਜਾਵੇਗਾ ਅਤੇ 15 ਜਨਵਰੀ ਐਤਵਾਰ ਨੂੰ ਉਹ ਗੁਰੂ ਘਰ ਵਿਖੇ ਸੰਗਤਾਂ ਦੇ ਰੂ-ਬ-ਰੂ ਹੋਣਗੇ।

ਇਨ੍ਹਾਂ ਦਿਨਾਂ ਦੌਰਾਨ ਵੱਖ-ਵੱਖ ਅਮਰੀਕੀ ਆਗੂਆਂ ਵੱਲੋਂ ਉਨ੍ਹਾਂ ਦਾ ਮਨੁੱਖੀ ਸੇਵਾ ਵਿਚ ਪਾਏ ਯੋਗਦਾਨ ਬਦਲੇ ਸਨਮਾਨ ਕੀਤਾ ਜਾਵੇਗਾ। ਹੋਰ ਜਾਣਕਾਰੀ ਲਈ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਅਮਰੀਕੀ ਵਿਦਿਆਰਥੀ ਸਲਾਹਕਾਰ ਬੋਰਡ' ਲਈ ਭਾਰਤੀ ਮੂਲ ਦੀ ਕੁੜੀ ਦੀ ਚੋਣ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਦੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ ਅਮਰੀਕਾ ਵਿੱਚ ਅੱਲ੍ਹੜਾਂ ਨੂੰ ਸਿੱਖਿਆ ਦੇ ਮੌਕੇ ਮੁਹੱਈਆ ਕਰਾਉਣ ਸਬੰਧੀ ਇਕ ਸਿੱਖਿਆ ਮੁਹਿੰਮ ਦੇ ਵਿਦਿਆਰਥੀ ਸਲਾਹਕਾਰ ਬੋਰਡ ਲਈ ਭਾਰਤੀ ਮੂਲ ਦੀ 16 ਸਾਲਾ ਅਮਰੀਕੀ ਕੁੜੀ ਸ਼ਵੇਤਾ ਪ੍ਰਭਾਕਰਨ ਦੀ ਚੋਣ ਕੀਤੀ ਹੈ। ਕੰਪਿਊਟਰ ਵਿਗਿਆਨ ਦੇ ਖੇਤਰ ਵਿੱਚ ਸਿੱਖਿਅਤ ਕਰਨ ਲਈ ਸ਼ਵੇਤਾ ਦੇ ਯਤਨਾਂ ਨੂੰ ਦੇਖਦਿਆਂ ਉਸ ਨੂੰ 'ਬੈਟਰ ਮੇਕ ਰੂਮ' ਮੁਹਿੰਮ ਵਿੱਚ ਵਿਦਿਆਰਥੀ ਸਲਾਹਕਾਰ ਬੋਰਡ ਲਈ ਚੁਣਿਆ ਗਿਆ ਹੈ। ਸ਼ਵੇਤਾ ਦੇ ਮਾਪੇ ਸਾਲ 1988 ਵਿਚ ਤਾਮਿਲ ਨਾਡੂ ਦੇ ਤਿਰੂਨੇਲਵੇਲੀ ਤੋਂ ਇਥੇ ਆ ਕੇ ਵਸ ਗਏ ਸਨ। ਬੋਰਡ ਦੇ ਮੈਂਬਰ ਮਿਸ਼ੇਲ ਦੇ ਸਕੂਲ ਕਾਊਂਸਲਰ ਆਫ ਦਿ ਯੀਅਰ ਸਮਾਗਮ ਵਿੱਚ ਹਿੱਸਾ ਲੈਣ ਲਈ ਵ੍ਹਾਈਟ ਹਾਊਸ ਜਾਣਗੇ। ਇੰਡੀਆਨਾਪੋਲਿਸ ਵਿੱਚ ਜਨਮੀ ਸ਼ਵੇਤਾ ਉਨ੍ਹਾਂ 17 ਵਿਦਿਆਰਥੀਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ 'ਬੈਟਰ ਮੇਕ ਰੂਮ' ਮੁਹਿੰਮ ਦੇ ਵਿਦਿਆਰਥੀ ਸਲਾਹਕਾਰ ਬੋਰਡ ਲਈ ਚੁਣਿਆ ਗਿਆ ਹੈ। ਬੋਰਡ ਵਿੱਚ ਹਾਈ ਸਕੂਲ ਦੇ 12 ਵਿਦਿਆਰਥੀ ਅਤੇ ਕਾਲਜ ਦੇ ਪੰਜ ਵਿਦਿਆਰਥੀ ਸ਼ਾਮਲ ਹਨ।



ਸ਼ਵੇਤਾ ਨੌਜਵਾਨਾਂ ਦੀ ਅਗਲੀ ਪੀੜ੍ਹੀ ਨੂੰ ਇੰਜਨੀਅਰ, ਸਾਇੰਸਦਾਨ ਅਤੇ ਉੱਦਮੀ ਬਣਾਉਣ ਲਈ ਸ਼ਕਤੀਕਰਨ ਕਰਨ ਵਾਲੀ ਇਕ ਗ਼ੈਰਸਰਕਾਰੀ ਸੰਸਥਾ 'ਐਵਰੀਬਾਡੀ ਕੋਡ ਨਾਓ' ਦੀ ਸੀਈਓ ਤੇ ਬਾਨੀ ਹੈ। ਉਹ ਇਸ ਸੂਚੀ ਵਿੱਚ ਸ਼ਾਮਲ ਹੋਣ ਵਾਲੀ ਭਾਰਤੀ ਮੂਲ ਦੀ ਇਕਲੌਤੀ ਕੁੜੀ ਹੈ। ਸ਼ਵੇਤਾ ਨੇ ਕਿਹਾ, 'ਮੈਂ ਇਸ ਬੋਰਡ ਲਈ ਚੁਣੇ ਜਾਣ ਨਾਲ ਸਨਮਾਨਿਤ ਮਹਿਸੂਸ ਕਰ ਰਹੀ ਹਾਂ। ਸ਼ਵੇਤਾ ਸਿੱਖਿਅਤ ਭਰਤਨਾਟਿਅਮ ਨ੍ਰਤਕੀ ਹੈ, ਜਿਸ ਨੂੰ 2015 ਵ੍ਹਾਈਟ ਹਾਊਸ ਚੈਂਪੀਅਨ ਆਫ ਚੇਂਜ ਐਵਾਰਡ ਨਾਲ ਸਨਮਾਨ ਮਿਲਿਆ ਸੀ।

# ਸੰਤ ਭਿੰਡਰਾਂ ਵਾਲਿਆਂ ਦਾ ਪੁਤਲਾ ਸਾੜਨ ਦੀ ਧਮਕੀ ਦੇਣ ਵਾਲੇ ਖਿਲਾਫ ਕੇਸ ਦਰਜ

**ਮੋਗਾ/ਬਿਊਰੋ ਨਿਊਜ਼ :** ਮੋਗਾ ਦੇ ਸ਼ਿਵ ਸੈਨਾ ਪੰਜਾਬ ਦੇ ਲੀਗਲ ਸੈੱਲ ਦੇ ਪ੍ਰਧਾਨ ਐਡਵੋਕੇਟ ਅਮਿਤ ਘਈ ਖਿਲਾਫ ਪੁਲੀਸ ਵਲੋਂ ਵੱਖ-ਵੱਖ ਧਾਰਾਵਾਂ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ, ਭਾਵੇਂ ਹਾਲੇ ਉਸ ਦੀ ਗ੍ਰਿਫ਼ਤਾਰੀ ਨਹੀਂ ਹੋਈ। ਪੁਲੀਸ ਦੇ ਭਰੋਸੇ ਮਗਰੋਂ ਸਿੱਖਾਂ ਨੇ ਦੇਰ ਸ਼ਾਮ ਆਪਣਾ ਧਰਨਾ ਖ਼ਤਮ ਕਰ ਦਿੱਤਾ। ਜ਼ਿਕਰਯੋਗ ਹੈ ਕਿ ਅਮਿਤ ਘਈ ਨੇ ਕੁਝ ਦਿਨ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਇਹ ਬਿਆਨ ਦਿੱਤਾ ਸੀ ਕਿ ਉਹ ਮੰਗਲਵਾਰ ਨੂੰ ਮੋਗਾ ਦੇ ਮੇਨ ਚੌਕ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦਾ ਪੁਤਲਾ ਸਾੜਨਗੇ, ਜਿਸ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਕਾਫੀ ਰੋਸ ਪਾਇਆ ਜਾ ਰਿਹਾ ਸੀ ਅਤੇ ਮੋਗਾ ਵਿਚ ਤਣਾਅ ਵਧਿਆ ਹੋਇਆ ਸੀ। ਇਸ ਤਹਿਤ ਸੁਰੱਖਿਆ ਨੂੰ ਲੈ ਕੇ ਪੈਰਾ ਮਿਲਟਰੀ ਫੋਰਸ ਅਤੇ ਪੰਜਾਬ ਪੁਲੀਸ ਮੌਕੇ 'ਤੇ ਮੌਜੂਦ ਰਹੀ। ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂ ਵੀ ਉਥੇ ਇਕੱਠੇ ਹੋਏ। ਸਿੱਖ ਸੰਗਤਾਂ ਨੇ ਮੰਗ ਕੀਤੀ ਸੀ ਕਿ ਘਈ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਉਸ 'ਤੇ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਸੀ ਕਿ ਜੇਕਰ ਪੁਲੀਸ ਨੇ ਉਸ 'ਤੇ ਮਾਮਲਾ ਦਰਜ ਨਾ ਕੀਤਾ ਤਾਂ ਸਖਤ ਕਦਮ ਚੁੱਕੇ ਜਾਣਗੇ। ਇਸ ਨੂੰ ਦੇਖਦੇ ਹੋਏ ਪੁਲੀਸ ਨੇ ਮਾਮਲਾ ਦਰਜ ਕਰ ਲਿਆ ਹੈ ਪਰ ਕੋਈ ਵੀ ਪੁਲੀਸ ਅਧਿਕਾਰੀ ਇਸ ਬਾਰੇ ਬੋਲਣ ਲਈ ਤਿਆਰ ਨਾ ਹੋਇਆ। ਉਂਜ ਪੁਲੀਸ ਦੇ ਭਰੋਸੇ ਮਗਰੋਂ ਧਰਨਾ ਖ਼ਤਮ ਕਰ ਦਿੱਤਾ ਗਿਆ।

# ਮਨਦੀਪ ਖੁਰਮੀ ਹਿੰਮਤਪੁਰਾ ਦਾ ਗੀਤ 'ਓਹੀ ਬੋਹੜ' 13 ਜਨਵਰੀ ਨੂੰ ਹੋਵੇਗਾ ਰਿਲੀਜ਼

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ :** ਵਿਦੇਸ਼ਾਂ ਵਿੱਚ ਸਾਹਿਤਕ ਵੈੱਬਸਾਈਟ 'ਹਿੰਮਤਪੁਰਾ ਡੌਟ ਕਾਮ' ਜ਼ਰੀਏ ਪੰਜਾਬੀਅਤ ਦੀ ਸੇਵਾ ਵਿਚ ਜੁਟੇ ਸਾਹਿਤਕਾਰ ਅਤੇ ਪੱਤਰਕਾਰ ਇੰਗਲੈਂਡ ਨਿਵਾਸੀ ਮਨਦੀਪ ਖੁਰਮੀ ਹਿੰਮਤਪੁਰਾ ਵੱਲੋਂ ਆਪਣਾ ਨਵਾਂ ਗੀਤ 'ਓਹੀ ਬੋਹੜ' 13 ਜਨਵਰੀ ਨੂੰ ਰਿਲੀਜ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਉਸ ਨੇ ਪਿਛਲੇ ਵਰ੍ਹੇ ਗੀਤ 'ਓ ਪੰਜਾਬ ਸਿਆਂ' ਵੀ ਪੰਜਾਬੀਆਂ ਦੀ ਝੋਲੀ ਪਾਇਆ ਸੀ। ਉਸ ਗੀਤ ਨੂੰ ਮਿਲੇ ਅਥਾਹ ਪਿਆਰ ਦੀ ਬਦੌਲਤ ਹੀ ਹੁਣ 'ਓਹੀ ਬੋਹੜ' ਗੀਤ ਗਾਉਣ ਦਾ ਹੌਸਲਾ ਕੀਤਾ ਹੈ।

ਜਸੂ ਰਿਕਾਰਡਜ਼ ਵੱਲੋਂ ਪੇਸ਼ ਕੀਤੇ ਜਾ ਰਹੇ ਇਸ ਗੀਤ ਨੂੰ ਉਨ੍ਹਾਂ ਖੁਦ ਲਿਖਿਆ ਹੈ ਅਤੇ 'ਦ ਸਾਊਂਡ ਲੈਬ' ਵੱਲੋਂ ਸੰਗੀਤਕ ਧੁਨਾਂ ਵਿਚ ਪ੍ਰੋਇਆ ਗਿਆ ਹੈ। ਕਲਾਕਾਰ ਮਲਕੀਤ ਰੌਣੀ, ਹਰਸ਼ਰਨ ਸਿੰਘ, ਮਰਹੂਮ ਉਸਤਾਦ ਕੁਲਦੀਪ ਮਾਣਕ ਦੇ ਸਾਥੀ ਰਹੇ ਜਗਤਾਰ ਰੋਮਾਣਾ, ਗਾਇਕ ਗੁਰਸ਼ੇਰ, ਹਰਜੋਤ ਸੰਧੂ ਅਤੇ ਹਰਪ੍ਰੀਤ ਸਿੰਘ ਦਹਿੜੂ ਦੇ ਵਿਸ਼ੇਸ਼ ਸਹਿਯੋਗ ਨਾਲ ਤਿਆਰ ਗੀਤ ਬੋਹੜ ਦੇ ਦਰਖਤ ਮੂੰਹੋਂ ਅਜੋਕੇ ਮਾਹੌਲ ਦੀ ਦਰਦ ਕਹਾਣੀ ਬਿਆਨ ਕਰੇਗਾ। ਇਸ ਸੰਬੰਧੀ ਮਨਦੀਪ ਖੁਰਮੀ ਨੇ ਦੱਸਿਆ ਕਿ 'ਓਹੀ ਬੋਹੜ' ਗੀਤ ਮੰਦੀ ਆਰਥਿਕਤਾ ਹੱਥੋਂ ਹਾਰ ਕੇ ਖੁਦਕੁਸ਼ੀਆਂ ਦਾ ਸੰਤਾਪ ਭੋਗਦੇ ਮਾਸੂਮ ਚਾਵਾਂ ਅਤੇ ਚਿੱਟੀਆਂ ਚੁੰਨੀਆਂ ਨੂੰ ਸਮਰਪਿਤ ਹੋਵੇਗਾ।

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਭਾਰੀ ਸ਼ਰਧਾ ਨਾਲ ਮਨਾਇਆ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਗੁਰਦੁਆਰਾ ਸਾਹਿਬ ਸ਼ਿਕਾਗੋ ਦੀਵਾਨ ਐਵੇਨਿਊ ਵਿਖੇ ਸੰਗਤਾਂ ਵੱਲੋਂ ਅੰਮ੍ਰਿਤ ਦੇ ਦਾਤੇ, ਪੁੱਤਰਾਂ ਦੇ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਨੂੰ ਬੜੀ ਸ਼ਰਧਾ ਤੇ ਪ੍ਰੇਮ ਭਾਵਨਾ ਨਾਲ ਮਨਾਇਆ ਗਿਆ। ਸਵੇਰ ਵੇਲੇ ਤੋਂ ਜੁੜੀਆਂ ਹੋਈਆਂ ਸੰਗਤਾਂ ਨੇ ਧੁਰ ਕੀ ਬਾਣੀ ਦੇ ਕੀਰਤਨ ਤੇ ਕਥਾ ਦਾ ਆਨੰਦ ਮਾਣਿਆ ਤੇ ਅੰਮ੍ਰਿਤ ਬਾਣੀ ਸਰਵਣ ਕੀਤੀ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਤਜਿੰਦਰਪਾਲ ਸਿੰਘ ਦਿੱਲੀ ਵਾਲੇ, ਭਾਈ ਗੁਰਦਿਆਲ ਸਿੰਘ ਅਤੇ ਤਬਲਾ ਮਾਸਟਰ





ਰੱਥਪਾਲ ਸਿੰਘ ਨੇ ਕੀਰਤਨ ਕੀਤਾ ਤੇ ਸ਼ਬਦਾਂ ਦੀ ਵਿਆਖਿਆ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉਪਰੰਤ ਅਰਦਾਸ ਬੇਨਤੀ ਸਮਾਪਤੀ ਤੇ ਆਨੰਦ ਸਾਹਿਬ ਤੇ ਹੁਕਮਨਾਮੇ ਲਏ ਗਏ।

ਪ੍ਰਬੰਧਕਾਂ ਵੱਲੋਂ ਸੰਗਤਾਂ ਨੂੰ 350ਵੇਂ ਪ੍ਰਕਾਸ਼ ਦਿਹਾੜੇ ਤੇ ਵਧਾਈ ਦਿੱਤੀ ਗਈ। ਉਪਰੰਤ ਕੜਾਹ ਪ੍ਰਸ਼ਾਦਿ ਤੇ ਲੰਗਰ ਵਰਤਾਏ ਗਏ। ਲੰਗਰਾਂ ਦੀ ਸੇਵਾ ਸੰਗਤਾਂ ਵੱਲੋਂ ਰਲ ਮਿਲ ਕੇ ਕੀਤੀ ਗਈ। ਇਸ ਸਮਾਗਮ ਵਿਚ ਭਟਨੂਰਾ ਪਰਿਵਾਰ ਵੱਲੋਂ ਵਿਸ਼ੇਸ਼ ਭੂਮਿਕਾ ਨਿਭਾਈ ਗਈ।

# ਖ਼ਾਲਸਾ ਕੇਅਰ ਫਾਊਂਡੇਸ਼ਨ ਨੇ 350ਵਾਂ ਪ੍ਰਕਾਸ਼ ਪੁਰਬ ਮਨਾਇਆ





ਪੈਕੋਈਮਾ/ਬਿਊਰੋ ਨਿਊਜ਼ : ਖ਼ਾਲਸਾ ਕੇਅਰ ਫਾਉਂਡੇਸ਼ਨ (ਕੇ.ਸੀ.ਐਫ.) ਨੇ ਇਥੋਂ ਦੇ ਕੇ.ਸੀ.ਐਫ. ਗੁਰਦੁਆਰਾ ਸਾਹਿਬ ਵਿਖੇ ਨਵੇਂ ਵਰ੍ਹੇ ਦੀ ਆਮਦ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸਮਾਗਮ ਕਰਵਾਇਆ। ਇਸ ਮੌਕੇ ਦੂਰੋਂ-ਨੇੜਿਓਂ ਸੰਗਤਾਂ ਨੇ ਹਾਜ਼ਰੀ ਭਰੀ। ਸਮਾਗਮ ਦੀ ਸ਼ੁਰੂਆਤ 30 ਦਸੰਬਰ ਤੋਂ ਹੀ ਹੋ ਗਈ ਸੀ ਅਤੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਲਈ ਸੰਗਤ ਗੁਰਦੁਆਰਾ ਸਾਹਿਬ ਵਿਖੇ ਇਕੱਤਰ ਹੋਈ। ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਨਵੇਂ ਵਰ੍ਹੇ ਦਾ ਸਵਾਗਤ ਕੀਤਾ। ਇਸ ਮੌਕੇ ਭਾਈ ਵਰਿੰਦਰ ਸਿੰਘ ਅਤੇ ਜਥੇ ਵਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਕਥਾ ਵਾਚਕ ਸ. ਹਰਨਾਮ ਸਿੰਘ ਜੀ ਖ਼ਾਲਸਾ, ਬੰਗਲਾ ਸਾਹਿਬ ਵਾਲੇ ਅਤੇ ਭਾਈ ਗੁਰਪ੍ਰੀਤ ਸਿੰਘ ਬਲਰਵਾਲ ਅਤੇ ਜਥੇ ਦੇ ਕੀਰਤਨ ਨੇ ਸੰਗਤ ਨੂੰ ਗੁਰੂ ਦੀ ਬਾਣੀ ਨਾਲ ਜੋੜੀ ਰੱਖਿਆ। ਐਤਵਾਰ ਨੂੰ ਇਹ ਸਮਾਗਮ ਆਪਣੇ ਸਿਖ਼ਰ 'ਤੇ ਸੀ ਅਤੇ ਪੰਜ ਪਿਆਰਿਆਂ ਦੇ ਦਰਬਾਰ ਹਾਲ ਵਿਚ ਆਉਂਦਿਆਂ ਹੀ ਸੰਗਤ ਨੇ ਜੈਕਾਰੇ ਛੱਡੇ। ਬੱਚਿਆਂ ਦੇ ਗਰੁੱਪ ਨੇ ਵੀ ਰਵਾਇਤੀ ਰੂਪ ਵਿਚ ਸਾਜਾਂ ਨਾਲ ਕੀਰਤਨ ਕੀਤਾ। ਸੇਵਾਦਾਰਾਂ ਨੇ ਇਹ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਸੇਵਾ ਵਿਚ ਕਿਤੇ ਵੀ ਕੋਈ ਕਮੀ ਨਾ ਰਹੇ। ਸੰਗਤਾਂ ਲਈ ਚਨਾ-ਭਟੂਰਾ, ਜਲੇਬੀਆਂ, ਚਾਟ ਅਤੇ ਹੋਰ ਕਈ ਤਰ੍ਹਾਂ ਦੇ ਪਕਵਾਨਾਂ ਦਾ ਲੰਗਰ ਤਿਆਰ ਕੀਤਾ ਗਿਆ ਸੀ। ਸੰਗਤ ਨੂੰ ਗਰਮ-ਗਰਮ ਚਾਹ ਨਾਲ ਲੰਗਰ ਛਕਾਇਆ ਗਿਆ। ਸੇਵਾਦਾਰਾਂ ਨੇ ਬਿਨਾਂ ਰੁਕਿਆਂ ਲੰਗਰ ਦੀ ਸੇਵਾ ਕੀਤੀ ਤੇ ਹਰ ਕਿਸੇ ਲਈ ਇਹ ਚੋਣ ਕਰਨਾ ਮੁਸ਼ਕਲ ਸੀ ਕਿ ਉਹ ਕੀ ਖਾਵੇ ਤੇ ਕੀ ਨਾ ਖਾਵੇ। ਇਥੋਂ ਤਕ ਕਿ ਪੀਜ਼ਾ ਤੇ ਸੈਂਡਵਿਚ ਦਾ ਵੀ ਪ੍ਰਬੰਧ ਕੀਤਾ ਗਿਆ। ਗੁਰਦੁਆਰਾ ਸਾਹਿਬ ਅਤੇ ਦਰਬਾਰ ਹਾਲ ਦੀ ਬਹੁਤ ਖ਼ੂਬਸੂਰਤ ਸਜਾਵਟ ਕੀਤੀ ਗਈ। ਰੰਗ-ਬਿਰੰਗੇ ਗੁਬਾਰਿਆਂ ਨਾਲ ਹਾਲ ਪੂਰੀ ਤਰ੍ਹਾਂ ਸਜਿਆ ਹੋਇਆ ਸੀ।

# ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਨੇ ਮਨਾਇਆ ਪ੍ਰਕਾਸ਼ ਦਿਹਾੜਾ

ਮੈਰੀਲੈਂਡ/ਬਿਊਰੋ ਨਿਊਜ਼ :

ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਗੁਰਦੁਆਰਾ, ਰੌਕਵਿਲੇ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਮੌਕੇ ਸਾਬਕਾ ਪੈਂਟਾਗਨ ਅਧਿਕਾਰੀ ਅਤੇ ਰਾਸ਼ਟਰਪਤੀ ਦੇ ਐਡਵਾਈਜ਼ਰੀ ਕਮਿਸ਼ਨ ਦੇ ਮੈਂਬਰ ਰਹਿ ਚੁੱਕੇ ਰਵੀ ਚੌਧਰੀ ਨੇ ਵੀ ਸ਼ਿਰਕਤ ਕੀਤੀ। ਰਵੀ ਚੌਧਰੀ ਨੇ ਪੈਂਟਾਗਨ ਵਲੋਂ ਅਮਰੀਕੀ ਫ਼ੌਜ ਵਿਚ ਸਿੱਖਾਂ ਨੂੰ ਦਸਤਾਰ ਸਜਾਉਣ ਤੇ ਦਾੜ੍ਹੀ ਰੱਖਣ ਦੀ ਮਨਜ਼ੂਰੀ ਦੇਣ ਦੀ ਸ਼ਲਾਘਾ ਕੀਤੀ। ਫਾਉਂਡੇਸ਼ਨ ਦੇ ਸਕੱਤਰ ਅਤੇ ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਕਿਹਾ ਕਿ ਅਮਰੀਕਾ ਵਿਚ ਸਿੱਖਾਂ ਲਈ ਇਹ ਇਤਿਹਾਸਕ ਦਿਹਾੜਾ ਹੈ। ਸਿੱਖ ਲੰਬੇ ਸਮੇਂ



ਤੋਂ ਆਪਣੇ ਧਾਰਮਿਕ ਚਿੰਨ੍ਹ ਪਹਿਨਣ ਦੀ ਮੰਗ ਕਰਦੇ ਆ ਰਹੇ ਸਨ ਤੇ ਆਖ਼ਰ ਉਨ੍ਹਾਂ ਦੀ ਇਹ ਮੰਗ ਪੂਰੀ ਹੋ ਗਈ ਹੈ। ਉਨ੍ਹਾਂ ਇਸ ਲਈ ਰਾਸ਼ਟਰਪਤੀ ਬਰਾਕ ਓਬਾਮਾ ਦਾ ਧੰਨਵਾਦ ਕੀਤਾ। ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਦੇ ਚੇਅਰਮੈਨ ਸਰਬਜੀਤ ਸਿੰਘ ਸਿੱਧੂ ਨੇ ਮਹਿਮਾਨਾਂ ਦਾ ਸਨਮਾਨ ਕੀਤਾ। ਇਸ ਮੌਕੇ ਸਾਬਕਾ ਲੈਜੀਸਲੇਟਿਵ ਫੈਲੋ ਗੁਰਪ੍ਰੀਤ ਸਿੰਘ ਭਾਟੀਆ, ਨੈਸ਼ਨਲ ਸਕਿਊਰਿਟੀ ਕੌਂਸਲ ਅਧਿਕਾਰੀ ਦਿਲਪ੍ਰੀਤ ਕੌਰ ਸਿੱਧੂ ਅਤੇ ਮਨਜੀਤ ਸਿੰਘ ਨੇ ਵੀ ਸ਼ਿਰਕਤ ਕੀਤੀ।

# ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਖੇ 350ਵਾਂ ਪ੍ਰਕਾਸ਼ ਪੁਰਬ ਮਨਾਇਆ

## *ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਲਾਸੀਉ ਸਮੇਤ ਹੋਰ ਅਧਿਕਾਰੀ ਵੀ ਪਹੁੰਚੇ*

**ਨਿਊਯਾਰਕ/ਬਿਊਰੋ ਨਿਊਜ਼**

ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਬਹੁਤ ਹੀ ਉਤਸ਼ਾਹ ਭਰਪੂਰ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਟਰਾਈ ਸਟੇਟ ਦੇ ਕੇਂਦਰੀ ਸਥਾਨ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਚ ਵੀ ਪ੍ਰਕਾਸ਼ ਪੁਰਬ ਦੇ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਸਨ। 15 ਜਨਵਰੀ ਦੇ ਵਿਸ਼ੇਸ਼ ਦੀਵਾਨ ਜੋ ਕੀ ਰਾਤ 12:00 ਵਜੇ ਤੱਕ ਸਨ, ਵਿਚ ਨਾਮਵਾਰ ਰਾਗੀ ਭਾਈ ਦਵਿੰਦਰ ਸਿੰਘ ਸੋਢੀ, ਭਾਈ ਅਵਤਾਰ ਸਿੰਘ ਬੇਦਲਾਂ ਵਾਲੇ ਅਤੇ ਸਿੱਖ ਕੌਮ ਦੇ ਮਹਾਨ ਕਥਾਵਾਚਕ ਭਾਈ ਧਰਮਵੀਰ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਇਸ ਵਿਸ਼ੇਸ਼ ਦੀਵਾਨ ਵਿਚ ਹਾਜ਼ਰੀ ਭਰੀ। ਉਹ ਇਕ ਮਹੀਨੇ ਤੋਂ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਲੜੀਵਾਰ ਜੀਵਨ ਇਤਿਹਾਸ ਸੁਣਾ ਕੇ ਨਿਹਾਲ ਕਰ ਰਹੇ ਸਨ। ਮੀਡੀਆ ਚੇਅਰਮੈਨ ਸੁਖਜਿੰਦਰ ਸਿੰਘ ਨਿੱਝਰ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਨਿਊਯਾਰਕ ਸਿਟੀ ਦੇ ਮੇਅਰ ਬਿਲ ਡੀ ਬਲਾਸੀਉਂ ਨੇ ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਪਹੁੰਚ ਕੇ ਸਮੂਹ ਸਿੱਖ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਤੇ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਨਾਲ ਨਿਊਯਾਰਕ ਸਟੇਟ ਦੇ ਅਸੈਂਬਲੀਮੈਨ ਡੈਵਿਡ ਵੈਪਰਿਨ, ਸਟੇਟ ਕਾਂਗਰਸਮੈਨ ਜੋਮਸ ਸੈਂਡਰਸ ਵੀ ਵਿਸ਼ੇਸ਼ ਤੌਰ ਤੇ ਪਹੁੰਚੇ। ਨਿਊਯਾਰਕ ਪੁਲਿਸ ਦੇ ਕਈ ਸਿੱਖ ਪੁਲਿਸ ਅਫ਼ਸਰ ਵੀ ਉਨ੍ਹਾਂ ਦੇ ਨਾਲ ਇੱਥੇ ਪਹੁੰਚੇ ਸਨ। ਉਨ੍ਹਾਂ ਨਿਊਯਾਰਕ ਪੁਲਿਸ ਦੇ ਸਿੱਖ ਪੁਲਿਸ ਅਫ਼ਸਰਾਂ ਨੂੰ ਦਸਤਾਰ ਸਜਾ ਕੇ ਅਤੇ ਦਾੜੀ ਰੱਖ ਕੇ ਨਿਊਯਾਰਕ ਪੁਲਿਸ ਵਿਚ ਭਰਤੀ ਹੋਣ ਦੀ ਇਜ਼ਾਜਤ ਦੇ ਕੇ ਨਾ ਕਿ ਸਿਰਫ਼ ਅਮਰੀਕਾ ਵਿਚ, ਬਲਕਿ ਪੂਰੀ ਦੁਨੀਆਂ ਵਿਚ ਸਿੱਖਾਂ ਦਾ ਕਈ ਗੁਣਾਂ ਮਾਣ ਵਧਾ ਦਿੱਤਾ। ਵਰਨਣਯੋਗ ਹੈ ਕਿ 150 ਦੇ ਕਰੀਬ ਸਿੱਖ ਪੁਲਿਸ ਅਫ਼ਸਰ ਨਿਊਯਾਰਕ ਪੁਲਿਸ ਵਿਚ ਆਪਣੀ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਨੇ ਵੱਧ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਪੁਲਿਸ ਵਿਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ।



# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਦੀਵਾਨ 13 ਜਨਵਰੀ ਸ਼ੁਕਰਵਾਰ ਸ਼ਾਮੀ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇਥੋਂ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਇਤਿਹਾਸਕ ਫੈਸਲਾ ਲਿਆ ਹੈ ਕਿ ਉਹ ਸਿੱਖ ਕੌਮ ਨਾਲ ਸਬੰਧਤ ਹਰ ਦਿਹਾੜਾ ਵਿਸ਼ੇਸ਼ ਤੌਰ ਉੱਤੇ ਅਤੇ ਐਤਵਾਰ ਦੇ ਹਫ਼ਤਾਵਾਰੀ ਦੀਵਾਨ ਵਿਚ ਮਨਾਏ ਜਾਇਆ ਕਰਨਗੇ। ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਇਨ੍ਹਾਂ ਵਿਸ਼ੇਸ਼ ਸਮਾਗਮ ਵਿਚ ਗੁਰੂਘਰ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਪ੍ਰਬੰਧਕਾਂ ਵੱਲੋਂ ਇਹ ਸੁਲਾਉਣ ਯੋਗ ਉਪਰਾਲਾ ਹੈ। ਇਸ ਨਾਲ ਸੰਗਤਾਂ ਗੁਰੂ ਘਰ ਨਾਲ ਹੋਰ ਜੁੜਨਗੀਆਂ ਤੇ ਸੰਗਤਾਂ ਹਰ ਰੋਜ਼ ਗੁਰੂ ਘਰ ਆਉਣਗੀਆਂ। ਗੁਰੂ ਘਰ ਦੇ ਮੁੱਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ ਨੇ ਦਸਿਆ ਕਿ 13 ਜਨਵਰੀ ਸ਼ੁਕਰਵਾਰ ਨੂੰ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜੋ ਕਿ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਹੋਣਗੇ ਜਿਨ੍ਹਾਂ ਮੁਕਤਸਰ ਦੀ ਧਰਤੀ ਤੇ ਸ਼ਹੀਦੀਆਂ ਦੇ ਕੇ ਗੁਰੂ ਸਾਹਿਬ ਨਾਲ ਟੁੱਟੀ ਗੰਢੀ ਸੀ। ਇਸ ਵਿਸ਼ੇਸ਼ ਸਮਾਗਮ ਵਿਚ ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਸਿੱਖ ਇਤਿਹਾਸ ਸਰਵਣ ਕਰਵਾਉਣਗੇ। ਗੁਰੂ ਘਰ ਦਾ ਕੀਰਤਨੀ ਜਥਾ ਭਾਈ ਰਾਜਿੰਦਰ ਸਿੰਘ ਜਲੰਧਰ ਵਾਲੇ ਕੀਰਤਨ ਰਾਹੀਂ ਹਾਜ਼ਰੀ ਲਗਵਾਉਣਗੇ। ਭਾਈ ਅਜੀਤ ਸਿੰਘ ਜੱਬਲਪੁਰ ਵਾਲਿਆਂ ਦਾ ਜਥਾ ਵਿਸ਼ੇਸ਼ ਤੌਰ ਤੇ 13 ਤੇ 15 ਜਨਵਰੀ ਨੂੰ ਗੁਰੂਘਰ ਵਿਚ ਹਾਜ਼ਰੀ ਭਰੇਗਾ। ਪ੍ਰਬੰਧਕਾਂ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰੂ ਘਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਸਮਾਗਮਾਂ ਪ੍ਰਤੀ ਜਾਣਕਾਰੀ ਲੈਣ ਲਈ ਗੁਰੂ ਘਰ ਦੇ ਫੋਨ ਨੰਬਰ ਤੇ 847-858-1117, ਮੁਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ 630-217-2478 ਅਤੇ ਧਾਰਮਿਕ ਸਕੱਤਰ ਹਰਜੀਤ ਸਿੰਘ ਗਿੱਲ ਨਾਲ 847-833-5340 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀ ਖੁਸ਼ੀ 'ਚ ਸ੍ਰੀ ਆਖੰਡ ਪਾਠ ਸਾਹਿਬ ਦੀ ਲੜੀ

**ਸੈਕਰਾਮੈਂਟੋ/ਬਿਊਰੋ ਨਿਊਜ਼:** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਸੰਗਤਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋਈ। 29 ਦਸੰਬਰ 2016 ਨੂੰ ਸ੍ਰੀ ਸੁਖਰਾਮ ਚੰਦੜ ਜੀ ਦੇ ਪਰਿਵਾਰ ਵਲੋਂ ਆਖੰਡ ਪਾਠ ਆਰੰਭ ਕਰਾਇਆ ਗਿਆ ਅਤੇ 31 ਦਸੰਬਰ ਨੂੰ ਸ੍ਰੀ ਆਖੰਡ ਪਾਠ ਜੀ ਦੇ ਭੋਗ ਪਾਏ ਗਏ। 30 ਦਸੰਬਰ ਨੂੰ ਸ੍ਰੀ ਬਲਵਿੰਦਰ ਰੱਲ ਬੀਬੀ ਬਲਜੀਤ ਕੌਰ ਦੇ ਪਰਿਵਾਰ ਵੱਲੋਂ ਸ੍ਰੀ ਆਖੰਡ ਪਾਠ ਆਰੰਭ ਕਰਵਾਏ ਗਏ। 31 ਦਸੰਬਰ ਨੂੰ ਰਾਤ ਨੂੰ ਗੁਰੂ ਘਰ ਵਿਖੇ ਰਾਤ ਦੇ 8:00 ਵਜੇ ਤੋਂ ਨਵਾਂ ਸਾਲ ਚੜ੍ਹਨ ਤੱਕ 1.30 ਵਜੇ ਤੱਕ ਕੀਰਤਨ ਦਰਬਾਰ ਸਜਾਏ ਗਏ। ਜਿਸ ਵਿਚ ਭਾਈ ਜਸਪਾਲ ਸਿੰਘ ਜੀ ਭਾਈ ਨਿਰਮਲ ਸਿੰਘ, ਭਾਈ ਅਮਰਜੀਤ ਸਿੰਘ ਜੀ ਭਾਈ ਜਸਪਾਲ ਸਿੰਘ ਜੀ ਦੇ ਬੱਚੇ ਬੇਟਾ ਪ੍ਰਭਜੀਤ ਸਿੰਘ, ਬੇਟੀ ਗੁਰਕਿਰਨ ਕੌਰ ਨੇ ਕੀਰਤਨ ਨਾਲ ਨਿਹਾਲ ਕੀਤਾ। ਪਿਟਸ ਬਰਗ ਤੋਂ ਭਾਈ ਹਰਜਿੰਦਰ ਸਿੰਘ ਰਸੀਆ ਜੀ ਦੇ ਜਥੇ ਨੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਨਾਲ ਨਿਹਾਲ ਕੀਤਾ। ਪੰਥ ਪ੍ਰਸਿੱਧ ਕਥਾ ਵਾਚਕ, ਭਾਈ ਸਾਹਿਬ ਭਾਈ ਬਲਜੀਤ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ ਸਾਹਿਬਜ਼ਦਿਆਂ ਦੀਆਂ ਸ਼ਹੀਦੀਆਂ ਬਾਰੇ ਸਿੱਖ ਇਤਿਹਾਸ ਬਾਰੇ ਵਿਸਥਾਰ ਸਾਹਿਬ ਜਾਣੂ ਕਰਾਇਆ ਲੰਗਰਾਂ ਦੀ ਸੇਵਾ ਸ੍ਰੀ ਸੁਖਰਾਮ ਚੰਦੜ ਅਤੇ ਸ੍ਰੀ ਬਲਵਿੰਦਰ ਰੱਲ ਗੁਰੂ ਘਰ ਦੇ ਚੇਅਰਮੈਨ ਦੇ ਪਰਿਵਾਰ ਵੱਲੋਂ ਕੀਤੀ ਗਈ। ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਦੇ ਪੀ ਆਰ ਓ ਦੀਪਕ ਸਰੋਆ ਵਲੋਂ ਲਿਖਤੀ ਤੌਰ ਉੱਤੇ ਦਿੱਤੀ ਜਾਣਕਾਰੀ ਅਨੁਸਾਰ 1 ਜਨਵਰੀ 2017 ਐਤਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਖੰਡ ਪਾਠ ਦੇ ਭੋਗ ਪਾਏ ਗਏ। ਭਾਈ ਜਸਪਾਲ ਸਿੰਘ ਜੀ ਭਾਈ ਨਿਰਮਲ ਸਿੰਘ ਭਾਗਈ ਦਲਜੀਤ ਸਿੰਘ ਜੀ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇੰਗਲੈਂਡ ਤੋਂ ਪ੍ਰਸਿੱਧ ਕੀਰਤਨੀ ਜਥਾ ਭਾਈ ਜਸਬੀਰ ਸਿੰਘ ਖਾਲਸਾ ਜੀ ਦੇ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੇ ਸੇਵਾਦਾਰ ਭਾਈ ਰਮੇਸ਼ ਬੰਗੜ ਜੀ ਸ੍ਰੀ ਰਾਜ ਸ਼ੂਦ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਸੰਗਤਾਂ ਨੇ ਤਨ, ਮਨ ਅਤੇ ਧਨ ਨਾਲ ਸਹਿਯੋਗ ਦੇਣ ਦੀ ਬੇਨਤੀ ਕੀਤੀ।

ਸ੍ਰੀ ਆਖੰਡ ਪਾਠ ਦੀ ਲੜੀ ਦੇ ਤਹਿਤ ਸ੍ਰੀ ਆਗਿਆ ਰਾਮ ਚੰਦੜ ਅਤੇ ਪਰਿਵਾਰ ਵੱਲੋਂ ਸ਼ੁਕਰਵਾਰ 6 ਜਨਵਰੀ ਨੂੰ ਸ੍ਰੀ ਆਖੰਡ ਪਾਠ ਆਰੰਭ ਕਰਾਏ ਗਏ ਜਿਨ੍ਹਾਂ ਦੇ ਭੋਗ 8 ਜਨਵਰੀ ਨੂੰ ਪਾਏ ਗਏ। ਭਾਈ ਜਸਪਾਲ ਸਿੰਘ ਜੀ ਦੇ ਜਥੇ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਸ੍ਰੀ ਰਮੇਸ਼ ਬੰਗੜ ਜੀ ਵੱਲੋਂ ਸੰਗਤਾਂ ਨੂੰ ਜਾਣੂ ਕਰਾਇਆ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ 15 ਜਨਵਰੀ ਨੂੰ ਮਨਾਇਆ ਜਾਵੇਗਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵਲੋਂ 13 ਜਨਵਰੀ ਸ਼ੁਕਰਵਾਰ ਨੂੰ ਸ੍ਰੀ ਆਖੰਡ ਪਾਠ ਆਰੰਭ ਕਰਾਏ ਜਾਣਗੇ ਅਤੇ 15 ਜਨਵਰੀ 2017 ਨੂੰ ਭੋਗ ਪਾਏ ਜਾਣਗੇ। ਗੁਰੂ ਘਰ ਦੇ ਸੇਵਾਦਾਰ ਭਾਈ ਜਸਪਾਲ ਸਿੰਘ ਜੀ ਵੱਲੋਂ ਆਰੰਭ ਕੀਤੇ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ। ਪ੍ਰਸਿੱਧ ਕੀਰਤਨ ਜਥੇ ਅਤੇ ਪ੍ਰਚਾਰਕ ਸੰਗਤਾਂ ਨਾਲ ਸਾਂਝ ਪਾਉਣਗੇ.


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਦਸਵਾਂ)**

# ਰੱਤ ਕਾ ਕੁੰਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਦਾਦਾ ਨਗਰ

31 ਅਕਤੂਬਰ 1984 ਸਾਢੇ ਤਿੰਨ ਵਜੇ ਕਾਲੋਨੀ ਵਿਚ ਭੀੜ ਇਕੱਠੀ ਹੋ ਗਈ। ਉਸ ਵਿਚ ਉਥੋਂ ਦੇ ਰਹਿਣ ਵਾਲੇ, ਫੈਕਟਰੀਆਂ ਵਿਚ ਕੰਮ ਕਰਨ ਵਾਲੇ ਤੇ ਝੁੱਗੀਆਂ ਵਾਲੇ ਲੋਕ ਸਨ, ਜਿਨ੍ਹਾਂ ਨੂੰ ਸਥਾਨਕ ਕਾਂਗਰਸ ਆਈ ਨੇਤਾ ਤੇ ਪੁਲੀਸ ਵਾਲੇ ਉਕਸਾ ਰਹੇ ਸਨ।

ਸਾਢੇ ਤਿੰਨ ਵਜੇ ਭੀੜ ਨੇ ਗੁਰਦੁਆਰਾ ਲੁੱਟ ਕੇ ਅੱਗ ਲਾ ਦਿੱਤੀ। ਗ੍ਰੰਥੀ ਸਾਹਿਬ ਨੂੰ ਮਾਰ ਮਾਰ ਕੇ ਜ਼ਖ਼ਮੀ ਕਰ ਦਿੱਤਾ। ਰਾਤੀਂ ਸਾਢੇ ਅੱਠ ਵਜੇ ਲੁੱਟਮਾਰ ਸ਼ੁਰੂ ਹੋ ਗਈ। ਸੱਤਰ ਘਰ ਲੁੱਟੇ ਗਏ। ਜਸਬੀਰ ਸਿੰਘ 'ਜੱਸੀ' ਜੋ ਕਾਂਗਰਸ ਆਈ ਦਾ ਵਰਕਰ ਸੀ, ਉਸ ਨੂੰ ਚੌਕੀ ਇੰਚਾਰਜ ਨੇ ਆਪ ਮਾਰਿਆ। ਉਸ ਦੀ ਨਵੀਂ ਵਿਆਹੀ ਵਹੁਟੀ ਨੇ ਇਕ ਨਾਲ ਲਗਦੀ ਝੁੱਗੀ ਵਿਚ ਲੁਕ ਕੇ ਇੱਜ਼ਤ ਤੇ ਜਾਨ ਬਚਾਈ। ਬਲਵਈਆਂ ਦੇ ਜਾਣ ਪਿੱਛੋਂ ਉਹ ਹਨੇਰੇ ਵਿਚ ਇਕੱਲੀ ਆਪਣੇ ਪਤੀ ਨੂੰ ਲੱਭਦੀ ਫਿਰੀ। ਰਾਤੀਂ ਡੇਢ ਵਜੇ ਉਸ ਨੂੰ ਪੁਲ ਕੋਲ ਆਪਣੇ ਪਤੀ ਜੱਸੀ ਦੀ ਲਾਸ਼ ਮਿਲੀ। ਉਹ ਇੱਕੀ ਸਾਲ ਦੀ ਨੌਜਵਾਨ ਲੜਕੀ ਲਾਸ਼ 'ਤੇ ਡਿੱਗ ਕੇ ਵਿਰਲਾਪ ਕਰਨ ਲੱਗੀ। ਏਨੇ ਨੂੰ ਪੁਲੀਸ ਦੀ ਜੀਪ ਆਈ ਤੇ ਕਹਿਣ ਲੱਗੇ ਕਿ ਥਾਣੇ ਚੱਲ, ਪਰ ਉਸ ਨੇ ਲਾਸ਼ ਛੱਡਣੀ ਨਹੀਂ ਮੰਨੀ ਤਾਂ ਉਨ੍ਹਾਂ ਲਾਸ਼ ਵੀ ਗੱਡੀ ਵਿਚ ਰੱਖੀ। ਸਤਵੰਤ ਨੇ ਉਸ ਦਾ ਪੋਸਟਮਾਰਟਮ ਕਰਵਾਇਆ ਤੇ ਪੁਲੀਸ ਦੀ ਮਦਦ ਨਾਲ ਸਸਕਾਰ ਕਰਨ ਪਿੱਛੋਂ ਕੈਂਪ ਵਿਚ ਲਿਆਂਦੀ ਗਈ, ਜਿੱਥੇ ਬਾਅਦ ਵਿਚ ਉਸ ਦੇ ਮਾਂ ਪਿਉ ਮਿਲੇ।

ਪਹਿਲੀ ਨਵੰਬਰ ਸਾਰਾ ਦਿਨ ਤੇ ਰਾਤ ਲੁੱਟਮਾਰ ਜਾਰੀ ਰਹੀ। ਨਗਰ ਮਹਾਪਾਲਿਕਾ ਕਾਲੋਨੀ ਵਿਚ ਜੁਗਿੰਦਰ ਸਿੰਘ, ਉਸ ਦੀ ਪਤਨੀ ਸ਼ੀਲਾਵੰਤੀ ਤੇ ਦੋ ਪੁੱਤਰ ਸਤਨਾਮ ਸਿੰਘ, ਦਲਜੀਤ ਸਿੰਘ ਨੂੰ ਕੁੱਟ ਕੁੱਟ ਕੇ ਰਜ਼ਾਈਆਂ ਵਿਚ ਲਪੇਟ ਕੇ ਤੇ ਮਿੱਟੀ ਦਾ ਤੇਲ ਪਾ ਕੇ ਜਿਉਂਦਿਆਂ ਸਾੜ ਦਿੱਤਾ। ਇਨ੍ਹਾਂ ਦੇ ਘਰ ਵਿਚ ਨਾਂ ਲੈਣ ਵਾਲਾ ਵੀ ਕੋਈ ਨਾ ਬੱਚਿਆ।

10/15 ਵਿਚ ਭਗਤ ਸਿੰਘ ਨੂੰ ਮਾਰ ਮਾਰ ਕੇ ਸਿਰ ਵਿਚ ਜ਼ਖ਼ਮ ਕੀਤੇ ਗਏ, ਉੱਤੇ ਤੇਜ਼ਾਬ ਪਾ ਕੇ ਤੜਫਾਇਆ ਗਿਆ। ਬਾਅਦ ਵਿਚ ਉਸ ਨੂੰ ਆਰਮੀ ਹਸਪਤਾਲ ਵਿਚ ਭਰਤੀ ਕਰਾਇਆ, ਜਿੱਥੇ 9-11-84 ਨੂੰ ਉਸ ਦੀ ਮੌਤ ਹੋ ਗਈ।

10/9, ਦਾਦਾ ਨਗਰ ਵਿਚ ਬਲਵਿੰਦਰ ਸਿੰਘ ਦੇ ਕੇਸ ਕੱਟੇ ਗਏ। ਮਾਰ ਮਾਰ ਕੇ ਲੱਤਾਂ ਤੋੜ ਦਿੱਤੀਆਂ ਗਈਆਂ। ਦੂਸਰੇ ਭਰਾ ਦਾ ਜਬਾੜਾ ਤੋੜ ਦਿੱਤਾ ਤੇ ਪੂਰਾ ਘਰ ਲੁੱਟ ਲਿਆ ਗਿਆ।

28 ਲੋਕ ਨਾਇਕ ਕਾਲੋਨੀ ਵਿਚ ਬਲਦੇਵ ਸਿੰਘ ਤੇ ਉਸ ਦੀ ਪਤਨੀ ਨੂੰ ਹਾਕੀਆਂ, ਡੰਡੇ ਤੇ ਲੋਹੇ ਦੇ ਸਰੀਏ ਨਾਲ ਬਹੁਤ ਮਾਰਿਆ। ਬਲਦੇਵ ਸਿੰਘ ਦਾ ਸਿਰ ਫਟ ਗਿਆ ਤੇ ਬਹੁਤ ਖ਼ੂਨ ਜਾਣ ਨਾਲ ਉਹ ਬੇਹੋਸ਼ ਹੋ ਗਿਆ। ਉਨ੍ਹਾਂ ਨੇ ਉਸ ਦੇ ਵਾਲ ਕੱਟ ਦਿੱਤੇ ਤੇ ਉੱਤੇ ਮੰਜੀ ਦਾ ਵਾਣ ਪਾ ਕੇ ਅੱਗ ਲਾ ਦਿੱਤੀ, ਪਰ ਗੁਆਂਢੀਆਂ ਨੇ ਬਚਾਅ ਲਿਆ। ਉਸ ਦੇ ਹੱਥਾਂ ਦੀਆਂ ਹੱਡੀਆਂ ਉਨ੍ਹਾਂ ਡੰਡੇ ਮਾਰ ਮਾਰ ਤੋੜ ਦਿੱਤੀਆਂ। ਬਲਦੇਵ ਸਿੰਘ ਦੀ ਪਤਨੀ ਨੂੰ ਦੋ ਠੇਡੇ ਲੱਗੇ ਤੇ ਉਹ ਜ਼ਖ਼ਮੀ ਹੋਈ। ਦੋ ਦਿਨਾਂ ਬਾਅਦ ਉਨ੍ਹਾਂ ਦੇ ਪਿਤਾ ਮਿਲਟਰੀ ਨੂੰ ਲੈ ਕੇ ਪਹੁੰਚੇ ਤਾਂ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਨੂੰ ਟਾਂਕੇ ਲੱਗੇ ਤੇ ਪਲਸਤਰ ਚਾੜ੍ਹਿਆ ਗਿਆ। ਦੋ ਮਹੀਨੇ ਹਸਪਤਾਲ ਵਿਚ ਰਹਿਣ ਕਰਕੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਮਦਦ ਤਕ ਨਾ ਮਿਲ ਸਕੀ।

10/9 ਦਾਦਾ ਨਗਰ ਵਿਚ 1 ਤਾਰੀਖ਼ ਦੁਪਹਿਰ ਚਾਰ ਪੰਜ ਸੌ ਦੇ ਹਜੂਮ ਨੇ ਤਰਲੋਚਨ ਸਿੰਘ ਦੇ ਘਰ 'ਤੇ ਹਮਲਾ ਕੀਤਾ ਤੇ ਉਸ ਨੂੰ ਫੜ ਕੇ ਬਾਹਰ ਘਸੀਟ ਲਿਆ। ਇਕ ਬੰਦੇ ਨੇ ਕੈਂਚੀ ਨਾਲ ਦੋਹਾਂ ਭਰਾਵਾਂ ਤੇ ਪਿਤਾ ਦੇ ਵਾਲ ਕੱਟ ਦਿੱਤੇ। ਮੁੱਛਾਂ ਪੁੱਟੀਆਂ ਗਈਆਂ ਤੇ ਬਹੁਤ ਹੀ ਕੁੱਟਿਆ। ਉਨ੍ਹਾਂ ਦੇ ਹੱਥਾਂ ਵਿਚ ਸੱਬਲ, ਡੰਡੇ ਤੇ ਭਾਲੇ ਸਨ। ਤਰਲੋਚਨ ਸਿੰਘ ਦੇ ਜਬਾੜੇ ਦੀ ਹੱਡੀ ਤੋੜ ਦਿੱਤੀ ਤੇ ਸਿਰ ਪਾੜ ਦਿੱਤਾ। ਇਕ ਭਰਾ ਦੇ ਹੱਥ ਦੀਆਂ ਉਂਗਲਾਂ ਤੋੜ ਦਿੱਤੀਆਂ। ਮਾਂ ਦੇ ਸਿਰ ਵਿਚ ਡੰਡਾ ਮਾਰਿਆ ਤੇ ਕੰਨਾਂ ਦੀਆਂ ਵਾਲੀਆਂ ਧੂਹ ਲਈਆਂ। ਪਿਤਾ ਦੇ ਸਿਰ ਵਿਚ ਡੰਡਾ ਮਾਰ ਕੇ ਸਾਰਾ ਘਰ ਲੁੱਟ ਕੇ ਲੈ ਗਏ। ਗਵਾਂਢੀ ਜੋ ਉਤਲੀ ਮੰਜ਼ਲ 'ਤੇ ਰਹਿੰਦੇ ਸਨ ਨਹੀਂ, ਬਚਾਇਆ ਪਰ ਸਾੜਨ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੂੰ ਆਪਣੇ ਘਰ ਵਿਚ ਅੱਗ ਲਗਣ ਦਾ ਖ਼ਤਰਾ ਸੀ। ਦੂਜੀ ਵਾਰ ਸ਼ਾਮੀਂ ਫਿਰ ਹਮਲਾ ਕੀਤਾ ਗਿਆ। ਉਨ੍ਹਾਂ ਦੇ ਹੱਥਾਂ ਵਿਚ ਕੈਂਚੀਆਂ, ਸਿਗਰਟਾਂ, ਤੇਜ਼ਾਬ ਦੀਆਂ ਬੋਤਲਾਂ ਤੇ ਹਥਿਆਰ ਸਨ। ਸਭ ਨੂੰ ਜ਼ਬਰਦਸਤੀ ਸਿਗਰਟਾਂ ਪੀਣ ਲਈ ਕਿਹਾ ਗਿਆ... ਜਾਚ ਨਾ ਹੋਣ ਕਰਕੇ ਧੂੰਆਂ ਨਹੀਂ ਸੀ ਨਿਕਲਦਾ ਤਾਂ ਭਾਲਿਆਂ ਨਾਲ ਚੋਭਾਂ ਦਿੰਦੇ ਸਨ ਕਿ 'ਸਾਲੇ ਐਕਟਿੰਗ ਕਰਤੇ ਹੋ ?' ਦਾਦਾ ਨਗਰ ਵਿਚ ਛੇ ਮੌਤਾਂ ਹੋਈਆਂ।

ਬਾਬੂ ਪੁਰਵਾ- ਕਿਦਵਈ ਨਗਰ

ਕਮਲ ਕਿਸ਼ੋਰ ਸ਼੍ਰਮਿਕ 254/1, ਬਾਬੂ ਪੁਰਵਾ ਜੋ ਕਿ ਇਕ ਲੇਖਕ ਤੇ ਕਵੀ ਹੈ, ਨੇ ਆਪਣੀ ਅੱਖੀਂ ਵੇਖਿਆ ਦਸਿਆ। ਗੱਲ ਕਰਦਿਆਂ ਹਾਲੀਂ ਵੀ ਉਹਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਤੇ ਅੱਖਾਂ ਵਿਚ ਖ਼ੂਨ ਉਤਰ ਆਉਂਦਾ ਹੈ।




"ਪਹਿਲੀ ਨਵੰਬਰ 1984 ਨੂੰ ਸਵੇਰੇ ਬਾਬੂ ਪੁਰਵਾ ਤੇ ਕਿਦਵਈ ਨਗਰ ਵਿਚ ਲੁੱਟ ਦੀਆਂ ਵਾਰਦਾਤਾਂ ਹੋਈਆਂ ਤੇ ਕਿਧਰੇ ਕਿਧਰੇ ਸਿੱਖਾਂ ਨੂੰ ਫੜ ਕੇ ਪੱਗਾਂ ਲਾਹ ਲਈਆਂ ਤੇ ਮਾਰਿਆ ਕੁੱਟਿਆ, ਪਰ ਜਾਨ ਤੋਂ ਕਿਸੇ ਨੂੰ ਨਹੀਂ ਮਾਰਿਆ ਗਿਆ। ਬਾਬੂ ਪੁਰਵਾ ਲੇਬਰ ਸੈਂਟਰ ਮੈਂ ਸਵੇਰੇ ਚਾਹ ਪੀਣ ਗਿਆ ਤਾਂ ਉਥੇ ਬਹੁਤ ਸਾਰੇ ਗੁੰਡੇ ਕਿਸਮ ਦੇ ਮੁੰਡੇ ਬੈਠੇ ਸਨ, ਜੋ ਉਸ ਇਲਾਕੇ ਦੇ ਹੀ ਸਨ। ਐਨੇ ਵਿਚ ਬਾਬੂ ਪੁਰਵਾ ਚੌਕੀ ਇੰਚਾਰਜ ਮੋਟਰ ਸਾਈਕਲ 'ਤੇ ਆਉਂਦਾ ਦਿੱਸਿਆ, ਜਿਸ ਨੂੰ ਵੇਖਦਿਆਂ ਹੀ ਗੁੰਡੇ ਲੁਕਣ ਲਈ ਦੌੜੇ, ਪਰ ਉਸ ਦੂਰੋਂ ਹੀ ਆਵਾਜ਼ ਦਿੱਤੀ ਕਿ "ਮੈਂ ਤੁਹਾਨੂੰ ਫੜਨ ਨਹੀਂ ਆਇਆ ਸਗੋਂ ਦਸਣ ਆਇਆ ਹਾਂ ਕਿ ਪੰਜ ਨੰਬਰ ਗੁਮਟੀ ਤੋਂ ਕਈ ਸਿੱਖ ਨੰਗੀਆਂ ਕਿਰਪਾਨਾਂ ਲੈ ਕੇ ਇੱਧਰ ਆਏ ਹਨ ਤੇ ਤੁਸੀਂ ਐਂਜ ਲੁਕੇ ਬੈਠੇ ਹੋ ?' ਉਸ ਨੇ ਕਈ ਤਰ੍ਹਾਂ ਦੀਆਂ ਭੜਕਾਊ ਗੱਲਾਂ ਉਨ੍ਹਾਂ ਨਾਲ ਕੀਤੀਆਂ ਤੇ ਵਾਪਸ ਚਲਾ ਗਿਆ।

ਸਾਡੇ ਗੁਆਂਢ ਜਸਵੰਤ ਸਿੰਘ ਜੋ ਖਾਲਸਾ ਇੰਟਰ ਕਾਲਜ ਗੋਬਿੰਦ ਨਗਰ ਦੇ ਪ੍ਰਿੰਸੀਪਲ ਸਨ, ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਪਰਿਵਾਰ ਵਿਚ ਉਨ੍ਹਾਂ ਦੇ ਪਿਤਾ ਦਲੀਪ ਸਿੰਘ ਤੇ ਮਾਤਾ ਅਮਰਜੀਤ ਕੌਰ। ਉਨ੍ਹਾਂ ਦੀ ਪਤਨੀ ਮਨਜੀਤ, ਦੋ ਲੜਕੀਆਂ, ਇਕ ਲੜਕਾ, ਛੋਟਾ ਭਰਾ ਰਣਜੀਤ ਸਿੰਘ ਰੰਧਾਵਾ ਜੋ ਕ੍ਰਿਕਟ ਦਾ ਬਹੁਤ ਚੰਗਾ ਖਿਡਾਰੀ ਸੀ ਤੇ ਚਾਰ ਮਹੀਨੇ ਪਹਿਲਾਂ ਉਹਦਾ ਵਿਆਹ ਸੁਰਿੰਦਰ ਕੌਰ ਨਾਲ ਹੋਇਆ ਸੀ, ਵੀ ਘਰ ਹੀ ਸਨ। ਇਨ੍ਹਾਂ ਕੋਲ ਇਕ ਲਾਇਸੈਂਸੀ ਬੰਦੂਕ, ਇਕ ਪਿਸਤੌਲ ਤੇ ਬਹੁਤ ਸਾਰੇ ਕਾਰਤੂਸ ਵੀ ਸਨ।


ਤਾਰਨ ਗੁਜਰਾਲ
ਫ਼ੋਨ 98557-19660

31 ਤਾਰੀਖ਼ ਸ਼ਾਮੀ ਭੀੜ ਨੇ ਉਨ੍ਹਾਂ ਦੇ ਘਰ ਵੜ ਕੇ ਲੁੱਟਮਾਰ ਤੇ ਅਗਜ਼ਨੀ ਕਰਨੀ ਚਾਹੀ ਕਿਉਂਕਿ ਸਭ ਨੂੰ ਪਤਾ ਸੀ ਕਿ ਉਨ੍ਹਾਂ ਕੋਲ ਬਹੁਤ ਮਾਲ ਹੈ।

ਇਹ ਪਰਿਵਾਰ ਕਈ ਸਾਲਾਂ ਤੋਂ ਏਥੇ ਰਹਿ ਰਿਹਾ ਸੀ। ਆਂਢ-ਗਵਾਂਢ ਦੇ ਹਿੰਦੂਆਂ ਨਾਲ ਇਨ੍ਹਾਂ ਦਾ ਵਿਹਾਰ ਬਹੁਤ ਚੰਗਾ ਸੀ, ਇਹ ਹਰ ਇਕ ਦੇ ਦੁੱਖ ਸੁੱਖ ਵਿਚ ਸ਼ਾਮਲ ਹੁੰਦੇ ਸਨ ਤੇ ਹਮੇਸ਼ਾਂ ਸਭ ਦੀ ਮਦਦ ਕਰਦੇ ਸਨ। ਲੋਕੀਂ ਇਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ। ਜਦੋਂ ਭੀੜ ਆਈ ਤਾਂ ਆਂਢ-ਗਵਾਂਢ ਨੇ ਕਿਸੇ ਤਰ੍ਹਾਂ ਟਾਲ ਦਿੱਤਾ ਤੇ ਉਹ ਚਲੀ ਗਈ। ਕੁਝ ਹਿੰਦੂ ਗਵਾਂਢੀਆਂ ਨੇ ਪੁਲੀਸ ਨੂੰ ਇਤਲਾਹ ਦਿੱਤੀ, ਨਾਲੇ ਇਨ੍ਹਾਂ ਨੂੰ ਸਲਾਹ ਵੀ ਦਿੱਤੀ ਕਿ ਘਰ ਛੱਡ ਕੇ ਥਾਣੇ ਵਿਚ ਪਨਾਹ ਲੈ ਲੈਣ, ਪਰ ਰੰਧਾਵਾ ਨੇ ਕਿਹਾ ਕਿ ਮੇਰੇ ਕੋਲ ਬੰਦੂਕ ਹੈ ਨਾ, ਅਸੀਂ ਆਪਣਾ ਬਚਾਅ ਕਰ ਲਵਾਂਗੇ, ਨਾਲੇ ਐਸੀ ਕੋਈ ਆਫ਼ਤ ਆਪਣੇ ਮੁਲਕ ਵਿਚ ਨਹੀਂ ਆ ਸਕਦੀ।

ਸ਼ਾਮੀ ਦੇਰ ਨਾਲ ਬਾਬੂ ਪੁਰਵਾ ਦੀ ਪੁਲੀਸ ਸੀ.ਓ.ਡੀ. ਦੇ ਇਕ ਕਰਮਚਾਰੀ ਗੁਰਬਚਨ ਸਿੰਘ, ਜੋ ਰੰਧਾਵੇ ਦਾ ਭਣਵਈਆ ਵੀ ਲਗਦਾ ਸੀ, ਤੇ ਕਿਸੇ ਕੰਮ ਗੁਮਟੀ ਨੰਬਰ ਪੰਜ ਵਿਚੋਂ ਬਾਬੂ ਪੁਰਵਾ ਗਿਆ ਹੋਇਆ ਸੀ, ਨੂੰ ਵੀ ਉਨ੍ਹਾਂ ਦੇ ਘਰ ਪਹੁੰਚਾ ਆਈ ਤੇ ਭਰੋਸਾ ਦਿੱਤਾ ਕਿ ਡਰ ਦੀ ਕੋਈ ਗੱਲ ਨਹੀਂ, ਕੋਈ ਵੀ ਖ਼ਤਰਾ ਹੋਣ 'ਤੇ ਸਾਨੂੰ ਫ਼ੋਨ ਕਰ ਦੇਣ, ਪੁਲੀਸ ਪਹੁੰਚ ਜਾਏਗੀ।

ਸਾਰੀ ਰਾਤ ਜਸਵੰਤ ਸਿੰਘ ਤੇ ਰਣਜੀਤ ਸਿੰਘ ਪਹਿਰਾ ਦਿੰਦੇ ਰਹੇ। ਜਦ ਵੀ ਸੌ ਪੰਜਾਹ ਲੋਕਾਂ ਨੇ ਹੱਲਾ ਕਰਨ ਦੀ ਕੋਸ਼ਿਸ਼ ਕੀਤੀ, ਇਨ੍ਹਾਂ ਹਵਾਈ ਫ਼ਾਇਰ ਕਰਕੇ ਭਜਾ ਦਿੱਤਾ।

ਹੋਟਲ ਤੋਂ ਚਾਹ ਪੀ ਕੇ ਮੈਂ ਘਰ ਆਇਆ ਤੇ ਸਵੇਰ ਦੇ ਅੱਠ ਵਜੇ ਸਨ ਤਾਂ ਮੇਰੇ ਇਕ ਮਿੱਤਰ ਪ੍ਰਭਾਕਰ ਨੇ ਦਸਿਆ ਕਿ ਕੁਝ ਲੋਕਾਂ ਦੀਆਂ ਨਜ਼ਰਾਂ ਉਨ੍ਹਾਂ ਦੇ ਘਰ 'ਤੇ ਹਨ ਤੇ ਇਹ ਲੋਕ ਬਿਲਕੁਲ ਏਥੇ ਸੇਫ਼ ਨਹੀਂ। ਨੌਂ ਵਜੇ ਦੇ ਕਰੀਬ ਕਾਫ਼ੀ ਭੀੜ ਉਨ੍ਹਾਂ ਦੇ ਘਰ ਦੇ ਬਾਹਰ ਇਕੱਠੀ ਹੋ ਗਈ ਤੇ 'ਮਾਮਾ' ਨਾਂ ਦੇ ਇਕ ਆਦਮੀ ਨੇ ਲੈਕਚਰ ਕੀਤਾ ਕਿ ਇਹ ਡਿੰਡਰਾਂਵਾਲੇ ਦੇ ਆਦਮੀ ਹਨ ਤੇ ਬਹੁਤ ਖ਼ਤਰਨਾਕ ਹਨ, ਉਹ ਕਈ ਤਰ੍ਹਾਂ ਦੀਆਂ ਭੜਕਾਊ ਦਲੀਲਾਂ ਦੇ ਦੇ ਕੇ ਭੀੜ ਨੂੰ ਭੜਕਾਉਂਦਾ ਰਿਹਾ। ਜਸਵੰਤ ਸਿੰਘ ਨੇ ਪੁਲੀਸ ਸਟੇਸ਼ਨ ਵਾਰ ਵਾਰ ਫ਼ੋਨ ਕੀਤਾ ਕਿ ਉਹਦੀ ਮਦਦ ਕੀਤੀ ਜਾਵੇ, ਪਰ ਕੋਈ ਸੁਣਵਾਈ ਨਹੀਂ ਹੋਈ।

ਭੀੜ ਨੇ ਵੱਟੇ ਮਾਰਨੇ ਤੇ ਗਾਲ੍ਹਾਂ ਦੀ ਬੁਛਾੜ ਸ਼ੁਰੂ ਕੀਤੀ। ਭੀੜ ਵਧਦੀ ਹੀ ਗਈ ਤੇ ਸ਼ਾਮ ਤਿੰਨ ਵਜੇ ਤੱਕ ਇਹ ਹੁੱਲੜਬਾਜ਼ੀ ਹੁੰਦੀ ਰਹੀ। ਮੁਹੱਲੇ ਦੇ ਕਿਸੇ ਬੰਦੇ ਨੇ ਮਦਦ ਨਹੀਂ ਕੀਤੀ, ਕਿਉਂਕਿ ਐਨੀ ਭੀੜ ਤੇ ਗੁੰਡਿਆਂ ਅੱਗੇ ਉਹ ਬੇਬੱਸ ਮਹਿਸੂਸ ਕਰ ਰਹੇ ਸਨ।

ਸਰਦਾਰ ਲੋਕਾਂ ਕੋਲ ਇਤਨਾ ਅਸਲਾ ਸੀ ਕਿ ਚਾਹੁੰਦੇ ਤਾਂ ਸੌ ਪੰਜਾਹ ਲੋਕਾਂ ਨੂੰ ਮਾਰ ਸੁੱਟਦੇ, ਪਰ ਉਹ ਸਿਰਫ਼ ਹਵਾਈ ਫ਼ਾਇਰ ਹੀ ਕਰਦੇ ਰਹੇ। ਇਕ ਮੁੰਡਾ ਨਾਲ ਦੇ ਦਰਖਤ 'ਤੇ ਚੜ੍ਹਿਆ ਤੇ ਗੁੰਡਿਆਂ ਨੂੰ ਇਸ਼ਾਰੇ ਕਰਕੇ ਦਸ ਰਿਹਾ ਸੀ ਕਿ ਇਧਰੋਂ ਹਮਲਾ ਕਰੋ, ਜਿਸ ਨੂੰ ਇਨ੍ਹਾਂ ਗੋਲੀ ਮਾਰੀ ਤੇ ਉਹ ਹੇਠਾਂ ਡਿੱਗ ਕੇ ਮਰ ਗਿਆ, ਇਸ 'ਤੇ ਭੀੜ ਹੋਰ ਵੀ ਭੜਕ ਗਈ। ਇਨ੍ਹਾਂ ਦੇ ਬਹੁਤ ਮਜ਼ਬੂਤ ਗੇਟ ਸਨ, ਲੋਹੇ ਦੇ ਸਰੀਏ ਤੇ ਸੱਬਲ ਮਾਰ ਮਾਰ ਕੇ ਗੇਟ ਤੋੜ ਦਿੱਤੇ ਤੇ ਸਾਰਾ ਸਾਮਾਨ ਲੁੱਟਣਾ ਸ਼ੁਰੂ ਕਰ ਦਿੱਤਾ। ਇਹ ਲੋਕ ਪਿਛਲੇ ਪਾਸਿਉਂ ਟੱਪ ਕੇ ਮੁਸਲਮਾਨ ਗੁਵਾਂਢੀਆਂ ਦੇ ਘਰ ਗਏ, ਪਰ ਭੀੜ ਨੇ ਉਨ੍ਹਾਂ 'ਤੇ ਦਬਾਅ ਪਾਇਆ ਕਿ ਬਾਹਰ ਕੱਢੋ ਨਹੀਂ ਤਾਂ ਤੁਹਾਨੂੰ ਵੀ ਨਾਲ ਹੀ ਮਾਰ ਦਿਆਂਗੇ।

ਸਾਢੇ ਤਿੰਨ ਵਜੇ ਇਹ ਤਿੰਨੇ ਨੌਜਵਾਨ ਆਪਣੇ ਪਿਤਾ ਦਲੀਪ ਸਿੰਘ ਜੋ ਸੱਤਰ ਸਾਲ ਦੇ ਬਜ਼ੁਰਗ ਸਨ, ਨੂੰ ਘੇਰ ਕੇ ਹਵਾਈ ਫ਼ਾਇਰ ਕਰਦੇ ਬਾਹਰ ਨਿਕਲੇ ਕਿ ਕਿਸੇ ਤਰ੍ਹਾਂ ਭੀੜ ਵਿਚੋਂ ਬਚ ਕੇ ਥਾਣੇ ਤੱਕ ਪਹੁੰਚ ਜਾਈਏ। ਥਾਣਾ ਇਨ੍ਹਾਂ ਦੇ ਘਰ ਦੇ ਬਿਲਕੁਲ ਨੇੜੇ ਹੀ ਹੈ। ਇਹ ਹਾਲੀ ਅੱਗੇ ਵਧੇ ਹੀ ਸਨ ਕਿ ਅੱਠ ਦਸ ਗੁੰਡਿਆਂ ਨੇ ਘੇਰ ਲਿਆ, ਦੋ ਚਾਰ ਦੇ ਪੈਰਾਂ ਵਿਚ ਇਨ੍ਹਾਂ ਗੋਲੀਆਂ ਵੀ ਮਾਰੀਆਂ, ਪਰ ਹੋਰ ਲੋਕੀਂ ਨਾਲ ਸ਼ਾਮਲ ਹੋ ਗਏ ਤੇ ਉਨ੍ਹਾਂ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ, ਹਥਿਆਰ ਖੋਹ ਲਏ ਤੇ ਡੰਡਿਆਂ, ਲਾਠੀਆਂ ਤੇ ਜੋ ਵੀ ਹੱਥ ਆਇਆ ਉਸ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਘੇਰਨ ਵਾਲੇ ਅੱਠ ਦਸ ਹੀ ਗੁੰਡੇ ਸਨ ਜੋ ਸਾਡੇ ਮੁਹੱਲੇ ਦੇ ਨਹੀਂ ਸਨ। ਬਾਕੀ ਲੋਕ ਇਹ ਸਭ ਹੁੰਦਾ ਵੇਖਦੇ ਰਹੇ, ਪਰ ਕਈ ਲੋਕ ਵਿਚ ਐਸੇ ਵੀ ਸਨ ਜਿਨ੍ਹਾਂ ਦਾ ਇਹ ਸਭ ਵੇਖ ਕੇ ਰੋਣਾ ਨਿਕਲ ਗਿਆ। ਦਲੀਪ ਸਿੰਘ ਲੋਕਾਂ ਨੂੰ ਕਹਿੰਦੇ ਰਹੇ ਕਿ "ਸਾਨੂੰ ਵੀ ਤਾਂ ਪ੍ਰਧਾਨ ਮੰਤਰੀ ਦੇ ਮਰਨ ਦਾ ਬਹੁਤ ਦੁੱਖ ਹੈ, ਸਾਡਾ ਕੋਈ ਕਸੂਰ ਨਹੀਂ, ਸਾਨੂੰ ਛੱਡ ਦਿਉ। ਫਿਰ ਉਨ੍ਹਾਂ ਪੱਗ ਵੀ ਗੁੰਡਿਆਂ ਦੇ ਪੈਰਾਂ 'ਤੇ ਸੁੱਟੀ ਕਿ ਮੈਨੂੰ ਮਾਰ ਲਉ, ਪਰ ਮੇਰੇ ਪੁੱਤਰਾਂ ਨੂੰ ਕੁਝ ਨਾ ਆਖੋ।" ਪਰ ਉਨ੍ਹਾਂ ਅੱਠ ਦਸ ਗੁੰਡਿਆਂ ਨੇ ਇਨ੍ਹਾਂ ਚਾਰਾਂ ਨੂੰ ਐਂਜ ਕੁੱਟਿਆ ਕਿ ਪਾਟੇ ਹੋਏ ਕੱਪੜੇ ਵਾਂਗ ਸੜਕ 'ਤੇ ਵਿਛਾ ਦਿੱਤਾ। ਉਨ੍ਹਾਂ ਦੇ ਮੂੰਹ ਚਿੱਥੇ ਗਏ ਤੇ ਕਿਸੇ ਦੀ ਸ਼ਕਲ ਵੀ ਪਛਾਣੀ ਨਹੀਂ ਸੀ ਜਾ ਰਹੀ।

ਉਹ ਹਾਲੀ ਧੜਕ ਹੀ ਰਹੇ ਸਨ ਕਿ ਇਕ ਤੋਂ ਬਾਅਦ ਇਕ ਨੂੰ ਚੁੱਕ ਕੇ ਇਕ ਦੂਜੇ ਦੇ ਉਤੇ ਸੜਕ ਦੇ ਵਿਚਕਾਰ ਢੇਰ ਲਾ ਦਿੱਤਾ, ਉਨ੍ਹਾਂ ਉਤੇ ਘਰ ਦਾ ਟੁੱਟਾ ਭੱਜਾ ਫ਼ਰਨੀਚਰ ਤੇ ਹੋਰ ਜੋ ਸਾਮਾਨ ਉਨ੍ਹਾਂ ਦੇ ਕੰਮ ਦਾ ਨਹੀਂ ਸੀ ਸੁੱਟ ਦਿੱਤਾ, ਪੈਟਰੋਲ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ। ਅੱਗ ਅਸਮਾਨ ਛੂਹਣ ਲੱਗੀ ਤੇ ਪੰਦਰਾਂ ਮਿੰਟਾਂ ਵਿਚ ਸਾਰੀ ਖੇਡ ਖਤਮ ਹੋ ਗਈ। ਏਨੇ ਨੂੰ ਆਰਮੀ ਤੇ ਪੁਲੀਸ ਦੀਆਂ ਗੱਡੀਆਂ ਆਈਆਂ ਤੇ ਕਰਫਿਊ ਲਾ ਦਿੱਤਾ। ਪੁਲੀਸ ਨੇ ਅੱਗ ਤਾਂ ਬੁਝਾਈ, ਪਰ ਅਧਸੜੀਆਂ ਲਾਸ਼ਾਂ ਉਵੇਂ ਹੀ ਪਈਆਂ ਰਹਿਣ ਦਿੱਤੀਆਂ।

ਸਵੇਰੇ 2 ਨਵੰਬਰ ਨੂੰ ਮੈਂ ਵੇਖਿਆ ਕਿ ਪੂਰੀ ਸੜਕ ਸੁੰਨਸਾਨ ਸੀ, ਪਰ ਸੂਰ ਉਹ ਚਾਰੇ ਲਾਸ਼ਾਂ ਧ੍ਰੀਕ ਰਹੇ ਸਨ ਤੇ ਖਾ ਰਹੇ ਸਨ। ਜਿੱਥੇ ਉਨ੍ਹਾਂ ਨੂੰ ਕੁੱਟਿਆ ਗਿਆ ਸੀ, ਉਸ ਥਾਂ ਦੀ ਮਿੱਟੀ ਤਿੰਨ ਚਾਰ ਇੰਚ ਤਕ ਡੂੰਘੀ ਪੁੱਟ ਕੇ ਸੂਰ ਖਾ ਗਏ ਕਿਉਂਕਿ ਉਸ ਵਿਚ ਉਨ੍ਹਾਂ ਦਾ ਲਹੂ ਮਿਲਿਆ ਹੋਇਆ ਸੀ। ਉਥੇ ਹਾਲੀ ਤੱਕ ਟੋਇਆ ਬਣਿਆ ਹੋਇਆ ਹੈ।

ਮਨਜੀਤ ਕੌਰ ਤੇ ਸੁਰਿੰਦਰ ਕੌਰ ਨੂੰ ਘਰ ਤੋਂ ਬਾਹਰ ਖਿੱਚ ਲਿਆ ਗਿਆ ਤੇ ਉਨ੍ਹਾਂ ਦੇ ਕੱਪੜੇ ਪਾੜ ਦਿੱਤੇ ਗਏ। ਗੁਆਂਢੀਆਂ ਨੇ ਬੜੀ ਮੁਸ਼ਕਲ ਨਾਲ ਉਨ੍ਹਾਂ ਦੋਹਾਂ ਤੇ ਬਾਕੀ ਟੱਬਰ ਨੂੰ ਬਚਾਇਆ ਤੇ ਬਾਬੂ ਪੁਰਵੇ ਥਾਣੇ ਭੇਜ ਦਿੱਤਾ। ਅਧਸੜੀਆਂ ਤੇ ਸੂਰਾਂ ਦੀਆਂ ਖਾਧੀਆਂ ਬਚੀਆਂ ਖੁਚੀਆਂ ਲਾਸ਼ਾਂ ਜਦ ਪੁਲੀਸ ਥਾਣੇ ਲਿਆਈ ਤੇ ਘਰਵਾਲਿਆਂ ਨੂੰ ਸ਼ਨਾਖ਼ਤ ਲਈ ਬੁਲਾਇਆ ਗਿਆ। ਲਾਸ਼ਾਂ ਦੀ ਇਹ ਦੁਰਦਸ਼ਾ ਵੇਖ ਕੇ ਦੋਹਾਂ ਔਰਤਾਂ ਨੇ ਥਾਣੇ ਦੇ ਤਿਮੰਜ਼ਲੇ ਤੋਂ ਹੇਠਾਂ ਛਾਲ ਮਾਰ ਦਿੱਤੀ। ਮਨਜੀਤ ਤਾਂ ਉਰਿਸਲਾ ਹਸਪਤਾਲ ਵਿਚ ਚਲ ਵਸੀ ਤੇ ਸੁਰਿੰਦਰ ਦੀ ਰੀੜ੍ਹ ਦੀ ਹੱਡੀ ਟੁੱਟ ਗਈ। ਉਸ ਨੂੰ ਪਹਿਲਾਂ ਉਰਸਿਲਾ ਹਸਪਤਾਲ ਲਿਜਾਇਆ ਗਿਆ। ਹੁਣ ਉਹ ਦਿੱਲੀ ਗੰਗਾ ਰਾਮ ਹਸਪਤਾਲ ਵਿਚ ਹੈ। ਉਰਸਿਲਾ ਹਸਪਤਾਲ ਦੇ ਡਾ. ਪਾਂਡੇ ਨੇ ਨਾ ਆਪ ਇਲਾਜ ਕੀਤਾ ਤੇ ਨਾ ਹੀ ਕਿਸੇ ਨੂੰ ਕਰਨ ਦਿੱਤਾ। ਸਗੋਂ ਕਿਹਾ 'ਹਮ ਭੀ ਤੋ ਹਿੰਦੂ ਹੈਂ।"

ਅਮਰਜੀਤ ਕੌਰ ਦੇ ਦੋ ਹੋਰ ਪੁੱਤਰ ਦਵਿੰਦਰ ਸਿੰਘ ਤੇ ਰਾਜਿੰਦਰ ਸਿੰਘ ਏਅਰ ਫ਼ੋਰਸ ਵਿਚ ਅਫ਼ਸਰ ਨੇ। 1942 ਤੋਂ ਪਹਿਲਾਂ ਉਹ ਨਾਨੇਵਾਲ (ਜ਼ਿਲ੍ਹਾ ਸਿਆਲਕੋਟ) ਰਹਿੰਦੇ ਸਨ। ਉਥੇ ਉਨ੍ਹਾਂ ਦੀ ਜ਼ਿਮੀਦਾਰੀ ਸੀ। 1947 ਦੇਸ਼ ਦੀ ਵੰਡ ਵੇਲੇ ਜਸਵੰਤ ਸਿੰਘ ਉਹਦੀ ਗੋਦ ਵਿਚ ਸੀ ਤੇ ਕੋਲ ਸਿਰਫ਼ ਇਕ ਕਟੋਰਾ ਸੀ, ਜੋ ਉਹਨੇ ਬੱਚੇ ਨੂੰ ਪਾਣੀ ਦੇਣ ਲਈ ਟੁਰਨ ਵੇਲੇ ਚੁੱਕਿਆ ਸੀ। ਕਾਨਪੁਰ ਵਿਚ ਉਸ ਦੇ ਪਤੀ ਤੇ ਪੁੱਤਰਾਂ ਨੇ ਲੱਖਾਂ ਰੁਪਏ ਕਮਾਏ ਤੇ ਸ਼ਾਨਦਾਰ ਰਿਹਾਇਸ਼ ਬਣਾਈ, ਪਰ 1 ਨਵੰਬਰ 1947 ਦੇ ਦੰਗਿਆਂ ਵਿਚ ਸਭ ਕੁਝ ਲੁੱਟ ਲਿਆ ਗਿਆ। ਘਰ ਛਡਦਿਆਂ ਇਸ ਵਾਰ ਵੀ ਅਪਾਣੇ ਪੋਤੇ-ਪੋਤੀਆਂ ਨੂੰ ਪਾਣੀ ਪਲਾਉਣ ਲਈ ਉਹਨੇ ਇਕ ਕਟੋਰਾ ਹੀ ਚੁੱਕਿਆ। ਉਸ ਕਟੋਰੇ ਤੇ ਤਨ ਦੇ ਕੱਪੜਿਆਂ ਦੇ ਇਲਾਵਾ ਉਸ ਕੋਲ ਹੋਰ ਕੁਝ ਨਹੀਂ ਸੀ ਬਚਿਆ। ਉਸ ਦੇ ਪੁੱਤਰ ਦਵਿੰਦਰ ਤੇ ਰਾਜਿੰਦਰ ਸਾਰੇ ਬਚੇ ਟੱਬਰ ਨੂੰ ਆਦਮਪੁਰ ਆਪਣੇ ਕੋਲ ਲੈ ਗਏ ਹਨ। ਕਿਦਵਈ ਨਗਰ ਨਿਵਾਸੀ ਮੇਜਰ ਮਹਿੰਦਰ ਸਿੰਘ ਸਿੱਧੂ ਨੂੰ ਭਾਰਤ-ਪਾਕਿ ਯੁੱਧ ਵਿਚ ਬਹਾਦਰੀ ਦੇ ਕਾਰਨਾਮੇ ਵਿਖਾਉਣ 'ਤੇ ਵਾਰ ਹੀਰੋ ਕਿਹਾ ਗਿਆ ਸੀ। ਲੜਾਈ ਵਿਚ ਗੋਲੀ ਲਗਣ ਨਾਲ ਉਨ੍ਹਾਂ ਦੀ ਇਕ ਅੱਖ ਖ਼ਰਾਬ ਹੋ ਗਈ ਤੇ ਇਨ੍ਹਾਂ ਨੂੰ ਰਿਟਾਇਰਮੈਂਟ ਮਿਲ ਗਈ ਤੇ ਸਰਕਾਰ ਵੱਲੋਂ ਇਨ੍ਹਾਂ ਨੂੰ ਕਾਰੋਬਾਰ ਲਈ ਪੈਟਰੋਲ ਦਾ ਕੋਟਾ ਦੇ ਦਿੱਤਾ ਗਿਆ। ਪੰਜ ਸਾਲ ਪਹਿਲਾਂ ਉਨ੍ਹਾਂ ਇਕ ਹਜ਼ਾਰ ਵਰਗ ਗਜ਼ ਜ਼ਮੀਨ ਵਿਚ ਸ਼ਾਨਦਾਰ ਕੋਠੀ ਬਣਾਈ ਤੇ ਅਗਲੇ ਹਿੱਸੇ ਵਿਚ ਟੈਂਕਰਾਂ ਨੂੰ ਖੜ੍ਹਾ ਕਰਨ ਦੀ ਥਾਂ ਤੇ ਤੇਲ ਦੇ ਗੁਦਾਮ ਬਣਵਾਏ ਤੇ ਫਰਮ ਦਾ ਨਾਂ 'ਵਾਰ ਹੀਰੋ ਆਇਲ ਕੰਪਨੀ' ਰੱਖ ਕੇ ਕਾਰੋਬਾਰ ਕਰਨ ਲੱਗੇ। ਉਨ੍ਹਾਂ ਦੇ ਦਫ਼ਤਰ ਵਿਚ ਇੰਦਰਾ ਗਾਂਧੀ ਦੀਆਂ ਵੱਡੀਆਂ ਵੱਡੀਆਂ ਫੋਟੋ ਲਗੀਆਂ ਹੋਈਆਂ ਸਨ। ਇੰਦਰਾ ਗਾਂਧੀ ਦੀ ਹੱਤਿਆ ਦਾ ਸੁਣ ਕੇ ਉਨ੍ਹਾਂ ਨੂੰ ਇਤਨਾ ਦੁੱਖ ਹੋਇਆ ਕਿ ਉਸੇ ਵੇਲੇ ਦਿੱਲੀ ਉਨ੍ਹਾਂ ਦੇ ਦਰਸ਼ਨਾਂ ਲਈ ਜਾਣ ਦੀ ਤਿਆਰੀ ਕਰ ਲਈ। 31 ਅਕਤੂਬਰ ਸ਼ਾਮੀ ਪੰਜ ਸਾਢੇ ਪੰਜ ਵਜੇ ਦਾ ਵਕਤ

ਬਾਕੀ ਸਫ਼ਾ 32 'ਤੇ

ਸਫ਼ਾ ਇਕ ਦਾ ਬਾਕੀ

## ਮੁਤਵਾਜ਼ੀ ਜਥੇਦਾਰਾਂ ਨੇ ਮਲੂਕਾ ਦੀ ਸਜ਼ਾ ਰੱਦ ਕੀਤੀ

ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੇਸ਼ ਵਿਦੇਸ਼ ਵਿਚ ਵੱਸਦੀਆਂ ਸਿੱਖ ਸੰਗਤਾਂ ਨੂੰ ਆਪਣੇ ਸੁਝਾਅ 24 ਜਨਵਰੀ ਤੱਕ ਦੇਣ ਦੀ ਵੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਬਣਾਈ ਚਾਰ ਮੈਂਬਰੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਸੌਂਪ ਦਿੱਤੀ ਹੈ, ਜਿਸ ਵਿਚ ਅਕਾਲੀ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਦੋਸ਼ੀ ਪਾਇਆ ਗਿਆ ਹੈ।

ਇਸ ਤੋਂ ਪਹਿਲਾਂ ਮੁਤਵਾਜ਼ੀ ਜਥੇਦਾਰਾਂ ਦੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਪੁੱਜਣ 'ਤੇ ਪੁਲੀਸ ਪ੍ਰਸ਼ਾਸਨ ਅਤੇ ਸ਼੍ਰੋਮਣੀ ਕਮੇਟੀ ਪ੍ਰਸ਼ਾਸਨ ਚੌਕਸ ਹੋ ਗਿਆ ਸੀ। ਜਿਵੇਂ ਹੀ ਇਹ ਪ੍ਰਕਰਮਾ ਵਿਚ ਦਾਖਲ ਹੋਏ ਤਾਂ ਟਾਸਕ ਫੋਰਸ ਨੇ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ।

### ਸਿੰਘ ਸਾਹਿਬਾਨ ਵਲੋਂ ਮਲੂਕਾ ਤਨਖਾਹੀਆ ਕਰਾਰ

ਜਾਣਕਾਰੀ ਮੁਤਾਬਕ ਪੰਜ ਸਿੰਘ ਸਾਹਿਬਾਨ ਵੱਲੋਂ ਇਸ ਇਕੱਤਰਤਾ ਵਿਚ ਸਿਰਫ਼ ਪੜਤਾਲੀਆ ਕਮੇਟੀ ਦੀ ਰਿਪੋਰਟ ਵਿਚਾਰੀ ਜਾਣੀ ਸੀ। ਇਸ ਤੋਂ ਬਾਅਦ ਸਿਕੰਦਰ ਮਲੂਕਾ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਸੱਦਿਆ ਜਾਣਾ ਸੀ ਪਰ ਮੁਤਵਾਜ਼ੀ ਜਥੇਦਾਰਾਂ ਨੇ ਵੀ ਇਸ ਮਾਮਲੇ ਨੂੰ ਵਿਚਾਰਨ ਲਈ ਅਗਲੇ ਅਕਾਲ ਤਖ਼ਤ 'ਤੇ ਮੀਟਿੰਗ ਸੱਦੀ ਹੋਈ ਸੀ, ਜਿਸ ਕਾਰਨ ਕਾਹਲ ਵਿਚ ਇਹ ਸਾਰਾ ਮਾਮਲਾ ਐਤਵਾਰ ਨੂੰ ਹੀ ਨਿਪਟਾ ਦਿੱਤਾ ਗਿਆ ਤਾਂ ਜੋ ਮੁਤਵਾਜ਼ੀ ਜਥੇਦਾਰਾਂ ਕੋਲ ਇਸ ਮੁੱਦੇ ਸਬੰਧੀ ਕੁਝ ਬਾਕੀ ਨਾ ਰਹਿ ਜਾਵੇ। ਜਾਣਕਾਰੀ ਮੁਤਾਬਕ ਸ੍ਰੀ ਮਲੂਕਾ 10 ਜਨਵਰੀ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸੇਵਾ ਸ਼ੁਰੂ ਕਰਨਗੇ। ਇਸ ਤੋਂ ਇਲਾਵਾ ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਦੀਆਂ ਸਿੱਖ ਇਤਿਹਾਸ ਬਾਰੇ ਪੁਸਤਕਾਂ ਵਿਚ ਇਤਰਾਜ਼ਯੋਗ ਟਿੱਪਣੀਆਂ ਦੀ ਪੜਤਾਲ ਕਰਨ ਲਈ ਸਿੱਖ ਵਿਦਵਾਨਾਂ ਦੀ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਹਰਭਜਨ ਸਿੰਘ ਮਨਾਵਾਂ, ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਭਾਈ ਪ੍ਰਤਾਪ ਸਿੰਘ, ਆਨੰਦਪੁਰ ਤੋਂ ਸਿੱਖ ਵਿਦਵਾਨ ਭਾਈ ਹਰਸਿਮਰਨ ਸਿੰਘ ਸ਼ਾਮਲ ਹਨ। ਇਸ ਕਮੇਟੀ ਦੇ ਕੋਆਰਡੀਨੇਟਰ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਨੂੰ ਬਣਾਇਆ ਗਿਆ ਹੈ। ਇਸ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੀ ਜਾਂਚ ਰਿਪੋਰਟ 7 ਫਰਵਰੀ ਤੱਕ ਮੁਕੰਮਲ ਕਰਕੇ ਅਕਾਲ ਤਖ਼ਤ ਵਿਖੇ ਪੇਸ਼ ਕਰੇ। ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਹੋਈ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਦੇ ਗ੍ਰੰਥੀ ਗਿਆਨੀ ਗੁਰਬਖਸ਼ੀਸ਼ ਸਿੰਘ ਸ਼ਾਮਲ ਸਨ। ਇਸ ਮਾਮਲੇ ਨੂੰ ਵਿਚਾਰਨ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਫੈਸਲਾ ਸੁਣਾਉਂਦਿਆਂ ਜਥੇਦਾਰ ਗੁਰਬਚਨ ਸਿੰਘ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਰਾਮਪੁਰਾ ਫੂਲ ਵਿੱਚ ਚੋਣ ਦਫਤਰ ਦੇ ਉਦਘਾਟਨ ਸਮੇਂ ਅਕਾਲੀ ਮੰਤਰੀ ਮਲੂਕਾ ਵੱਲੋਂ ਗੁਰਮਤਿ ਨੂੰ ਅੱਖੋਂ ਪਰੋਖੇ ਕਰਕੇ ਹੋਰ ਧਰਮ ਦੇ ਗ੍ਰੰਥ ਦਾ ਪਾਠ ਕਰਾਇਆ ਗਿਆ ਸੀ, ਜਿਸ ਤਹਿਤ ਸਿੱਖ ਰਹਿਤ ਮਰਿਆਦਾ ਅਨੁਸਾਰ ਤਿਆਰ ਖਾਲਸਾਈ ਰਵਾਇਤ ਦੀ ਰੀਸ ਕਰਦਿਆਂ ਹੋਰ ਢੰਗ ਤਰੀਕੇ ਦੀ ਅਰਦਾਸ ਕੀਤੀ ਗਈ ਸੀ। ਇਸ ਨਾਲ ਸਿੱਖ ਭਾਵਨਾਵਾਂ ਨੂੰ ਵੱਡੀ ਠੇਸ ਪੁੱਜੀ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਕੀਤੀ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿਚ ਅਕਾਲੀ ਮੰਤਰੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਰਿਪੋਰਟ ਦੇ ਆਧਾਰ 'ਤੇ ਅਕਾਲੀ ਮੰਤਰੀ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਉਸ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਉਹ ਖਿਮਾ ਯਾਚਨਾ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਇਕ ਅਖੰਡ ਪਾਠ ਕਰਾਵੇ, ਤਿੰਨ ਦਿਨਾਂ ਦੌਰਾਨ ਰੋਜ਼ਾਨਾ ਇਕ ਘੰਟਾ ਸੰਗਤ ਦੇ ਜੋੜੇ ਸਾਫ ਕਰੇ, ਇਕ ਘੰਟਾ ਸੰਗਤ ਦੇ ਜੂਠੇ ਬਰਤਨ ਸਾਫ ਕਰੇ ਅਤੇ ਚੱਲ ਰਹੇ ਅਖੰਡ ਪਾਠ ਦੀ ਗੁਰਬਾਣੀ ਸਰਵਣ ਕਰੇ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਵਿਖੇ 51 ਹਜ਼ਾਰ ਰੁਪਏ ਦੀ ਰਸੀਦ ਕਟਾਵੇ। ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇਕ ਦਿਨ ਲੰਗਰ ਅਤੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰੇ। ਉਥੇ 31 ਹਜ਼ਾਰ ਰੁਪਏ ਗੋਲਕ ਵਿਚ ਪਾ ਕੇ ਉਸ ਦੀ ਰਸੀਦ ਕਟਾਵੇ। ਇਸ ਬਾਅਦ ਅਕਾਲ ਤਖ਼ਤ ਸਾਹਿਬ ਵਿਖੇ 500 ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਾਵੇ।

### ਮਲੂਕਾ ਨੇ ਮੀਡੀਆ ਅੱਗੇ ਦੋਸ਼ ਨਹੀਂ ਮੰਨੇ :

ਇਸ ਮੌਕੇ ਅਕਾਲ ਤਖਤ ਸਾਹਮਣੇ ਦਾੜ੍ਹੀ ਖੋਲ੍ਹ ਕੇ ਖੜ੍ਹੇ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਸੁਣਾਏ ਗਏ ਫੈਸਲੇ ਨੂੰ ਉਹ ਪ੍ਰਵਾਨ ਕਰਦੇ ਹਨ। ਪਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਦੋਸ਼ ਪ੍ਰਵਾਨ ਕੀਤੇ ਹਨ ਤਾਂ ਉਨ੍ਹਾਂ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਦਾ ਹੁਕਮ ਪ੍ਰਵਾਨ ਹੈ। ਮੀਡੀਆ ਸਾਹਮਣੇ ਉਨ੍ਹਾਂ ਨੇ ਆਪਣੇ ਦੋਸ਼ ਮੰਨਣ ਤੋਂ ਇਨਕਾਰ ਕੀਤਾ ਜਦੋਂ ਕਿ ਅਕਾਲ ਤਖ਼ਤ ਦੇ ਜਥੇਦਾਰ ਨੇ ਕਿਹਾ ਕਿ ਮਲੂਕਾ ਨੇ ਲਿਖਤੀ ਰੂਪ ਵਿਚ ਆਪਣੇ ਦੋਸ਼ ਸਵੀਕਾਰ ਕੀਤੇ ਹਨ। ਇਸ ਇਕੱਤਰਤਾ ਵਿੱਚ ਨੀਲ ਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਦਾ ਮੁਆਫੀਨਾਮਾ, ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਸਮੇਂ ਟੋਪੀ ਪਾ ਕੇ ਆਉਣ ਦਾ ਮਾਮਲਾ ਅਤੇ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਦੋਹੇ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦਾ ਮਾਮਲਾ ਨਹੀਂ ਵਿਚਾਰਿਆ ਗਿਆ। ਇਹ ਮਸਲੇ ਅਗਲੀ ਇਕੱਤਰਤਾ ਵਿਚ ਵਿਚਾਰੇ ਜਾਣਗੇ।

### ਕੋਰਮ ਪੂਰਾ ਕਰਨ ਵਿਚ ਆਈ ਮੁਸ਼ਕਲ :

ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਗਭਗ ਦੋ ਘੰਟੇ ਦੇਰ ਨਾਲ ਸ਼ੁਰੂ ਹੋਈ ਕਿਉਂਕਿ ਇਕੱਤਰਤਾ ਲਈ ਪੰਜ ਸਿੰਘ ਸਾਹਿਬਾਨ ਦਾ ਕੋਰਮ ਪੂਰਾ ਨਹੀਂ ਹੋ ਸਕਿਆ ਸੀ। ਪੰਜਾਬ ਤੋਂ ਬਾਹਰਲੇ ਤਖ਼ਤਾਂ (ਤਖ਼ਤ ਪਟਨਾ ਸਾਹਿਬ ਅਤੇ ਤਖ਼ਤ ਹਜ਼ੂਰ ਸਾਹਿਬ) ਦੇ ਨੁਮਾਇੰਦੇ ਨਹੀਂ ਪੁੱਜੇ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵੀ ਸ਼ਾਮਲ ਹੋਣ ਲਈ ਨਹੀਂ ਆਏ ਸਨ। ਇਹ ਚਰਚਾ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਮੂਹ ਗ੍ਰੰਥੀਆਂ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਅਕਾਲੀ ਮੰਤਰੀ ਨੂੰ ਅਰਦਾਸ ਨਕਲ ਮਾਮਲੇ ਵਿਚ ਮੁਆਫ਼ੀ ਦੇਣ ਦੇ ਫੈਸਲੇ ਵਿਚ ਉਹ ਸ਼ਾਮਲ ਨਹੀਂ ਹੋਣਗੇ। ਇਸ ਲਈ ਕਾਫ਼ੀ ਸਮਾਂ ਜੋੜ ਤੋੜ ਦਾ ਸਿਲਸਿਲਾ ਜਾਰੀ ਰਿਹਾ। ਤਕਰੀਬਨ ਡੇਢ ਵਜੇ ਅਕਾਲ ਤਖ਼ਤ ਦੇ ਦੋ ਗ੍ਰੰਥੀ ਸੱਦ ਕੇ ਕੋਰਮ ਪੂਰਾ ਕਰਨ ਦਾ ਯਤਨ ਕੀਤਾ ਗਿਆ। ਕਰੀਬ ਢਾਈ ਵਜੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਪੁੱਜੇ ਜਿਸ ਬਾਅਦ ਮੀਟਿੰਗ ਸ਼ੁਰੂ ਹੋਈ, ਜੋ ਕੁਝ ਹੀ ਮਿੰਟਾਂ ਵਿਚ ਸਮਾਪਤ ਹੋ ਗਈ।

# ਤਖ਼ਤ ਦਮਦਮਾ ਸਾਹਿਬ ਵਿਖੇ ਸੇਵਾ ਕਰਨ ਪੁੱਜੇ ਮਲੂਕਾ ਦਾ ਵਿਰੋਧ

**ਤਲਵੰਡੀ ਸਾਬੋ/ਬਿਊਰੋ ਨਿਊਜ਼** :ਅਰਦਾਸ ਬੇਅਦਬੀ ਮਾਮਲੇ ਵਿਚ ਪੰਜ ਸਿੰਘ ਸਾਹਿਬਾਨਾਂ ਵਲੋਂ ਦੋਸ਼ੀ ਕਰਾਰ ਦਿੱਤੇ ਗਏ ਅਤੇ ਧਾਰਮਿਕ ਸੇਵਾ ਲਗਾਏ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਮੰਗਲਵਾਰ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਵਿਚ ਸੇਵਾ ਕਰਨ ਪਹੁੰਚੇ। ਇਸ ਦੌਰਾਨ ਪਹਿਲਾਂ ਉਨ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਫਿਰ ਜੂਠੇ ਬਰਤਨਾ ਤੇ ਜੋੜਾ ਘਰ ਵਿਖੇ ਸੇਵਾ ਕੀਤੀ। ਮਾਹੌਲ ਉਸ ਵੇਲੇ ਤਣਾਅਪੂਰਨ ਬਣ ਗਿਆ ਜਦੋਂ ਕੁਝ ਗਰਮ ਖਿਆਲੀ ਸਿੱਖ ਗੁਰਦੁਆਰਾ ਸਾਹਿਬ ਦੇ ਬਾਹਰ ਇਕੱਤਰ ਹੋ ਗਏ ਅਤੇ ਉਨ੍ਹਾਂ ਮਲੂਕਾ ਖ਼ਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੇ ਨਾਲ ਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਪਸ਼ਟ ਕੀਤਾ ਕਿ ਮਲੂਕਾ ਨੂੰ ਤਖ਼ਤ ਦਮਦਮਾ ਸਾਹਿਬ ਵਿਖੇ ਇਕ ਘੰਟਾ ਸੇਵਾ ਕਰਨ ਦੀ ਸਜ਼ਾ ਲਾਈ ਗਈ ਹੈ ਨਾ ਕਿ ਤਿੰਨ ਘੰਟੇ ਲਈ। ਉਨ੍ਹਾਂ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਤਿੰਨ ਘੰਟੇ ਸੇਵਾ ਕਰਨ ਲਈ ਕਿਹਾ ਗਿਆ ਹੈ। ਇਸ ਮੌਕੇ ਮਲੂਕਾ ਨੇ ਦੱਸਿਆ ਕਿ ਉਨ੍ਹਾਂ ਨੇ 31000 ਰੁਪਏ ਜਮ੍ਹਾ ਕਰਵਾ ਦਿੱਤੇ ਹਨ।

# ਗਿੱਪੀ ਦੀ ਫਿਲਮ ਦਾ ਪੋਸਟਰ ਰਿਲੀਜ਼ ਕਰਕੇ ਵਿਵਾਦ ਵਿਚ ਘਿਰੇ ਗਿਆਨੀ ਗੁਰਬਚਨ ਸਿੰਘ

## ਗਿੱਪੀ ਨੇ ਫ਼ਿਲਮ ਵਿਚ ਕੰਮ ਕਰਨ ਤੋਂ ਕੀਤਾ ਇਨਕਾਰ, ਫ਼ਿਲਮਸਾਜ਼ਾਂ ਨੇ ਵੀ ਹੱਥ ਖਿੱਚੇ




**ਚੰਡੀਗੜ੍ਹ/ਬਿਊਰੋ ਨਿਊਜ਼** : ਅੰਮ੍ਰਿਤਸਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਵੱਲੋਂ ਫਿਲਮ 'ਭਾਈ ਜੈਤਾ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਪੋਸਟਰ ਰਿਲੀਜ਼ ਹੋਣ ਤੋਂ ਬਾਅਦ ਮੀਡੀਆ ਵਿਚ ਤਸਵੀਰਾਂ ਆਉਂਦਿਆਂ ਹੀ ਇਸ ਦਾ ਵਿਰੋਧ ਸ਼ੁਰੂ ਹੋ ਗਿਆ। ਇਸੇ ਦੌਰਾਨ ਪਤਾ ਲੱਗਾ ਹੈ ਕਿ ਲੋਕਾਂ ਦੇ ਪ੍ਰਤੀਕਰਮ ਵਜੋਂ ਗਿੱਪੀ ਗਰੇਵਾਲ ਨੇ ਫ਼ਿਲਮ ਵਿਚ ਕੰਮ ਕਰਨ ਤੋਂ ਨਾਹ ਕਰ ਦਿੱਤੀ ਹੈ ਤੇ ਫ਼ਿਲਮ ਬਣਾਉਣ ਵਾਲਿਆਂ ਨੇ ਵੀ ਇਹ ਫ਼ਿਲਮ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ।

ਇਹ ਫਿਲਮ ਰਸ਼ੀਦ ਰੰਗਰੇਜ਼ ਤੇ ਸਿਮਰਜੀਤ ਸਿੰਘ ਦੀ ਲਿਖੀ ਹੋਈ ਹੈ। ਅਦਾਕਾਰ ਗਿੱਪੀ ਗਰੇਵਾਲ ਮੁੱਖ ਕਿਰਦਾਰ ਵਿੱਚ ਨਜ਼ਰ ਆਉਣਗੇ। ਪੋਸਟਰ ਰਿਲੀਜ਼ ਹੋਣ ਤੋਂ ਬਾਅਦ ਮੀਡੀਆ ਵਿਚ ਤਸਵੀਰਾਂ ਆਈਆਂ। ਸੋਸ਼ਲ ਮੀਡੀਆ 'ਤੇ ਇਸ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ। ਸੋਸ਼ਲ ਮੀਡੀਆ 'ਤੇ ਇਸ ਦਾ ਵਿਰੋਧ ਸਿੱਖ ਭਾਈਚਾਰੇ ਵੱਲੋਂ ਹੀ ਕੀਤਾ ਜਾ ਰਿਹਾ ਹੈ।

ਸਿੱਖ ਭਾਈਚਾਰੇ ਦੇ ਵਿਰੋਧ ਦਾ ਮੁੱਖ ਕਾਰਨ ਗਿੱਪੀ ਗਰੇਵਾਲ ਵੱਲੋਂ ਪਤਿਤ ਹੋਣ 'ਤੇ ਸਿੱਖ ਇਤਿਹਾਸ ਦੇ ਮਹਾਨ ਗੁਰਸਿੱਖ ਭਾਈ ਜੈਤਾ ਜੀ ਦਾ ਕਿਰਦਾਰ ਨਿਭਾਉਣਾ ਹੈ। ਇਸੇ ਦੇ ਵਿਰੋਧ ਵਿੱਚ ਵੱਖ-ਵੱਖ ਵਰਗਾਂ ਨਾਲ ਜੁੜੇ ਸਿੱਖ ਭਾਈਚਾਰੇ ਦੇ ਲੋਕ ਇਸ ਫਿਲਮ ਦੇ ਵਿਰੋਧ ਵਿੱਚ ਆਪੋ-ਆਪਣੇ ਤਰਕ ਦੇ ਰਹੇ ਹਨ। ਇੱਕ ਸਿੱਖ ਫਿਲਮ ਡਾਇਰੈਕਟਰ ਨੇ ਲਿਖਿਆ ਹੈ ਕਿ ਸਿੱਖ ਇਤਿਹਾਸ ਦੇ ਕਿਸੇ ਵੀ ਪਾਤਰ ਦੇ ਕਿਰਦਾਰ ਦਾ ਰੋਲ ਨਿਭਾਉਣ ਲਈ ਪਤਿਤ ਦੀ ਬਜਾਏ ਗੁਰਸਿੱਖ ਕਲਾਕਾਰ ਨੂੰ ਲੈਣ ਸਬੰਧੀ ਸਖਤ ਕਾਨੂੰਨ ਬਣਨਾ ਚਾਹੀਦਾ ਹੈ, ਨਹੀਂ ਤਾਂ ਅਗਲੀਆਂ ਪੀੜ੍ਹੀਆਂ ਲਈ ਸਿੱਖਾਂ ਦਾ ਇਤਿਹਾਸ ਕੁਝ ਹੋਰ ਹੋਵੇਗਾ। ਦੂਜੇ ਪਾਸੇ ਫਿਲਮ ਦੀ ਸਟਾਰਕਾਸਟ ਨੇ ਆਪਣੀ ਗਰੁੱਪ ਫੋਟੋ ਫੇਸਬੁੱਕ 'ਤੇ ਸ਼ੇਅਰ ਕਰਦਿਆਂ ਇਸ ਫਿਲਮ ਬਾਰੇ ਐਲਾਨ ਕਰਦਿਆਂ ਮਾਣ ਮਹਿਸੂਸ ਕੀਤਾ ਹੈ।

ਇਸ ਦੌਰਾਨ ਗਿਆਨੀ ਗੁਰਬਚਨ ਸਿੰਘ ਦਾ ਵੀ ਵਿਰੋਧ ਹੋ ਰਿਹਾ ਹੈ। ਉਨ੍ਹਾਂ ਨੇ ਖਾਸ ਤੌਰ 'ਤੇ ਸ਼ਿਰਕਤ ਕਰਕੇ ਪੋਸਟਰ ਰਿਲੀਜ਼ ਕੀਤਾ। ਡੇਰਾ ਸਿਰਸਾ ਮੁਖੀ ਨੂੰ ਦਿੱਤੀ ਮੁਆਫੀ ਤੋਂ ਬਾਅਦ ਵਿਸ਼ਵ ਪੱਧਰ 'ਤੇ ਸਿੱਖ ਕੌਮ ਵੱਲੋਂ ਤਖ਼ਤਾਂ ਦੇ ਜਥੇਦਾਰਾਂ ਦਾ ਵਿਰੋਧ ਲਗਾਤਾਰ ਜਾਰੀ ਹੈ। ਭਾਈ ਜੈਤਾ ਜੀ ਉਹ ਮਹਾਨ ਸਿੱਖ ਹਨ ਜੋ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹਿੰਦੂ ਧਰਮ ਖਾਤਰ ਦਿੱਲੀ ਵਿਖੇ ਦਿੱਤੀ ਕੁਰਬਾਨੀ ਵੇਲੇ ਉਨ੍ਹਾਂ ਦੇ ਨਾਲ ਸਨ। ਸ਼ਹੀਦੀ ਤੋਂ ਬਾਅਦ ਭਾਈ ਜੈਤਾ ਜੀ ਦਿੱਲੀ ਤੋਂ ਸ਼ਹੀਦ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਪਹੁੰਚੇ ਸਨ। ਉਨ੍ਹਾਂ ਦੀ ਵੱਡੀ ਸੇਵਾ ਤੋਂ ਖੁਸ਼ ਹੋ ਕੇ ਦਸਮ ਪਿਤਾ ਨੇ ਭਾਈ ਜੈਤਾ ਜੀ ਨੂੰ ਛਾਤੀ ਨਾਲ ਲਾਉਂਦਿਆਂ 'ਰੰਗਰੇਟਾ ਗੁਰੂ ਕਾ ਬੇਟਾ' ਕਹਿ ਕੇ ਮਾਣ ਬਖਸ਼ਿਆ ਸੀ। ਉਸ ਤੋਂ ਬਾਅਦ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਭਾਈ ਜੈਤਾ ਜੀ ਭਾਈ ਜੀਵਨ ਸਿੰਘ ਬਣ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੀਆਂ ਗਈਆਂ ਕਈ ਲੜਾਈਆਂ ਵਿੱਚ ਹਿੱਸਾ ਲੈਂਦਿਆਂ ਚਮਕੌਰ ਦੀ ਅਸਾਵੀਂ ਜੰਗ ਵਿੱਚ ਸ਼ਹੀਦੀ ਪ੍ਰਾਪਤ ਕਰ ਗਏ ਸਨ।

## ਸੁਖਬੀਰ ਦੇ ਸੁਖ ਵਿਲਾਸ ਲਈ ਬਾਈਪਾਸ ਨੇ 197 ਪਰਿਵਾਰਾਂ ਨੂੰ ਕੀਤਾ ਬੇ-ਆਵਾਸ

**ਚੰਡੀਗੜ੍ਹ/ਬਿਊਰੋ ਨਿਊਜ਼** : ਚੋਣ ਜ਼ਾਬਤਾ ਲੱਗਣ ਤੋਂ ਮਹਿਜ਼ ਇਕ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੇ 200 ਫੁੱਟ ਚੌੜੀ ਸੜਕ ਲਈ 100 ਏਕੜ ਤੋਂ ਵੱਧ ਜ਼ਮੀਨ ਐਕੁਆਇਰ ਕਰ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਸੜਕ ਦੇ ਨਿਰਮਾਣ ਲਈ ਕੁੱਲ 197 ਪਰਿਵਾਰਾਂ ਨੂੰ ਹੋਰ ਜਗ੍ਹਾ ਜਾਣਾ ਪਵੇਗਾ। ਅਧਿਕਾਰੀਆਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਸੜਕ ਨਾਲ ਨਿਊ ਚੰਡੀਗੜ੍ਹ ਨਾਲ ਸੰਪਰਕ ਸੁਧਰੇਗਾ ਪਰ ਅਸਲ ਵਿਚ ਇਹ ਸੜਕ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਲਗਜ਼ਰੀ ਰੇਸਤਰਾਂ ਸੁੱਖ ਵਿਲਾਸ ਦਾ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਨਾਲ ਸੰਪਰਕ ਸੁਧਾਰੇਗੀ।

ਸੂਤਰਾਂ ਮੁਤਾਬਕ ਪੰਜਾਬ ਸਰਕਾਰ ਦੇ ਹਾਊਸਿੰਗ ਤੇ ਸ਼ਹਿਰੀ ਵਿਕਾਸ ਵਿਭਾਗ ਨੇ 3 ਜਨਵਰੀ ਨੂੰ 'ਲੋਕਾਂ ਦੇ ਖਰਚੇ ਉਤੇ ਜਨਤਕ ਕਾਰਜ ਲਈ' ਅੱਠ ਪਿੰਡਾਂ ਦੀ 112.61 ਏਕੜ ਜ਼ਮੀਨ ਗ੍ਰਹਿਣ ਕਰਨ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ। ਇਸ ਜ਼ਮੀਨ 'ਤੇ 200 ਫੁੱਟ ਚੌੜੀ ਸੜਕ ਬਣਾਈ ਜਾਣੀ ਹੈ। ਇਹ ਸੜਕ ਚੰਡੀਗੜ੍ਹ-ਖਰੜ ਹਾਈਵੇਅ ਉਤੇ ਏਅਰਪੋਰਟ ਰੋਡ ਨੇੜੇ ਸਥਿਤ ਪਿੰਡ ਦੇਸੂ ਮਾਜਰਾ ਤੋਂ ਸ਼ੁਰੂ ਹੋਵੇਗੀ। ਇਹ ਸੜਕ ਅੱਠ ਪਿੰਡਾਂ ਨਾਲ ਦੀ ਲੰਘੇਗੀ ਅਤੇ ਪਿੰਡ ਰਾਣੀ ਮਾਜਰਾ ਵਿੱਚ ਖ਼ਤਮ ਹੋਵੇਗੀ, ਜੋ ਨਵੀਂ ਬਣੀ 100 ਫੁੱਟ ਚੌੜੀ ਬੂਥਗੜ੍ਹ-ਨਿਊ ਚੰਡੀਗੜ੍ਹ ਰੋਡ ਉਤੇ ਸਥਿਤ ਹੈ। ਇਹ ਸੜਕ ਕੁਰਾਲੀ-ਚੰਡੀਗੜ੍ਹ ਨਾਲ ਜੁੜਦੀ ਹੈ, ਜੋ ਪਿੰਡ ਪੱਲ੍ਹਣਪੁਰ ਸਥਿਤ ਸੁਖਬੀਰ ਬਾਦਲ ਦੇ ਸੁੱਖ ਵਿਲਾਸ ਨੂੰ ਜਾਂਦੀ ਹੈ। ਗਮਾਡਾ ਵਿਚਲੇ ਸੂਤਰਾਂ ਮੁਤਾਬਕ ਨਿਊ ਚੰਡੀਗੜ੍ਹ ਨੂੰ ਚੰਡੀਗੜ੍ਹ ਜਾਂ ਪੰਜਾਬ ਨਾਲ ਜੋੜਨ ਲਈ ਪਹਿਲਾਂ ਹੀ ਤਿੰਨ ਸੜਕਾਂ ਹਨ ਅਤੇ ਇਹ ਸੜਕ ਸੁਖਬੀਰ ਬਾਦਲ ਦੇ ਸੁੱਖ ਵਿਲਾਸ ਰੇਸਤਰਾਂ ਤੇ ਹਵਾਈ ਅੱਡੇ ਵਿਚਾਲੇ ਬਿਹਤਰ ਸੰਪਰਕ ਲਈ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੀ ਗਈ ਹੈ। ਇਸ ਪ੍ਰਾਜੈਕਟ ਦੇ ਅਸਰ ਮੁਲਾਂਕਣ ਬਾਰੇ ਰਿਪੋਰਟ ਮੁਤਾਬਕ ਇਸ ਸੜਕ ਦੇ ਨਿਰਮਾਣ ਲਈ ਕੁੱਲ 197 ਪਰਿਵਾਰਾਂ ਨੂੰ ਹੋਰ ਜਗ੍ਹਾ ਜਾਣਾ ਪਵੇਗਾ।

ਗੌਰਤਲਬ ਹੈ ਕਿ ਬਾਦਲ-ਓਬਰਾਏ ਦੇ ਉੱਦਮ 'ਦਿ ਓਬਰਾਏ ਸੁੱਖ ਵਿਲਾਸ ਰਿਜ਼ੋਰਟਜ਼ ਐਂਡ ਸਪਾ' ਖ਼ਿਲਾਫ਼ ਵਾਤਾਵਰਣ ਨਿਯਮਾਂ ਦੀ ਉਲੰਘਣਾ ਦੀ ਸ਼ਿਕਾਇਤ ਉਤੇ ਕੇਂਦਰੀ ਵਾਤਾਵਰਣ, ਜੰਗਲਾਤ ਤੇ ਜਲਵਾਯੂ ਤਬਦੀਲੀ ਬਾਰੇ ਮੰਤਰਾਲੇ ਦੇ ਖੇਤਰੀ ਦਫ਼ਤਰ ਨੇ ਸੂਬਾਈ ਸਰਕਾਰ ਤੋਂ ਰਿਪੋਰਟ ਮੰਗੀ ਹੈ।

'ਆਪ' ਦੇ ਆਰਟੀਆਈ ਵਿੰਗ ਦੇ ਕੋ-ਕਨਵੀਨਰ ਦਿਨੇਸ਼ ਚੱਢਾ ਨੇ ਕਿਹਾ, 'ਨਿਊ ਚੰਡੀਗੜ੍ਹ ਦਾ ਮਾਸਟਰ ਪਲਾਨ ਬਾਦਲ ਪਰਿਵਾਰ ਦੇ ਵਪਾਰਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਡਿਜ਼ਾਇਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨਾਲ ਸੁੱਖ ਵਿਲਾਸ ਦੇ ਚੰਡੀਗੜ੍ਹ ਨਾਲ ਬਿਹਤਰ ਸੰਪਰਕ ਲਈ ਇਕ ਸੜਕ ਬਣਾਈ ਗਈ ਸੀ। ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਜਨਤਕ ਕਾਰਜ ਕਰਨ ਬਜਾਏ ਇਨ੍ਹਾਂ ਵੱਲੋਂ ਚਲਾਕੀ ਨਾਲ ਆਪਣੇ ਨਿੱਜੀ ਕੰਮ ਪਹਿਲ ਦੇ ਆਧਾਰ ਉਤੇ ਕਰਾਏ ਗਏ ਹਨ। ਚੋਣ ਕਮਿਸ਼ਨ ਨੂੰ ਇਸ ਦਾ ਨੋਟਿਸ ਲੈਣਾ ਚਾਹੀਦਾ ਹੈ।'

## ਬਰਤਾਨੀਆ : ਲੇਬਰ ਪਾਰਟੀ ਆਗੂ ਜੇਰਮੀ ਕੋਰਬਿਨ ਨੇ ਸਾਕਾ ਨੀਲਾ ਤਾਰਾ ਦੀ ਨਵੇਂ ਸਿਰਿਓਂ ਜਾਂਚ ਮੰਗੀ

**ਲੰਡਨ/ਬਿਊਰੋ ਨਿਊਜ਼** :ਬਰਤਾਨੀਆ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਦੇ ਨੇਤਾ ਜੇਰਮੀ ਕੋਰਬਿਨ ਨੇ ਬਰਤਾਨਵੀ ਪ੍ਰਧਾਨ ਮੰਤਰੀ ਥੇਰੇਸਾ ਮੇਅ ਨੂੰ ਇਕ ਪੱਤਰ ਲਿਖ ਕੇ 1984 ਦੇ ਭਿਆਨਕ ਆਪਰੇਸ਼ਨ ਬਲਿਊ ਸਟਾਰ ਵਿਚ ਬਰਤਾਨੀਆ ਦੀ ਕਥਿਤ ਭੂਮਿਕਾ ਦੀ ਨਵੇਂ ਸਿਰਿਓਂ ਸੁਤੰਤਰ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਕੋਰਬਿਨ ਨੇ 4 ਜਨਵਰੀ ਨੂੰ ਡਾਊਨਿੰਗ ਸਟਰੀਟ ਨੂੰ ਪੱਤਰ ਬਰਤਾਨਵੀ ਸਿੱਖ ਭਾਈਚਾਰੇ ਦੇ ਪ੍ਰਤੀਨਿਧਾਂ ਵਲੋਂ ਦਿੱਤੀਆਂ ਦਰਖਾਸਤਾਂ ਪਿੱਛੋਂ ਲਿਖਿਆ ਹੈ, ਜਿਨ੍ਹਾਂ ਵਿਚ ਸਿੱਖ ਭਾਈਚਾਰੇ ਵਲੋਂ 1984 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੈਨਿਕ ਕਾਰਵਾਈ ਵਿਚ ਬਰਤਾਨੀਆ ਦੀ ਕਥਿਤ ਭੂਮਿਕਾ ਦੇ ਸਾਰੇ ਵੇਰਵੇ ਦੱਸਣ ਦੀ ਮੰਗ ਕੀਤੀ ਗਈ ਹੈ। ਜਨਵਰੀ 2014 ਦੇ ਜਾਇਜ਼ੇ ਦੀ ਪ੍ਰਭਾਵਸ਼ੀਲਤਾ ਅਤੇ ਸਚਾਈ ਬਾਰੇ ਉੱਠੇ ਸਵਾਲਾਂ ਦਾ ਹਵਾਲਾ ਦਿੰਦਿਆਂ ਕੋਰਬਿਨ ਨੇ ਕਿਹਾ, "ਮੇਰਾ ਖਿਆਲ ਹੈ ਕਿ ਸਾਨੂੰ ਬਰਤਾਨਵੀ ਇਤਿਹਾਸ ਵਿਚ ਇਸ ਘਟਨਾ ਦੀ ਨਵੇਂ ਸਿਰਿਓਂ ਸੁਤੰਤਰ ਜਾਂਚ ਕਰਵਾਉਣ ਬਾਰੇ ਸੋਚਣਾ ਚਾਹੀਦਾ ਹੈ। ਬਰਤਾਨੀਆ ਦੇ ਸਿੱਖ ਸੰਗਠਨਾਂ ਨਾਲ ਉਨ੍ਹਾਂ ਦੀ ਚਰਚਾ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸਿੱਖਾਂ ਵਿਚ ਇਸ ਗੱਲ ਦੀ ਨਰਾਜ਼ਗੀ ਹੈ ਕਿ ਇਸ ਭਿਆਨਕ ਘਟਨਾ ਦੇ 30 ਸਾਲ ਬਾਅਦ ਵੀ ਬਰਤਾਨੀਆ ਵਲੋਂ ਸੈਨਿਕ ਕਾਰਵਾਈ ਵਿਚ ਨਿਭਾਈ ਭੂਮਿਕਾ ਬਾਰੇ ਸਵਾਲ ਉਂਜ ਹੀ ਖੜ੍ਹੇ ਹਨ।" ਕੋਰਬਿਨ ਨੇ ਕਿਹਾ ਕਿ 1984 ਤੋਂ ਬਾਅਦ ਭਾਰਤ ਨਾਲ ਸਬੰਧਤ 33 ਫਾਈਲਾਂ ਅਗਸਤ 2016 ਵਿਚ 32 ਸਾਲ ਬਾਅਦ ਜਾਰੀ ਕੀਤੀਆਂ ਗਈਆਂ ਸਨ (ਜਦ ਕਿ ਨਿਯਮ 30 ਸਾਲ ਦਾ ਹੈ)। ਉਨ੍ਹਾਂ ਕਿਹਾ ਕਿ ਇਹ ਮਾਮਲਾ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਸਰਕਾਰ ਪਾਰਦਰਸ਼ਤਾ ਨਹੀਂ ਵਿਖਾ ਰਹੀ। ਮਿਸਟਰ ਜੈਰਮੀ ਕੋਰਬਿਨ ਨੇ ਮੰਗ ਕੀਤੀ ਕਿ ਸਾਰੀਆਂ ਫਾਈਲਾਂ ਮੁੜ ਜਨਤਕ ਕੀਤੀਆਂ ਜਾਣ ਤੇ ਨਿਰਪੱਖ ਕਮਿਸ਼ਨ ਬਿਠਾ ਕੇ ਇਸ ਮਾਮਲੇ ਦੀ ਜਾਂਚ ਹੋਵੇ। ਜ਼ਿਕਰਯੋਗ ਹੈ ਕਿ ਬਰਤਾਨੀਆ ਵਿਚ ਸਰਗਰਮ ਸਿੱਖ ਫੈਡਰੇਸ਼ਨ ਨੇ ਮੌਜੂਦਾ ਪ੍ਰਧਾਨ ਮੰਤਰੀ ਥੇਰੇਸਾ ਮੇਅ ਨੂੰ ਅਪ੍ਰੇਸ਼ਨ ਬਲਿਊ ਸਟਾਰ ਦੌਰਾਨ ਇੰਗਲੈਂਡ ਦੀ ਭੂਮਿਕਾ ਨਾਲ ਸਬੰਧਤ ਸਾਰੀਆਂ ਗੁਪਤ ਫਾਈਲਾਂ ਜਨਤਕ ਕਰਵਾਉਣ ਤੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਬਰਤਾਨੀਆ ਵਿਚ ਸਿੱਖ ਫੈਡਰੇਸ਼ਨ ਦੇ ਭਾਈ ਅਮਰੀਕ ਸਿੰਘ ਗਿੱਲ ਤੇ ਭਾਈ ਦਵਿੰਦਰਜੀਤ ਸਿੰਘ ਨੇ ਲੇਬਰ ਲੀਡਰ ਜੈਰਮੀ ਕੋਰਬਿਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਰਤਾਨੀਆ ਦੀ ਜਨਤਾ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ 30 ਸਾਲ ਪਹਿਲਾਂ ਆਖ਼ਰ ਕੀ ਹੋਇਆ ਸੀ। ਉਨ੍ਹਾਂ ਕਿਹਾ ਕਿ 1980 ਤੋਂ ਭਾਰਤ ਵੱਲੋਂ ਸਿੱਖ ਨਸਲਕੁਸ਼ੀ ਕੀਤੀ ਜਾ ਰਹੀ ਸੀ ਅਤੇ ਯੂ.ਕੇ. ਵਿੱਚ ਸਿੱਖਾਂ ਦੀ ਆਵਾਜ਼ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ।

# Classified

## ਕੰਨਿਆ ਦੀ ਲੋੜ

**ਅਸਟਰੇਲੀਆ ਤੋਂ ਸ਼ੈਫ਼ (Cooking course from Australia) ਕਰਕੇ ਆਏ ਜੱਟ ਸਿੱਖ 6 ਫੁੱਟ, ਉਮਰ 27 ਸਾਲ, 10 ਸਾਲ ਦੇ Visitor visa ਉਪਰ ਅਮਰੀਕਾ ਆਏ ਸੁਨੱਖੇ ਨੌਜਵਾਨ, ਜਿਸ ਦੀ ਫਰੀਦਕੋਟ ਪੰਜਾਬ ’ਚ 20 ਕਿੱਲਿਆਂ ਦੇ ਫਾਰਮ ਵਿਚ ਸ਼ਾਹੀ ਕੋਠੀ ਦੇ ਮਾਲਕ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ।**

**ਹੋਰ ਜਾਣਕਾਰੀ ਲਈ : ਫੋਨ ਨੰਬਰ: 209-914-2980**

## ਵਰ ਦੀ ਲੋੜ

**ਅਮਰੀਕਾ ਵਿਚ ਜਨਮੀ ਖ਼ੂਬਸੂਰਤ ਲੜਕੀ, ਉਮਰ 28, 5’ 2” ਲਈ ਜੱਟ ਸਿੱਖ ਪ੍ਰੋਫੈਸ਼ਨਲ, ਸ਼ੁੱਧ ਸ਼ਾਕਾਹਾਰੀ ਵਰ ਦੀ ਲੋੜ। ਬਿਜ਼ਨਸ ਮਾਰਕੀਟਿੰਗ ਵਿਚ ਬੈਚਲਰ ਡਿਗਰੀ। ਦਹੇਜ ਲੈਣ ਵਾਲੇ ਮੁਆਫ਼ ਕਰਨ। ਫੋਟੋ ਤੇ ਬਾਇਓਡੈਟਾ ਸਮੇਤ ਈਮੇਲ- 5RiversDeep@gmail.com. ’ਤੇ ਸੰਪਰਕ ਕੀਤਾ ਜਾ ਸਕਦਾ ਹੈ।**

## Bride WANTED

Seeking Jatt Sikh profesional, Pure Vegetarian match for our US born beautiful daughter, 28, 5’ 2’’. Bachelor’s Degree in Business Marketing. Dowry seekers please excuse. Interested, please contact with photo and biodata at 5RiversDeep@gmail.com.


## ਰੱਤ ਕਾ ਕੁੰਗੂ

ਸੀ, ਜਿਸ ਵੇਲੇ ਸੱਠ ਸੱਤਰ ਲੋਕਾਂ ਦੀ ਭੀੜ ਇੰਦਰਾ ਗਾਂਧੀ ਜ਼ਿੰਦਾਬਾਦ ਦੇ ਨਾਅਰੇ ਲਾਉਂਦੀ ਉਨ੍ਹਾਂ ਦੇ ਘਰ ਆਈ। ਭੀੜ ਦੀ ਅਗਵਾਈ ਕਰਨ ਵਾਲਾ ਨੇਤਾ ਰੋਜ਼ ਮੇਜਰ ਨਾਲ ਬਹਿ ਕੇ ਚਾਹ ਪੀਣ ਵਾਲਾ ਬੰਦਾ ਹੀ ਸੀ। ਉਹ ਭੀੜ ਨੂੰ ਭੜਕਾ ਰਿਹਾ ਸੀ। ਮਹਿੰਦਰ ਸਿੰਘ ਨੇ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਉਸੇ ਨੇਤਾ ਨੇ ਭੀੜ ਨੂੰ ਨਾਅਰੇ ਦਿੱਤੇ “ਜਿਸ ਹਿੰਦੂ ਕਾ ਖ਼ੂਨ ਨਾ ਖੌਲਾ, ਖ਼ੂਨ ਨਹੀਂ ਵੋਹ ਪਾਨੀ ਹੈ”, “ਖ਼ੂਨ ਕਾ ਬਦਲਾ ਖ਼ੂਨ ਸੇ ਲੇਂਗੇ” ਤੇ ਇਹਦੇ ਨਾਲ ਹੀ ਕੋਠੀ ‘ਤੇ ਭੀੜ ਨੇ ਪਥਰਬਾਜ਼ੀ ਸ਼ੁਰੂ ਕਰ ਦਿੱਤੀ।

ਮਹਿੰਦਰ ਸਿੰਘ ਨੇ ਦੋ ਹਵਾਈ ਫ਼ਾਇਰ ਕੀਤੇ ਤਾਂ ਦੰਗਾਈ ਦੌੜ ਗਏ। ਮੇਜਰ ਨੇ ਕਾਨਪੁਰ ਪੁਲੀਸ ਕੰਟਰੋਲ ਰੂਮ ਵਿਚ ਫੋਨ ਕਰਕੇ ਸਾਰੇ ਹਾਲਾਤ ਦੱਸੇ ਤੇ ਮਦਦ ਲਈ ਫੋਰਸ ਮੰਗੀ। ਇਕ ਘੰਟੇ ਪਿੱਛੋਂ ਪੀ.ਏ.ਸੀ. ਦੇ ਅੱਠ ਜੁਆਨ ਆਏ ਤੇ ਸਾਰੀ ਰਾਤ ਪਹਿਰੇ ’ਤੇ ਰਹੇ। 1 ਨਵੰਬਰ ਸਵੇਰੇ ਸਾਢੇ ਨੌਂ ਵਜੇ ਦੋ ਢਾਈ ਸੌ ਦੀ ਭੀੜ ਲੈ ਕੇ ਨੇਤਾ ਜੀ ਫਿਰ ਆ ਧਮਕੇ ਤੇ ਪੀ.ਏ.ਸੀ. ਦੀ ਮੌਜੂਦਗੀ ਵਿਚ ਭੀੜ ਨੇ ਪਥਰਾਅ ਸ਼ੁਰੂ ਕਰ ਦਿੱਤਾ। ਇਕ ਦੋ ਲਾਠੀਆਂ ਜ਼ਮੀਨ ’ਤੇ ਪਟਕਣ ਤੋਂ ਬਾਅਦ ਪੀ.ਏ.ਸੀ. ਦੇ ਜਵਾਨ ਚੁੱਪਚਾਪ ਇਕ ਪਾਸੇ ਖੜ੍ਹੇ ਹੋ ਕੇ ਤਮਾਸ਼ਾ ਵੇਖਣ ਲੱਗੇ। ਕਰਨਲ ਮਹਿੰਦਰ ਸਿੰਘ ਨੇ ਆਤਮ ਰੱਖਿਆ ਲਈ ਛੱਤ ’ਤੇ ਖੜ੍ਹੇ ਹੋ ਕੇ ਹਵਾਈ ਫ਼ਾਇਰ ਕਰਨੇ ਸ਼ੁਰੂ ਕਰ ਦਿੱਤੇ, ਪਰ ਇਸ ਦੇ ਬਾਵਜੂਦ ਭੀੜ ਵਧਣੀ ਸ਼ੁਰੂ ਹੋ ਗਈ। ਸਾਢੇ ਬਾਰ੍ਹਾਂ ਵਜੇ ਦੇ ਕਰੀਬ ਪੀ.ਏ.ਸੀ. ਵਾਲੇ ਉਥੋਂ ਖਿਸਕ ਗਏ। ਕਈ ਵਾਰ ਫੋਨ ਕਰਨ ਤੋਂ ਬਾਅਦ ਡੇਢ ਵਜੇ ਪੁਲੀਸ ਤੇ ਪੀ.ਏ.ਸੀ. ਦੀਆਂ ਤਿੰਨ ਗੱਡੀਆਂ ਆਈਆਂ, ਪਰ ਨੇਤਾਵਾਂ ਨੇ ਪੁਲੀਸ ਨਾਲ ਗੰਢ ਤ੍ਰੁੱਪ ਕਰਕੇ ਉਸ ਨੂੰ ਵਾਪਸ ਭੇਜ ਦਿੱਤਾ।

ਪੁਲੀਸ ਦੇ ਹਟਦਿਆਂ ਹੀ ਭੀੜ ਨੇ ‘ਵਾਰ ਹੀਰੋ ਆਇਲ ਕੰਪਨੀ’ ਦਾ ਸ਼ਟਰ ਤੋੜ ਕੇ ਸਾਰਾ ਸਾਮਾਨ ਲੁੱਟ ਲਿਆ ਤੇ ਫ਼ਰਨੀਚਰ ਨੂੰ ਅੱਗ ਲਾ ਦਿੱਤੀ। ਕਰਨਲ ਨੇ ਕਈ ਗੋਲੀਆਂ ਜ਼ਮੀਨ ’ਤੇ ਚਲਾ ਕੇ ਗੇਟ ਤੋੜ ਰਹੀ ਭੀੜ ਨੂੰ ਨਸਾਉਣਾ ਚਾਹਿਆ, ਪਰ ਸਭ ਵਿਅਰਥ ਸੀ। ਵਾਰ ਵਾਰ ਫ਼ੋਨ ਕਰਨ ’ਤੇ ਸ਼ਾਮੀ ਚਾਰ ਵਜੇ ਡੀ.ਐਮ. ਬਰਜਿੰਦਰ ਸ਼ਾਮੀ ਤਿੰਨ ਟਰੱਕ ਫੌਜੀ ਜੁਆਨਾਂ ਦੇ ਭਰ ਕੇ ਆ ਗਏ ਤੇ ਜੁਆਨਾਂ ਮੋਰਚਾ ਲਾ ਲਿਆ। ਭੀੜ ਦੂਰ ਹਟ ਗਈ। ਡੀ.ਐਮ. ਨੇ ਛੱਤ ’ਤੇ ਖੜ੍ਹੇ ਮੇਜਰ ਨੂੰ ਆਵਾਜ਼ ਦਿੱਤੀ ਕਿ ਪਰਿਵਾਰ ਸਮੇਤ ਹੇਠਾਂ ਆ ਜਾਣ, ਪਰ ਮਹਿੰਦਰ ਸਿੰਘ ਨੇ ਕਿਹਾ ਕਿ ਗੱਡੀ ਨੂੰ ਗੇਟ ਕੋਲ ਲੈ ਆਉ ਤੇ ਕੁਝ ਜੁਆਨਾਂ ਨਾਲ ਉਪਰ ਆ ਕੇ ਸਾਨੂੰ ਸੁਰੱਖਿਅਤ ਹੇਠਾਂ ਲੈ ਜਾਉ। ਪਰ ਸ੍ਰੀ ਬਰਜਿੰਦਰ ਉੱਤੇ ਨਹੀਂ ਗਏ ਸਗੋਂ ਫ਼ੌਜ ਨੂੰ ਲੈ ਕੇ ਵਾਪਸ ਚਲੇ ਗਏ।

ਉਸੇ ਵੇਲੇ ਸ਼ਿਵਨਾਥ ਸਿੰਘ ਕੁਸ਼ਵਾਹਾ ਦੇ ਭਤੀਜੇ ਰਾਘਵੇਂਦਰ ਨੇ ਦੋ ਬੱਸਾਂ ਭਰ ਕੇ ਪੇਸ਼ੇਵਰ ਅਪਰਾਧੀ ਤੇ ਮੰਨੇ ਹੋਏ ਡਾਕੂਆਂ ਦੀਆਂ ਲਿਆਂਦੀਆਂ। ਉਨ੍ਹਾਂ ਬੰਗਲੇ ਦੀ ਪਿਛਲੀ ਕੰਧ ਤੋੜ ਦਿੱਤੀ ਤੇ ਗੁਆਂਢੀਆਂ ਦੇ ਕੋਠੇ ਤੋਂ ਛਾਲਾਂ ਮਾਰ ਕੇ ਕੋਠੀ ਵਿਚ ਦਾਖਲ ਹੋ ਗਏ। ਇਨ੍ਹਾਂ ਲੋਕਾਂ ਕੋਲ ਰਾਈਫਲਾਂ, ਪਿਸਤੌਲਾਂ, ਬਰਛੀਆਂ, ਭਾਲੇ, ਤਲਵਾਰਾਂ ਤੇ ਹਥਗੋਲੇ ਸਨ। ਮਹਿੰਦਰ ਸਿੰਘ ਕੋਲ ਅਸਲਾ ਖ਼ਤਮ ਹੋ ਗਿਆ ਤਾਂ ਉਹ ਰੀਵਾਲਵਰ ਲੈ ਕੇ ਹੇਠਾਂ ਉਤਰ ਆਏ। ਕੁਝ ਦੂਰ ਤਕ ਤਾਂ ਉਨ੍ਹਾਂ ਭੀੜ ਨੂੰ ਦੌੜਾਇਆ, ਪਰ ਬਾਅਦ ਵਿਚ ਲੋਕੀਂ ਸਮਝ ਗਏ ਕਿ ਪਿਸਤੌਲ ਵਿਚ ਗੋਲੀ ਨਹੀਂ ਤਾਂ ਉਨ੍ਹਾਂ ਨੂੰ ਫੜ ਕੇ ਜੋ ਜਿਸ ਦੇ ਹੱਥ ਵਿਚ ਸੀ, ਮਾਰ ਮਾਰ ਕੇ ਖ਼ਤਮ ਕਰ ਦਿੱਤਾ ਤੇ ਪੈਟਰੋਲ ਛਿੜਕ ਕੇ ਸਾੜ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਘਰ ਦੇ ਸਾਰੇ ਜੀਆਂ ਨੂੰ ਮਾਰਨਾ ਕੁੱਟਣਾ ਤੇ ਕੋਠੇ ਤੋਂ ਥੱਲੇ ਸੁਟਣਾ ਸ਼ੁਰੂ ਕਰ ਦਿੱਤਾ। ਕੁਝ ਹੀ ਮਿੰਟਾਂ ਵਿਚ ਪਰਿਵਾਰ ਦੇ ਬਾਰ੍ਹਾਂ ਬੰਦਿਆਂ ਨੂੰ ਹਲਾਕ ਕਰ ਦਿੱਤਾ ਗਿਆ। ਉਨ੍ਹਾਂ ਦੀ ਬਾਰ੍ਹਾਂ ਸਾਲਾਂ ਦੀ ਬੱਚੀ ਜਗਜੀਤ ਨੂੰ ਵੀ ਉਨ੍ਹਾਂ ਛੱਤ ਤੋਂ ਹੇਠਾਂ ਸੁਟਿਆ ਪਰ ਲਾਸ਼ਾਂ ਦੇ ਢੇਰ ’ਤੇ ਡਿਗਣ ਕਰਕੇ ਉਹ ਬਚ ਗਈ ਤੇ ਜਾਨ ਬਚਾਉਣ ਲਈ ਗੁਆਂਢੀਆਂ ਦੇ ਘਰ ਨੱਸੀ। ਭੀੜ ਵੀ ਪਿਛੇ ਨਸੀ, ਪਰ ਗੁਆਂਢੀਆਂ ਨੇ ਕਿਹਾ ਕਿ ਘਰ ਦੀ ਨੌਕਰਾਣੀ ਹੈ, ਇਹਨੂੰ ਛੱਡ ਦਿਉ... ਤਾਂ ਉਨ੍ਹਾਂ ਉਸ ਦੀ ਜਾਨ ਬਖ਼ਸ਼ ਦਿੱਤੀ। ਟੈਂਕਰਾਂ ਨੂੰ ਅੱਗ ਲਾ ਦਿੱਤੀ ਗਈ ਤੇ ਕਾਨਪੁਰ ਦੇ ਇਤਿਹਾਸ ਵਿਚ ਇਕ ਹੋਰ ਭਿਆਨਕ ਖ਼ੂਨੀ ਸਾਕਾ ਜੁੜ ਗਿਆ।

**(ਬਾਕੀ ਅਗਲੇ ਹਫ਼ਤੇ)**

## ਸਿੱਖੀ ਦੇ ਸਨਮੁਖ ਬੁੱਤ ਪੂਜਾ ਦੇ ਰਾਹ ਅਤੇ ਰੂਪ

ਬੇਅੰਤ ਸਿੰਘ, ਭਾਈ ਸਤਵੰਤ ਅਤੇ ਭਾਈ ਕੇਹਰ ਸਿੰਘ ਨੂੰ ਇਕ ਫਿਲਮ ਵਿਚ ਅਤੇ ਦੂਜੀ ਫਿਲਮ ਵਿਚ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਵਿਖਾਇਆ ਗਿਆ ਹੈ। ਇਕ ਹੋਰ ਫਿਲਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਪਾਤਰ ਵਿਖਾਇਆ ਹੈ ਜਿਸ ਨਾਲ ਵਰਤਮਾਨ ਸਮੇਂ ਦੀ ਸ਼ਹੀਦ ਪਰੰਪਰਾ ਪੂਰਨ ਰੂਪ ਵਿਚ ਬੁੱਤ ਪਰੰਪਰਾ ਵਿਚ ਤਬਦੀਲ ਹੋਣ ਦਾ ਮੁੱਢ ਬੱਝ ਗਿਆ ਹੈ।

ਸ਼ਹਾਦਤਾਂ ਦਾ ਅਹਿਸਾਸ ਜੋ ਪੰਥਕ ਸਿਮਰਤੀ ਦਾ ਹਿੱਸਾ ਹੋਣਾ ਸੀ ਅਤੇ ਜਿਸ ਨੇ ਸਾਰੇ ਇਤਿਹਾਸ ਨੂੰ ਮੁੜ ਤਾਜਾ ਕਰਨਾ ਸੀ ਉਹ (ਸਾਡੇ ਸੁਚੇਤ ਹੋਣ ਤੋਂ ਪਹਿਲਾਂ) ਸਮੁੱਚੀ ਸ਼ਹੀਦ ਪਰੰਪਰਾ ਸਮੇਤ (ਜਿਸਦਾ ਅਹਿਸਾਸ ਰੂਹਾਨੀ ਸਬੰਧ ਰਾਹੀਂ ਹੋਣਾ ਸੀ) ਖੁਸ਼ਕ ਇਤਿਹਾਸਕ ਜਾਣਕਾਰੀ ਵਿਚ ਬਦਲਣ ਲੱਗਿਆ ਹੈ। ਇਤਿਹਾਸਕ ਹਸਤੀਆਂ ਨੂੰ ਪਾਤਰਾਂ ਵਿਚ ਢਾਲਣ ਵੇਲੇ ਉਹਨਾਂ ਨੂੰ ਹੋਰ ਵਧੇਰੇ ਮਨੁੱਖੀ ਅਤੇ ਇਤਿਹਾਸੀ ਕਰਨ ਦਾ ਚੱਕਰ ਉਹਨਾਂ ਦੇ ਸਨਮਾਨ ਨੂੰ ਪੂੰਝ ਕੇ ਸੁੱਟ ਦਿੰਦਾ ਹੈ। ਉਹਨਾਂ ਨੂੰ ਆਮ ਮਨੁੱਖੀ ਆਦਤਾਂ ਅਤੇ ਕਮਜੋਰੀਆਂ ਦੇ ਪੁਤਲੇ ਮੰਨਣ ਵੱਲ ਧੱਕ ਦਿੰਦਾ ਹੈ। ਹੈਰੀ ਬਵੇਜਾ ਦੀ “ਚਾਰ ਸ਼ਾਹਿਬਜਾਦੇ- 2” (ਬਾਬਾ ਬੰਦਾ ਸਿੰਘ ਬਹਾਦਰ ਵਾਲੀ) ਫਿਲਮ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਪਾਤਰ ਨੂੰ ਮੁੜ ਮੁੜ ਕੇ ਕਰੋਧ ਵਿਚ ਆਉਂਦਾ ਹੈ ਜਦੋਂ ਵੀ ਸਾਹਿਬਜਾਦਿਆਂ ਦੇ ਸ਼ਹੀਦ ਹੋਣ ਦੀ ਗੱਲ ਚਲਦੀ ਹੈ। ਭਾਵੇਂ ਇਕ ਥਾਂ ਕਿਹਾ ਗਿਆ ਹੈ ਕਿ ਉਹਨਾਂ ਦਾ ਕੰਮ ਬਦਲਾ ਲੈਣਾ ਨਹੀਂ ਹੈ ਪਰ ਸਾਰੀ ਕਹਾਣੀ ਅੰਦਰ ਆਲਾ ਦੁਆਲਾ ਇਸੇ ਤਰ੍ਹਾਂ ਹੀ ਉਸਾਰਿਆ ਗਿਆ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਮਕਸਦ ਅਤੇ ਉਹਨਾਂ ਦੀ ਕੁੱਲ ਪਰਾਪਤੀ ਵਜੀਰ ਖਾਨ ਨੂੰ ਮਾਰਨਾ ਹੀ ਸੀ। ਕਹਾਣੀ ਮਹਾਨ ਸਿੱਖ ਸ਼ਹੀਦ ਅਤੇ ਬਾਦਸ਼ਾਹ ਨੂੰ ਇਸ ਹੱਦ ਤੱਕ ਥੱਲੇ ਲੈ ਕੇ ਜਾਂਦੀ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਜੰਗ ਵਿਚ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਅੱਗੇ ਬੇਨਤੀ ਕਰਦੇ ਹਨ ਕਿ ‘ਜਦੋਂ ਵਜੀਰ ਖਾਨ ਮੇਰੇ ਸਾਹਮਣੇ ਹੋਵੇ ਉਸ ਤੋਂ ਬਦਲਾ ਲੈਣ ਵੇਲੇ ਮੈਨੂੰ ਅਸੂਲ ਤੋੜਨ ਲਈ ਮੁਆਫ ਕਰ ਦੇਣਾ’। ਕਹਾਣੀ ਦੇ ਵਹਾਅ ਵਿਚ ਭਿੱਜੇ/ਭਾਵਕ ਹੋਏ ਦਰਸ਼ਕ ਨੂੰ ਇਹ ਗੱਲ ਬੜੀ ਜਚਦੀ ਹੈ। ਉਹ ਦਰਸ਼ਕ ਸੋਚ ਵੀ ਨਹੀਂ ਸਕਦਾ ਕਿ ਕੇਡੀ ਗਲਤ ਗੱਲ ਉਸ ਦੇ ਜਿਹਨ ਵਿਚ ਉਤਾਰੀ ਗਈ ਹੈ। ਸਿੱਖ ਇਤਿਹਾਸ ਦਾ ਲਾਸਾਨੀ ਜਰਨੈਲ, ਬਾਦਸ਼ਾਹ ਅਤੇ ਸ਼ਹੀਦ ਕਿਵੇਂ ਇਕ ‘ਬਦਲਾਪੁਰ’ ਫਿਲਮ ਦੇ ਪਾਤਰ ਵਾਂਗ ਬਦਲਾ ਲੈਣ ਲਈ ਅਨੈਤਕ ਹੋਣ ਤੇ ਉਤਾਰੂ ਹੈ ਅਤੇ ਆਮ ਦਰਸ਼ਕ ਨੂੰ ਕੁਝ ਗਲਤ ਨਹੀਂ ਜਾਪਦਾ। ਕਿਉਂਕਿ ਪਰਦੇ ਤੇ ਸ਼ੀਸੇ ਉਪਰ ਅਣਗਿਣਤ ਕਹਾਣੀਆਂ ਦੀ ਚਾਲ ਨੇ ਮਨੁੱਖ ਮਨ ਅੰਦਰ ਅਸਾਧਰਨ ਮਨੁੱਖੀ ਕਿਰਦਾਰ ਦੀ ਪੜ੍ਹਤ ਵੀ ਪਕਾ ਦਿੱਤੀ ਹੈ। ਪਰਦੇ ਉਪਰ ਨਾਇਕ ਇਸ ਕਮਜ਼ੋਰ ਮਨੋਦਸ਼ਾ ਵਾਲੀ ਮਾਨਤਾ ਤੋਂ ਵੱਖਰਾ ਹੋ ਹੀ ਨਹੀਂ ਸਕਦਾ।

ਅਜੋਕੇ ਹਾਲਾਤ ਨੂੰ ਵੇਖ ਕੇ ਲੱਗਦਾ ਹੈ ਕਿ ਬਹੁਤ ਛੇਤੀ ਇਹ ਨਵੀਂ ਬੁੱਤ ਪੂਜਾ ਪੂਰੇ ਇਤਿਹਾਸ ਨੂੰ ਲਪੇਟ ਵਿਚ ਲੈ ਲਵੇਗੀ ਕਿਉਂਕਿ ਸੰਤ ਜਰਨੈਲ ਸਿੰਘ ਤੋਂ ਇਤਿਹਾਸ ਵੱਲ ਜਾਂਦਿਆਂ ਅਤੇ ਗੁਰੂ ਸਾਹਿਬ ਤੋਂ ਬਾਅਦ ਸਮਕਾਲ ਵੱਲ ਮੁੜਦਿਆਂ ਸਭ ਤੋਂ ਵਧੇਰੇ ਸਤਿਕਾਰਤ ਸ਼ਹੀਦ ਅਤੇ ਰਾਜਸੀ ਹਸਤੀ ਬਾਬਾ ਬੰਦਾ ਸਿੰਘ ਬਹਾਦਰ ਹਨ। 300 ਸਾਲਾਂ ਸ਼ਤਾਬਦੀ ਦੇ ਨਾਂ ਹੇਠ ਉਹਨਾਂ ਨੂੰ (ਬਿਨਾਂ ਕਿਸੇ ਵੱਡੇ ਵਿਰੋਧ ਦੇ) ਪਾਤਰ ਵਿਚ ਢਾਲਣ ਨਾਲ ਮੌਜੂਦਾ ਸਮੇਂ ਤੱਕ ਸਾਰਾ ਸਿੱਖ ਇਤਿਹਾਸ ਨਵੀਂ ਬੁੱਤ ਪਰੰਪਰਾ ਵਿਚ ਢਲਣਯੋਗ ਹੋ ਗਿਆ ਏ। ਯਾਦ ਰਹੇ ਕਿ ਪੰਜਾਬ ਅੰਦਰ ਕੁਝ ਥਾਵਾਂ ਤੇ ਪਹਿਲਾਂ ਹੀ ਸਾਰਾ ਸਿੱਖ ਇਤਿਹਾਸ ਬੁੱਤਾਂ ਦੇ ਰੂਪ ਵਿਚ ਬਣਾਇਆ ਪਿਆ ਹੈ ਅਤੇ ਕਾਗਜ਼ੀ ਅਤੇ ਕੰਧ ਤਸਵੀਰਾਂ ਲਗਭਗ ਸਾਰੇ ਇਤਿਹਾਸ ਦੀਆਂ ਬਣ ਗਈਆਂ ਹਨ। ਇਸ ਏਨੇ ਸਭ ਕੁਝ ਦੇ ਬਾਵਜੂਦ ਸ਼ਹੀਦਾਂ ਅਤੇ ਇਤਿਹਾਸਕ ਹਸਤੀਆਂ ਨੂੰ ਪਰਛਾਵੇਂ ਪੁਤਲਿਆਂ ਦੇ ਰੂਪ ਵਿਚ ਵੇਖਣ ਦਾ ਰੁਝਾਨ ਸ਼ੁਰੂ ਨਹੀਂ ਸੀ ਹੋਇਆ, ਜੋ ਹੁਣ ਹੋਣ ਜਾ ਰਿਹਾ ਹੈ।

**ਮਨੋਰੰਜਨ ਤੇ ਮਜਾਕ:** ਬਿਜਲ ਪੇਸ਼ਕਾਰੀ ਨਾਲ ਸਭਿਆਚਾਰਕ ਸਮਾਜਕ ਰੂਪ ਵਿਚ ਸ਼ਹੀਦਾਂ ਦੀ ਜੋ ਮਾਨਤਾ ਅਤੇ ਇੱਜ਼ਤ ਹੈ ਉਹ ਖਤਮ ਹੋਣ ਵੱਲ ਵਧੇਗੀ। ਇਸ ਦੀ ਇਕ ਮਿਸਾਲ “ਚਾਰ ਸਾਹਿਬਜ਼ਾਦੇ” ਫਿਲਮ ਹੈ ਜਿਸ ਦਾ ਪਹਿਲਾ ਭਾਗ ਲੋਕਾਂ ਨੇ ਬੜੀ ਸ਼ਰਧਾ ਨਾਲ ਵੇਖਿਆ ਉਸ ਵਿਚ ਧਾਰਮਿਕ ਅਹਿਸਾਸ ਹਾਜ਼ਰ ਸੀ ਪਰ ਦੋ ਸਾਲਾਂ ਅੰਦਰ ਹੀ ਦੂਜਾ ਭਾਗ ਵੇਖਣ ਵੇਲੇ ਧਾਰਮਿਕ ਅਹਿਸਾਸ ਖਤਮ ਹੋ ਗਿਆ ਸਿਰਫ ਇਤਿਹਾਸਕ ਰਹਿ ਗਿਆ। ਇਹ ਗੱਲ ਤੈਅ ਹੈ ਕਿ ਜੇ ਨਾ ਰੋਕਿਆ ਗਿਆ ਤਾਂ ਇਸ ਤੋਂ ਬਾਅਦ ਆਉਣ ਵਾਲੀਆਂ ਫਿਲਮਾਂ ਵਿਚ ਇਹ ਪਾਤਰ ਸਮਾਜਕ-ਸਭਿਆਚਾਰਕ ਪਰਸੰਗ ਦਾ ਹਿੱਸਾ ਵੀ ਬਣਨਗੇ।‘ਹਰਿਆਣਵੀ ਰਮਾਇਣ’ ਵਾਂਗ ਇਹ ਵੀ ਪੂਰਾ ਸੰਭਵ ਹੈ ਕਿ ਇਹ ਸ਼ਰਧਾ ਸਤਿਕਾਰ ਦੇ ਪਾਤਰ ਇਕ ਦਿਨ ਮਜਾਕ ਦੇ ਪਾਤਰ ਵੀ ਬਣਨਗੇ। ਆਉਣ ਵਾਲੇ ਸਮੇਂ ਵਿਚ ਹੋਣ ਵਾਲੀਆਂ ਅਜਿਹੀਆਂ ਗੱਲਾਂ ਨੂੰ ਰੋਕਿਆ ਨਹੀਂ ਜਾ ਸਕੇਗਾ ਕਿਉਂਕਿ ਜਦੋਂ ਅਸੀਂ ਸ਼ਹੀਦਾਂ ਨੂੰ ਪ੍ਰੇਰਨਾ ਸਰੋਤਾਂ ਦੀ ਥਾਂ ਜਾਣਕਾਰੀ ਦੇ ਰਸਦਾਇਕ ਰੂਪ ਵਿਚ ਤਬਦੀਲ ਕਰ ਲਿਆ ਤਾਂ ਇਸ ਦੇ ਅਗਲੇ ਪੜਾਅ ਵਜੋਂ ਇਕ ਦਿਨ ਮਜਾਕ ਵੀ ਸ਼ਾਮਲ ਹੋਵੇਗਾ। ਪਹਿਲਾਂ ਇਹਨਾਂ ਸਤਿਕਾਰਤ ਹਸਤੀਆਂ ਦੇ ਆਲੇ ਦੁਆਲੇ ਦੇ ਪਾਤਰਾਂ ਰਾਹੀਂ ਮਜਾਕ ਦਾ ਮਾਹੌਲ ਉਸਾਰਿਆ ਜਾਏਗਾ ਅਤੇ ਅਖੀਰ ਉਹ ਹਸਤੀਆਂ ਵੀ ਮਜਾਕ ਦਾ ਪਾਤਰ ਬਣਨਗੀਆਂ। ਇਹ ਬਹੁਤ ਸੰਭਵ ਹੈ ਕਿ ਜੇ ਨਾ ਠੱਲ੍ਹ ਪਈ ਤਾਂ ਸਾਡਾ ਸਮੇਂ ਵਿਚ ਹੀ ਸਿਧਾਂਤਕ ਬੇਅਦਬੀ ਦੀ ਅਖੀਰ ਹੋ ਜਾਵੇਗੀ ਨਹੀਂ ਤਾਂ ਆਉਂਦੀਆਂ ਪੀੜ੍ਹੀਆਂ ਲਈ ਇਹ ਰਾਹ ਫਿਲਮਾਂ ਨੇ ਯਕੀਨਨ ਹੀ ਖੋਲ੍ਹ ਦੇਣਾ ਹੈ। ਹੈਰੀ ਬਵੇਜਾ ਦੀ ਦੂਜੀ ਫਿਲਮ ਵਿਚ ਸ਼ਹੀਦਾਂ ਦੇ ਆਲੇ ਦੁਆਲੇ ਮਜਾਕ ਵੇਖਿਆ ਜਾ ਸਕਦਾ ਹੈ।

ਯਾਦ ਰਹੇ ਕਿ ਮਜਾਕ ਮਨੁੱਖੀ ਅਨੰਦ ਦਾ ਸਭ ਤੋਂ ਪਸੰਦੀਦਾ ਰੂਪ ਹੈ। ਫਿਲਮਾਂ ਜਮਾਂਦਰੂ ਰੂਪ ਵਿਚ ਹੀ ਮਨੋਰੰਜਨ ਦਾ ਸਾਧਨ ਹਨ। ਜੇ ਕੋਈ ਮਨੋਰੰਜਨ ਰਾਹੀਂ ਮਨੁੱਖੀ ਲੋੜਾਂ, ਇਛਾਵਾਂ ਤੇ ਵਾਸ਼ਨਾਵਾਂ ਦੀ ਜਾਣਕਾਰੀ ਗੱਲ ਕਰਨੀ ਚਾਹੁੰਦਾ ਹੈ ਤਾਂ ਇਹ ਸੰਭਵ ਹੈ ਕਿ ਸੁਨੇਹਾ ਕਾਮਯਾਬ ਰਹੇਗਾ। ਇਸ ਦੇ ਉਲਟ ਜੇ ਕੋਈ ਇਤਿਹਾਸਕ ਜਾਂ ਸਭਿਆਚਾਰਕ ਨੁਕਤੇ ਨੂੰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਇਹ ਪੇਸ਼ਕਾਰੀ ਵਿਰੋਧ ਅਤੇ ਵੰਡ ਦਾ ਸੁਨੇਹਾ ਲੈ ਕੇ ਜਰੂਰ ਆਉਂਦੀ ਹੈ ਖਾਸ ਕਰਕੇ ਜੋ ਸੱਤਾਹੀਣ ਲੋਕਾਂ ਲਈ। ਜਦੋਂ ਵੀ ਇਤਿਹਾਸਕ ਸਨਮਾਨ ਫਿਲਮਾਂ ਦਾ ਹਿੱਸਾ ਬਣੇਗਾ ਤਾਂ ਅੱਜ ਨਹੀਂ ਤਾਂ ਕੱਲ੍ਹ ਉਹੀ ਇਤਿਹਾਸਕ ਸਨਮਾਨ ਮਨੋਰੰਜਨ ਦੇ ਸਾਧਨ ਰਾਹੀਂ ਪੇਸ਼ ਹੋਣ ਕਰਕੇ ਮਜਾਕ ਦਾ ਹਿੱਸਾ ਵੀ ਬਣੇਗਾ। ਇਸ ਵਰਤਾਰੇ ਦੀ ਪਹਿਲੀ ਕੜੀ ਇਹ ਹੁੰਦੀ ਹੈ ਕਿ ਚੰਗੇ ਅਤੇ ਬੁਰੇ ਪਾਤਰਾਂ ਨੂੰ ਇਕੱਠਿਆਂ ਪੇਸ਼ ਕਰਕੇ ਇਕ ਮਜਾਕ ਪੈਦਾ ਕਰਨ ਲਈ ਵਰਤਿਆ ਜਾਂਦਾ ਹੈ। ਪਹਿਲੇ ਪੜਾਅ ਤੇ ਬੁਰੇ ਪਾਤਰ ਨਾਲ ਮਜਾਕ ਹੁੰਦਾ ਹੈ ਅਤੇ ਚੰਗੇ ਪਾਤਰ ਵਲੋਂ ਕੀਤਾ ਜਾਂਦਾ ਹੈ। ਜਦੋਂ ਇਹ ਕੌਤਕ ਦਰਸ਼ਕ ਦੇ ਹਜਮ ਹੋ ਜਾਂਦਾ ਹੈ ਤਾਂ ਅਗਲਾ ਪੜਾਅ ਸ਼ੁਰੂ ਹੁੰਦਾ ਹੈ ਕਿ ਮਜਾਕ ਪੈਦਾ ਕਰਨ ਲਈ ਚੰਗਿਆਈ ਦੇ ਵੱਡੇ ਅਤੇ ਛੋਟੇ ਪਾਤਰਾਂ ਨੂੰ ਪੇਸ਼ ਕੀਤਾ ਜਾਂਦਾ ਹੈ ਇਥੇ ਬੁਰੇ ਪਾਤਰ ਦੀ ਲੋੜ ਮੁਕ ਜਾਂਦੀ ਹੈ। ਦੂਜੇ ਪੜਾਅ ਦਾ ਮਜਾਕ ਵੱਡੇ ਚੰਗੇ ਵਲੋਂ ਛੋਟੇ ਚੰਗੇ ਪਾਤਰ ਨਾਲ ਕੀਤਾ ਜਾਂਦਾ ਹੈ। ਹੈਰੀ ਬਵੇਜਾ ਦੀ ਬਾਬਾ ਬੰਦਾ ਸਿੰਘ ਬਹਾਦਰ ਤੇ ਬਣੀ ਫਿਲਮ ਇਸੇ ਰਾਹ ਤੇ ਕਦਮਾਂ ਭਰਦੀ ਹੈ। ਮਿਸਾਲ ਵਜੋਂ ਕਹਾਣੀ ਵਿਚ ਇਕ ਥਾਂ ਪਹਿਲਾਂ ਛੋਟੇ ਸਾਹਿਬਜਾਦੇ ਗੰਗੂ ਬ੍ਰਾਹਮਣ ਨੂੰ ਲਾਲਚ ਦਿੰਦੇ ਹਨ ਤੇ ਹਾਸੇ ਵਾਲਾ ਮਾਹੌਲ ਪੈਦਾ ਹੁੰਦਾ ਹੈ। ਅਗਲੇ ਦ੍ਰਿਸ਼ ਵਿਚ ਮਾਤਾ ਜੀ ਸਾਹਿਬਜਾਦਿਆਂ ਨੂੰ ਖਾਣ ਦਾ ਲਾਲਚ ਦੇ ਰਹੇ ਹਨ, ਮਜਾਕ ਪੈਦਾ ਹੋ ਰਿਹਾ ਹੈ। ਦੋਵੇ ਵਾਰਤਾਲਾਪ ਮਜਾਕ ਪੈਦਾ ਕਰਦੇ ਹਨ ਇਕ ਮਨੁੱਖ ਵਲੋਂ ਦੂਜੇ ਮਨੁੱਖ ਦੀ ਕਮਜੋਰੀ ਨੂੰ ਵਰਤਣ ਦਾ। ਸਧਾਰਨ ਇਨਸਾਨੀ ਮਜਾਕ ਕਦੋਂ ਪਰਬਤ ਜਿੰਨੇ ਉਚੇ ਇਤਿਹਾਸਕ ਸਨਮਾਨ ਦੇ ਪੈਰਾਂ ਹੇਠੋਂ ਫੱਟਾ ਖਿਚ ਦਿੰਦਾ ਹੈ ਸ਼ਰਧਾਲੂਆਂ ਨੂੰ ਵੀ ਪਤਾ ਨਹੀਂ ਲੱਗਦਾ। ਉਹ ਕੁਰਸੀਆਂ ਵਿਚ ਧਸੇ ਮੁਸਕਾਉਂਦੇ ਰਹਿੰਦੇ ਹਨ।

ਦੂਜੇ ਪਾਸੇ, ਜਿਸ ਦੇਸ਼ ਕੌਮ ਨੇ ਆਪਣੇ ਇਤਿਹਾਸ ਜਾਂ ਦੰਦ ਕਥਾਵਾਂ ਦੇ ਜਿਸ ਹਿੱਸੇ ਨੂੰ ਇਕ ਵਾਰ ਫਿਲਮ ਰਾਹੀਂ ਜਾਣਕਾਰੀ ਲਈ ਵਰਤਿਆ ਉਸ ਹਿੱਸੇ ਨੂੰ ਫਿਲਮ ਦੀ ਲੋੜ ਨੇ ਬਹੁਤ ਛੇਤੀ ਅਸੀਮ ਮਨੁੱਖੀ ਮਨੋਰੰਜਨ ਦਾ ਖਾਜਾ ਵੀ ਬਣਾ ਲੈਣਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਕੈਂਸਰ ਦੇ ਮਰੀਜ ਨੂੰ ਕੈਂਸਰ ਤੋਂ ਛੁਟਕਾਰਾ ਦਿਵਾਉਣ ਲਈ ਉਸ ਦੇ ਹਾਜਮੇ ਨੂੰ ਵਧਾਉਣ ਅਤੇ ਤੇਜ ਕਰਨ ਦੀ ਦਵਾਈ ਜਦੋਂ ਹਾਜਮਾ ਤੇਜ ਕਰਦੀ ਹੈ ਤਾਂ ਉਹ ਤੇਜੀ ਉਸ ਦੀ ਦਿਲ ਗੁਰਦਿਆਂ ਨੂੰ ਖਾ ਕੇ ਉਸ ਨੂੰ ਕੈਂਸਰ ਤੋਂ ਵੀ ਪਹਿਲਾਂ ਮਾਰ ਦਿੰਦੀ ਹੈ। ਇਹ ਇੰਞ ਵੀ ਵੇਖਿਆ ਜਾ ਸਕਦਾ ਹੈ ਜਿਵੇਂ ਕੋਈ ਭੁੱਖ ਤੋਂ ਬਚਣ ਲਈ ਜ਼ਹਿਰੀਲਾ ਖਾਣਾ ਖਾਵੇ।

ਜੇ ਦੰਤ ਕਥਾ ਜਾਂ ਇਤਿਹਾਸਕ ਸੂਰਮੇ ਫਿਲਮ ਦਾ ਖਾਜੇ ਬਣੇ ਤਾਂ ਇਸ ਤੋਂ ਅਗਲਾ ਪੜਾਅ ਧਾਰਮਿਕ-ਇਤਿਹਾਸ ਹਸਤੀਆਂ ਹੁੰਦੀਆਂ ਹਨ। ਇਹ ਵੀ ਪੜਾਅ ਦਰ ਪੜਾਅ ਖਾਜਾ ਬਣਦੀਆਂ ਹਨ। ਪਹਿਲਾਂ ਜਾਣਕਾਰੀ ਵਾਲੀਆਂ ਫਿਲਮਾਂ ਦਾ ਮਸਾਲਾ ਬਣਦੇ ਹਨ। ਇਸ ਤੋਂ ਠੀਕ ਬਾਅਦ ਉਹੀ ਹਸਤੀਆਂ ਅਤੇ ਉਹਨਾਂ ਦਾ ਦੌਰ ਮਨੋਰੰਜਨ ਪੈਦਾ ਕਰਨ ਦਾ ਸਾਧਨ ਬਣਦੇ ਹਨ। ਮਨੁੱਖ ਦੀ ਮਨੋਰੰਜਨ ਦੀ ਅਸੀਮ ਭੁੱਖ ਜਿੰਦਗੀ ਦੇ ਹਰ ਤਲਖ ਅਤੇ ਨਾਜੁਕ ਮਾਮਲੇ ਨੂੰ ਜਿਵੇਂ ਚੁਟਕਲਿਆਂ ਦਾ ਮਸਾਲਾ ਬਣਾਉਂਦੀ ਹੈ ਉਹ ਕੋਈ ਉਹਲਾ ਨਹੀਂ ਰਹਿਣ ਦਿੰਦੀ ਕਿ ਬਾਂਦਰ ਹੱਥ ਤੀਲੀ ਦਾ ਨਤੀਜਾ ਕੀ ਹੋਵੇਗਾ । ਮਨੋਰੰਜਨ ਦੇ ਸਾਧਨ ਰਾਹੀ ਜਦੋਂ ਕੋਈ ਸ਼ੈਅ (ਉਸ ਦੇ ਅਸਲੀ ਖਾਨੇ ਵਿਚ ਕੱਢ ਕੇ) ਮਨੁੱਖ ਨੂੰ ਸਿਖਿਅਤ ਜਾਂ ਸਿਆਣੇ ਕਰਨ ਲਈ ਵਰਤ ਲਈ ਤਾਂ ਇਹ ਗੱਲ ਪੱਕੀ ਹੈ ਕਿ ਮਨੁੱਖ ਕੋਈ ਸਿਆਣਪ ਹਾਸਲ ਕਰੇ ਜਾਂ ਨਾ ਕਰੇ ਪਰ ਉਸ ਨੂੰ ਮਜਾਕ ਦਾ ਹਿੱਸਾ ਜਰੂਰ ਬਣਾ ਲੈਂਦਾ ਹੈ। ਇਹ ਗੱਲ ਮਨੋਰੰਜਨ ਜਗਤ ਦੇ ਮਾਹਰ ਜਾਣਦੇ ਹਨ ਕਿ ਇਸ ਖੇਤਰ ਵਿਚ ਆਈ ਕਿਸੇ ਵੀ ਗੱਲ ਦੀ ਹੱਦ ਅਖੀਰ ਨੂੰ ਅਸਲੀਲਤਾ ਤੇ ਜਾ ਕੇ ਮੁਕਦੀ ਹੈ।

ਸਿੱਖ ਇਤਿਹਾਸ ਨੂੰ ਬੁੱਤਾਂ, ਪੁਤਲੀਆਂ ਅਤੇ ਲਕੀਰਿਆਂ ਵਿਚ ਢਾਲਣ ਤੋਂ ਬਾਅਦ ਗੁਰੂ ਸਾਹਿਬਾਨ ਨੂੰ ਪਾਤਰਾਂ ਦੇ ਰੂਪ ਚਿਤਰੇ ਜਾਣ ਤੋਂ ਵੀ ਰੋਕਿਆ ਨਹੀਂ ਜਾ ਸਕੇਗਾ, ਜਿਵੇਂ ਕਿ ‘ਨਾਨਕ ਸ਼ਾਹ ਫਕੀਰ’ ਫਿਲਮ ਦਾ ਨਮੂਨਾ ਬਣ ਗਿਆ ਹੈ। ਜਿਹੜੇ ਸਜਣਾਂ ਨੂੰ ਲਗਦਾ ਹੈ ਕਿ ਨਵੇਂ ਤਰੀਕੇ ਨਾਲ ਪਰਚਾਰ ਕਰਨ ਤੋਂ ਬਿਨਾਂ ਇਤਿਹਾਸ ਜਾਂ ਧਰਮ ਆਪਣਿਆਂ ਅਤੇ ਬੇਗਾਨਿਆਂ ਨੂੰ ਕਿਵੇਂ ਦੱਸਿਆਂ ਜਾਵੇਗਾ ਉਹਨਾਂ ਨੂੰ ਬੁੱਧ ਦੀਆਂ ਮੂਰਤੀਆਂ ਅਤੇ ਰਾਮ ਲੀਲਾ-ਰਾਸ ਲੀਲਾ ਦੁਆਰਾ ਸਦੀਆਂ ਤੋਂ ਹੋ ਰਹੇ ਸਨਾਤਨੀ ਪਰਚਾਰ ਨੂੰ ਵੇਖ ਲੈਣਾ ਚਾਹੀਦਾ ਹੈ। ਸਾਡੇ ਸਾਹਮਣੇ ਰਮਾਇਣ ਦੇ ਰਾਮ ਜਾਂ ਸੀਤਾ ਦੇ ਪਾਤਰ ਬਣਨ ਵਾਲੇ ਲੋਕ ਹਾਸਾ ਪੈਦਾ ਕਰਨ ਵਾਲੀਆਂ ਗੱਲਾਂ ਕਰਦੇ ਹਨ। ਵੱਖ ਵੱਖ ਬੋਲੀਆਂ ਵਿਚ ਰਮਾਇਣ ਮਹਾਂਭਾਰਤ ਦੀ ਮਜ਼ਾਕੀਆ ਰੂਪ ਵਿਚ ਜਿਹੜੀ ਮਿਟੀ ਪਲੀਤ ਹੋ ਰਹੀ ਹੈ ਉਹਨੂੰ ਵੇਖ ਕੇ ਸਮਝਣਾ ਚਾਹੀਦਾ ਹੈ ਕਿ ਪਰਚਾਰ ਲਈ ਇਹ ਰਾਹ ਚੁਣਿਆ ਤਾਂ ਇਹ ਦਿਨ ਸਾਨੂੰ ਵੀ ਵੇਖਣੇ ਪੈ ਸਕਦੇ ਨੇ।

**ਤਕਨੀਕ ਅਤੇ ਟੇਕ:** ਇਹ ਵੀ ਵੇਖਣਾ ਜਾਨਣਾ ਚਾਹੀਦਾ ਹੈ ਕਿ ਜਿਹੜੇ ਖਿੱਤੇ ਵਿਚ ਇਹ (ਪੁਤਲੀਆਂ ਪਰਛਾਵਿਆਂ ਦੀ) ਤਕਨੀਕ ਜੰਮੀ ਹੈ ਉਹਨਾਂ ਨੇ ਆਪਣੇ ਪੁਰਖਿਆਂ ਦਾ ਕਿੰਨਾ ਕੁ ਪਰਚਾਰ ਕਰਕੇ ਆਪਣੇ ਧਰਮ ਨੂੰ ਬਚਾ ਲਿਆ? ਸਿੱਖਾ ਕੋਲ ਤਕਨੀਕ, ਸਮਾਂ, ਪੈਸਾ, ਬੰਦੇ ਅਤੇ ਤਜਰਬੇ ਵਿਚੋਂ ਕੁਝ ਵੀ ਉਹਨਾਂ ਲੋਕਾਂ ਨਾਲੋਂ ਵੱਧ ਨਹੀਂ ਹੈ। ਅੰਗਰੇਜੀ ਫਿਲਮਾਂ ਵਿਚ ਉਹਨਾਂ ਦੇ ਸਾਮੀ ਧਰਮ ਸਿਧਾਂਤ ਦੀ ਹੀ ਨਹੀਂ ਸਗੋਂ ਹਜਰਤ ਈਸਾ ਦੀ ਵੀ ਲਾਹ ਪਾਹ ਕੀਤੀ ਗਈ ਹੈ। ਦੂਜੇ ਪਾਸੇ ਸਭ ਤੋਂ ਵਧੇਰੇ ਨਿੰਦਿਆ ਦੇ ਸ਼ਿਕਾਰ ਮੁਸਲਮਾਨਾਂ ਅੰਦਰ ਉਹਨਾਂ ਦੇ ਪੈਗੰਬਰ ਦੀ ਕੋਈ ਮੂਰਤ ਪਰਚਲਤ ਨਹੀਂ ਹੈ ਅਤੇ ਦੁਨੀਆਂ ਵਿਚ ਕੁਲ ਬਦਨਾਮੀ ਦੇ ਬਾਵਜੂਦ ਅੰਕੜੇ ਦਸਦੇ ਹਨ ਕਿ ਅਮਰੀਕਾ ਵਿਚ ਹੀ ਸਭ ਤੋਂ ਵਧੇਰੇ ਫੈਲ ਰਿਹਾ ਧਰਮ ਇਸਲਾਮ ਹੈ ਭਾਵੇਂ ਕਿ ਉਹਨਾਂ ਆਪਣਾ ਪਰਚਾਰ ਫਿਲਮਾਂ ਰਾਹੀਂ ਨਹੀਂ ਕੀਤਾ।

ਗੁਰ-ਇਤਿਹਾਸ ਜਾਂ ਸਿੱਖ ਇਤਿਹਾਸ ਨੂੰ ਅੱਜ ਕੁਝ ਲੋਕਾਂ ਵਲੋਂ ਸ਼ਰਧਾ ਵਜੋਂ, ਕੁਝ ਵਲੋਂ ਵਪਾਰ ਵਜੋਂ ਅਤੇ ਬਹੁਤਿਆਂ ਵਲੋਂ ਪਰਚਾਰ ਹਿੱਤ ਫਿਲਮਾਇਆ ਜਾ ਰਿਹਾ ਹੈ। ਉਹ ਇਕ ਪਾਸੇ ਇਤਿਹਾਸ ਨੂੰ ਮਜ਼ਾਕ ਬਣਾਉਣ ਲਈ ਰਾਹ ਖੋਲ ਰਹੇ ਹਨ ਅਤੇ ਦੂਜੇ ਪਾਸੇ ਬੁੱਤ ਪੂਜਾ ਦੀ ਨਵੀਂ ਮਾਨਤਾ ਲਈ ਰਾਹ ਤਿਆਰ ਕਰ ਰਹੇ ਹਨ।ਯਾਦ ਰਹੇ ਸਿੱਖ ਸਰੂਪ ਪਹਿਲਾਂ ਹੀ ਫਿਲਮਾਂ ਵਿਚ ਮਜਾਕ ਦਾ ਪਾਤਰ ਬਣਨ ਲੱਗਾ ਹੋਇਆ ਏ। ਮਨੁੱਖੀ ਹਸਤੀ ਨੂੰ ਕਾਇਆ ਕਲਪ ਦੇ ਅਧਿਆਤਮਕ ਸਰੋਤ ਜਦੋਂ ਜਾਣਕਾਰੀ ਦੀ ਜਰੂਰੀ ਚੀਜ਼ ਵਿਚ ਬਦਲ ਜਾਣਗੇ ਤਾਂ ਜਿੰਦਗੀ ਨੂੰ ਮੁੜ ਮੁੜ ਧੜਕਾਉਣ ਦਾ ਅਧਾਰ ਨਹੀਂ ਰਹਿਣਗੇ। ਜਿੰਨਾ ਚਿਰ (ਪੀੜ੍ਹੀ ਦਰ ਪੀੜ੍ਹੀ) ਸ਼ਬਦਾਂ ਰਾਹੀਂ ਜੀਵੰਤ ਹਸਤੀਆਂ ਨੂੰ ਬੁੱਤ (ਪਾਤਰ ਰੂਪ) ਨਹੀਂ ਬਣਾਇਆ ਜਾਂਦਾ ਉਹ ਓਨਾ ਚਿਰ ਪਵਿੱਤਰ ਹਨ ਅਤੇ ਸਦਾ ਨਵੇਂ ਰਹਿਣਗੇ। ਪਰ ਜਦੋਂ ਹੀ ਉਹ ਪਾਤਰਾਂ (ਬੁੱਤਾਂ) ਵਜੋਂ ਜੀਵੰਤ ਹੋਣਗੇ ਤਾਂ ਸਾਡੀ ਚੇਤਨਾ ਵਿਚ ਜੜ੍ਹ ਹੋ ਜਾਣਗੇ। ਇਹ ਗੱਲ ਸ਼ਹੀਦਾਂ ਦੀ ਯਾਦ ਬਾਰੇ ਵੀ ਅਤੇ ਗੁਰੂ ਦੇ ਧਿਆਨ ਬਾਰੇ ਵੀ ਇਕੋ ਰੂਪ ਵਿਚ ਸਹੀ ਹੈ। ਗੁਰੂ ਸਾਹਿਬ ਦਾ ਧਿਆਨ ਜੋ ਸਿੱਖ ਲਈ ਰੱਬ ਰੂਪ ਹੈ ਉਹ ਪੜ੍ਹੇ ਲਿਖੇ ਜਾਂ ਤਕਨੀਕ ਤੋਂ ਪ੍ਰਭਾਵਿਤ ਲੋਕਾਂ ਲਈ ਇਤਿਹਾਸਕ ਮਹਾਂਪੁਰਖ/ਪਰਮ ਮਨੁੱਖ ਦਾ ਰੂਪ ਬਣ ਗਿਆ ਹੈ। ਇਹ ਜੋ ਬੁੱਤਾਂ ਤੋਂ ਕੰਧ ਚਿੱਤਰਾਂ, ਚਿਤਰਾਂ ਤੋਂ ਕਾਗਜ਼ੀ ਮੂਰਤਾਂ ਅਤੇ ਹੁਣ ਕਾਗਜ਼ੀ ਤੋਂ ਬਿਜਲਈ ਮੂਰਤਾਂ ਰਾਹੀਂ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਪਾਤਰ ਚਿਤਰਣ ਪਰੰਪਰਾ ਅੱਗੇ ਵਧ ਰਹੀ ਹੈ ਇਹ ਸ਼ਹੀਦਾਂ ਦੀ ਯਾਦ ਨੂੰ ਬੁੱਤ ਅੰਦਰ ਹੀ ਨਹੀਂ ਬਦਲੇਗੀ ਸਗੋਂ ਮਜ਼ਾਕ ਮਸਾਲੇ ਤੱਕ ਸੁਟ ਦੇਵੇਗੀ। ਪੁਰਾਣੌਕ ਪੱਧਰ ਤੇ ਡਿੱਗਿਆ ਇਤਿਹਾਸ ਉਤਸ਼ਾਹ ਨਹੀਂ ਦੇਵੇਗਾ। ਇਹ ਬੁੱਤ ਵਰਤਾਰਾ ਇਤਿਹਾਸ ਤੋਂ ਬਾਅਦ ਸਮੁੱਚੇ ਗੁਰੂ ਧਿਆਨ ਨੂੰ ਵੀ ਇਤਿਹਾਸਕ ਜੱਦ ਵਿਚ ਲਿਆ ਕੇ ਸ਼ਹੀਦ ਪਰੰਪਰਾ ਵਾਂਗ ਹੀ ਖੁਸ਼ਕ ਕਰ ਦੇਵੇਗਾ। ਜਦੋਂ ਅਪਹੁੰਚ ਧਿਆਨ ਅਤੇ ਯਾਦ ਜਦੋਂ ਬੁੱਤ ਦੀ ਹੱਦ ਅੰਦਰ ਆਏਗੀ ਤਾਂ ਅੱਗੋਂ ਫਿਰ ਇਹ ਬੁੱਤ ਬਿਪਰ ਚੇਤਨਾ ਅਧੀਨ ਅਣਗਿਣਤ ਦੇਵੀ ਦੇਵਤਿਆਂ ਵਾਂਗ ਹੀ ਇਲਾਕੇ, ਜਾਤ ਗੋਤ ਵਾਲੀ ਹੰਨੇ-ਹੰਨੇ ਪੂਜਾ ਵਾਲੀ ਵੰਡ ਦਾ ਰੂਪ ਧਾਰ ਲੈਣਗੇ (ਜਿਸ ਦੀਆਂ ਕੁਝ ਮਿਸਾਲਾਂ ਤਾਂ ਹੁਣ ਵੀ ਲਭਦੀਆਂ ਹਨ)। ਦੂਜੇ ਪਾਸੇ ਸਾਬਤ ਸੂਰਤ ਸਿੱਖ ਦਿੱਖ ਦੇ ਬਰਾਬਰ ਇਕ ਹੋਰ ਰੂਪ ਜੋ ਫਿਲਮਾਂ ਰਾਹੀਂ ਸ਼ੁਰੂ ਹੋ ਗਿਆ ਹੈ ਉਸ ਨਾਲ ਸਿੱਖ ਸਰੂਪ ਦੀਆਂ ਵੀ ਅਣਗਿਣਤ ਵੰਨਗੀਆਂ ਹੋ ਜਾਣਗੀਆਂ ਅਤੇ ਸਿੱਖ ਹਸਤੀ ਖਿੰਡ ਕੇ ਹਿੰਦੂ ਪਹਿਚਾਣ ਵਾਂਗ ਜਾਵੇਗੀ ਅਤੇ ਉਸ ਦਾ ਕੋਈ ਵੀ ਰੂਪ ਪੱਕਾ ਨਹੀਂ ਰਹਿ ਸਕੇਗਾ।ਇਸ ਨਵੀਂ ਬੁੱਤਕਾਰੀ ਨਾਲ ਅਣਦਿਸਦਾ ਜਗਤ ਦਿਸਦੇ ਨਾਲੋਂ ਵੀ ਵਧੇਰੇ ਮਲੀਨ ਹੋ ਜਾਏਗਾ। ਪਹਿਲਾਂ ਪਵਿਤਰ ਇਤਿਹਾਸਕ ਵਿਚ ਬਦਲ ਗਿਆ ਹੈ ਤੇ ਹੁਣ ਇਤਿਹਾਸਕ ਸਿਰਫ ਜਾਣਕਾਰੀ ਵਿਚ ਬਦਲਦਾ ਪਿਆ ਏ ਤੇ ਆਖਰ ਇਹ ਜਾਣਕਾਰੀ ਭੋਗਣ ਵਿਚ ਬਦਲ ਜਾਏਗੀ। ਨਵੇਂ ਤਰੀਕੇ ਦੇ ਧਰਮ ਪਰਚਾਰ ਦੀ ਕੁੱਲ ਪਰਾਪਤੀ ਇਹੋ ਰਹੇਗੀ ਕਿ ਧਿਆਨ ਤੋਂ ਪਹਿਚਾਣ ਤੱਕ ਸਭ ਮਲੀਨ ਹੋ ਜਾਏਗਾ।

*(ਸਿੱਖ ਸਿਆਸਤ ਵਿਚੋਂ ਧੰਨਵਾਦ ਸਹਿਤ)*

## ਜਵਾਈ ਦੀ ਸਲਾਹ ਨਾਲ ਟਰੰਪ ਤਿਆਰ ਕਰਨਗੇ ਅਮਰੀਕਾ ਤੇ ਦੁਨੀਆ ਲਈ ਨੀਤੀਆਂ

ਕਸ਼ਨਰ ਚੀਫ਼ ਆਫ਼ ਸਟਾਫ਼ ਰਾਈਨ ਪ੍ਰਿਬਸ ਤੇ ਮੁੱਖ ਰਣਨੀਤੀਕਾਰ ਸਟੀਵ ਬੈਨਨ ਨਾਲ ਮਿਲ ਕੇ ਕੰਮ ਕਰਨਗੇ। ਟਰੰਪ ਨੇ ਉਨ੍ਹਾਂ ਦੇ ਨਾਂ ਦਾ ਐਲਾਨ ਕਰਦਿਆਂ ਕਿਹਾ, 'ਜੈਰੇਡ ਕਾਫ਼ੀ ਅਹਿਮ ਹੈ ਤੇ ਪੂਰੇ ਚੋਣ ਪ੍ਰਚਾਰ ਦੌਰਾਨ ਇਕ ਭਰੋਸੇਯੋਗ ਸਲਾਹਕਾਰ ਰਹੇ ਹਨ। ਮੈਨੂੰ ਮਾਣ ਹੈ ਕਿ ਮੇਰੇ ਪ੍ਰਸ਼ਾਸਨ ਵਿਚ ਉਹ ਅਹਿਮ ਲੀਡਰ ਦੀ ਭੂਮਿਕਾ ਵਿਚ ਹੋਣਗੇ।' ਇਹ ਐਲਾਨ ਉਸ ਪ੍ਰੈੱਸ ਕਾਨਫਰੰਸ ਦੇ ਠੀਕ ਪਹਿਲਾਂ ਹੋਇਆ ਹੈ, ਜਿਸ ਵਿਚ ਟਰੰਪ ਆਪਣੀ ਕੰਪਨੀ ਤੇ ਵ੍ਹਾਈਟ ਹਾਊਸ ਵਿਚ ਰਹਿੰਦਿਆਂ ਹਿਤਾਂ ਦੇ ਟਕਰਾਅ ਵਰਗੇ ਮੁੱਦੇ 'ਤੇ ਗੱਲ ਕਰਨਗੇ।

ਕਸ਼ਨਰ ਨੂੰ ਟਰੰਪ ਦੇ ਚੋਣ ਪ੍ਰਚਾਰ ਵਿਚ ਡਾਟਾ 'ਤੇ ਆਧਾਰਤ ਕੈਂਪੇਨ ਸ਼ੁਰੂ ਕਰਨ ਦਾ ਸਿਹਰਾ ਬੰਨ੍ਹਿਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਵੀ ਕੈਂਪੇਨ ਨੂੰ ਨਵੇਂ ਅੰਦਾਜ਼ ਵਿਚ ਸ਼ੁਰੂ ਕੀਤਾ ਸੀ। ਟਰੰਪ ਦੀ ਟਰਾਂਜ਼ਿਸ਼ਨ ਟੀਮ ਮੁਤਾਬਕ ਵ੍ਹਾਈਟ ਹਾਊਸ ਵਿਚ ਰਹਿੰਦਿਆਂ ਕਸ਼ਨਰ ਨੂੰ ਤਨਖ਼ਾਹ ਨਹੀਂ ਮਿਲੇਗੀ। ਫੋਬਸ ਦੇ ਮੁਤਾਬਕ ਪਿਤਾ ਤੇ ਭਰਾ ਨਾਲ ਮਿਲ ਕੇ ਕਸ਼ਨਰ ਦੀ ਕੁੱਲ ਸੰਪਤੀ 1.8 ਅਰਬ ਡਾਲਰ ਹੈ। ਮੰਨਿਆ ਜਾ ਰਿਹਾ ਹੈ ਕਿ ਕਸ਼ਨਰ ਹੁਣ ਆਪਣੀ ਕੰਪਨੀ ਦੇ ਸੀ.ਈ.ਓ. ਦੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਕਸ਼ਨਰ ਦੀ ਅਗਵਾਈ ਵਿਚ ਉਨ੍ਹਾਂ ਦੀ ਕੰਪਨੀ ਨੇ 2007 ਤੋਂ ਬਾਅਦ ਤੋਂ 14 ਅਰਬ ਡਾਲਰ ਦੀ ਕਮਾਈ ਕੀਤੀ ਤੇ ਸੱਤ ਅਰਬ ਡਾਲਰ ਦੀ ਲਾਗਤ ਨਾਲ ਕੁਝ ਕਰਾਰ ਕੀਤੇ। ਕਸ਼ਨਰ ਨੇ ਆਪਣੇ ਭਰਾ ਨਾਲ ਮਿਲ ਕੇ ਇਕ ਇਨਵੈਸਟਮੈਂਟ ਕੰਪਨੀ ਦੀ ਸ਼ੁਰੂਆਤ ਕੀਤੀ ਸੀ। ਉਹ ਟੈਕਨਾਲੋਜੀ ਕੰਪਨੀ ਦੇ ਸਰਗਰਮ ਨਿਵੇਸ਼ਕ ਹਨ ਤੇ ਨਾਲ ਹੀ ਕਈ ਸਟਾਰਟ ਅਪਸ ਵੀ ਸ਼ੁਰੂ ਕਰ ਚੁੱਕੇ ਹਨ।

## ਜਾਤ ਦੇ ਨਾਂ 'ਤੇ ਵੋਟਾਂ ਮੰਗਣ ਕਾਰਨ ਜਗੀਰ ਕੌਰ ਦੇ ਜਵਾਈ ਨੂੰ ਨੋਟਿਸ

ਇਹ ਉਹ ਧਾਰਮਿਕ ਡੇਰਾ ਹੈ, ਜਿਸ ਦੀ ਹੁਣ ਬੀਬੀ ਜਗੀਰ ਕੌਰ ਮੁਖੀ ਹਨ। ਉਨ੍ਹਾਂ ਦੱਸਿਆ ਕਿ ਭੁਪਿੰਦਰ ਸਿੰਘ ਦੇ ਇਸ ਭਾਸ਼ਣ ਦੀ ਵੀਡੀਓ ਸਮੇਤ ਸ਼ਿਕਾਇਤ ਮੁੱਖ ਚੋਣ ਅਫ਼ਸਰ ਨੂੰ ਕੀਤੀ ਗਈ ਸੀ ਤੇ ਚੋਣ ਕਮਿਸ਼ਨ ਨੇ ਨੋਟਿਸ ਜਾਰੀ ਕਰ ਦਿੱਤਾ ਹੈ। ਨਵਕਿਰਨ ਸਿੰਘ ਨੇ ਦੱਸਿਆ ਕਿ ਹਲਕੇ ਦੇ ਐਸਡੀਐਮ ਨੇ ਇਸ ਸਬੰਧੀ ਉਨ੍ਹਾਂ ਨਾਲ ਸੰਪਰਕ ਵੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਭੁਪਿੰਦਰ ਸਿੰਘ ਨੇ ਅਜਿਹਾ ਭਾਸ਼ਣ 4 ਜਨਵਰੀ ਨੂੰ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਦਿੱਤਾ ਸੀ ਪਰ ਇਹ ਭਾਸ਼ਣ ਹਾਲੇ ਵੀ ਉਨ੍ਹਾਂ ਦੇ ਫੇਸਬੁੱਕ ਅਕਾਊਂਟ 'ਤੇ ਚੱਲ ਰਿਹਾ ਹੈ। ਉਨ੍ਹਾਂ ਇਸ ਮਾਮਲੇ 'ਤੇ ਭੁਪਿੰਦਰ ਸਿੰਘ ਦੀ ਉਮੀਦਵਾਰੀ ਰੱਦ ਕਰਨ ਦੀ ਮੰਗ ਕੀਤੀ।

ਉਨ੍ਹਾਂ ਐਡਵੋਕੇਟ ਸਿਮਰਜੀਤ ਤੇ ਪਾਰਟੀ ਦੀ ਮੀਡੀਆ ਟੀਮ ਦੇ ਮੈਂਬਰ ਮਨਜੀਤ ਸਿੰਘ ਸਿੱਧੂ ਸਮੇਤ ਜਾਣਕਾਰੀ ਦਿੱਤੀ ਕਿ ਜੁਆਇੰਟ ਮੁੱਖ ਚੋਣ ਅਧਿਕਾਰੀ ਹਰਗੁਣਜੀਤ ਕੌਰ ਨੂੰ ਵਿਧਾਨ ਸਭਾ ਹਲਕਾ ਦਾਖਾ ਵਿੱਚ ਪੈਂਦੇ ਪਿੰਡ ਹਸਨਪੁਰ ਦੀ ਇੱਕ ਦੀਵਾਰ ਉੱਪਰ ਅਕਾਲੀ ਦਲ-ਭਾਜਪਾ ਗਠਜੋੜ ਵੱਲੋਂ 4 ਧਰਮਾਂ ਦੇ ਨਾਂ ਅਤੇ ਸਰਕਾਰ ਵੱਲੋਂ ਕਰਵਾਈ ਤੀਰਥ ਯਾਤਰਾ ਦੇ ਅਧਾਰ 'ਤੇ ਵੋਟਾਂ ਮੰਗਣ ਦੀ ਕੀਤੀ ਪੇਂਟਿੰਗ ਦੀਆਂ ਤਸਵੀਰਾਂ ਮੁਹੱਈਆ ਕਰ ਕੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਹੇਠ ਕਾਰਵਾਈ ਕਰਨ ਦੀ ਮੰਗ ਕੀਤੀ ਹੈ ਪਰ ਹਾਲੇ ਵੀ ਇਹ ਪੇਂਟਿੰਗ ਬਰਕਰਾਰ ਹੈ। ਇਸ ਤੋਂ ਇਲਾਵਾ ਚੋਣ ਕਮਿਸ਼ਨ ਨੂੰ ਅਕਾਲੀਆਂ ਵੱਲੋਂ ਰਾਮਪੁਰਾ ਫੂਲ ਵਿੱਚ ਨੌਜਵਾਨਾਂ ਨੂੰ ਸਪੋਰਟਸ ਕਿੱਟਾਂ ਵੰਡਣ, ਖਰੜ ਹਲਕੇ ਵਿੱਚ ਮੁਫ਼ਤ ਗੈਸ ਸਿਲੰਡਰ ਅਤੇ ਚੁੱਲ੍ਹੇ ਵੰਡਣ ਦੀ ਸ਼ਿਕਾਇਤ ਵੀ ਕੀਤੀ ਗਈ ਹੈ।

## ਨਿਤਿਸ਼ ਵੱਲੋਂ 'ਗੁਰੂ ਸਰਕਿਟ' ਬਣਾਉਣ ਦਾ ਐਲਾਨ

ਉਨ੍ਹਾਂ ਕਿਹਾ ਕਿ ਬਿਹਾਰ ਦੇ ਲੋਕਾਂ ਲਈ ਇਹ ਮਾਣ ਦੀ ਗੱਲ ਹੈ ਕਿ ਉਨ੍ਹਾਂ ਨੂੰ 350ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ ਹੈ।

ਇਸ ਮੌਕੇ ਨਿਤਿਸ਼ ਕੁਮਾਰ ਨੇ ਐਲਾਨ ਕੀਤਾ ਕਿ ਗੁਰੂ ਕਾ ਬਾਗ ਗੁਰਦੁਆਰੇ ਕੋਲ ਬਿਹਾਰ ਸਰਕਾਰ ਵੱਲੋਂ ਇਕ ਕੇਂਦਰ ਸਥਾਪਤ ਕੀਤਾ ਜਾਵੇਗਾ, ਜਿਸ ਵਿੱਚ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਸਾਰੇ ਗੁਰਦੁਆਰਿਆਂ ਦੀ ਸਾਂਭ ਸੰਭਾਲ ਕੀਤੀ ਜਾਵੇਗੀ। ਉਨ੍ਹਾਂ ਇਥੇ ਸਥਿਤ ਵੱਖ-ਵੱਖ ਗੁਰਧਾਮਾਂ ਨੂੰ ਇਕ ਲੜੀ 'ਚ ਜੋੜਨ ਵਾਸਤੇ 'ਗੁਰੂ ਸਰਕਿਟ' ਬਣਾਉਣ ਦਾ ਐਲਾਨ ਕੀਤਾ ਤਾਂ ਜੋ ਸਮੂਹ ਗੁਰਧਾਮਾਂ ਦੇ ਦਰਸ਼ਨ ਸੰਗਤਾਂ ਅਸਾਨੀ ਨਾਲ ਕਰ ਸਕਣ। ਇਸੇ ਪ੍ਰਕਾਰ ਹੀ ਉਨ੍ਹਾਂ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਬਹੁ ਪ੍ਰਕਾਸ਼ ਕੇਂਦਰ ਬਣਾਉਣ ਦਾ ਵਾਅਦਾ ਕੀਤਾ। ਇਸ ਮੌਕੇ ਨਿਤਿਸ਼ ਕੁਮਾਰ ਨੇ ਪ੍ਰਕਾਸ਼ ਪੁਰਬ ਸਮਾਗਮ ਦੀ ਤਿਆਰੀ ਦੀ ਦੇਖ-ਰੇਖ ਕਰ ਰਹੇ ਸਾਬਕਾ ਅਧਿਕਾਰੀ ਜੀ. ਐਸ. ਕੰਗ, ਬਲਜੀਤ ਸਿੰਘ, ਸ੍ਰੀ ਗੁਰੂ ਨਾਨਕ ਨਿਸ਼ਕਾਮ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ, ਬਾਬਾ ਕਸ਼ਮੀਰਾ ਸਿੰਘ ਕਾਰ ਸੇਵਾ ਭੂਰੀ ਵਾਲਿਆਂ ਤੋਂ ਇਲਾਵਾ ਹੋਰਨਾਂ ਜਥੇਬੰਦੀਆਂ, ਮਹਾਂਪੁਰਖਾਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਕੇਂਦਰ ਸਰਕਾਰ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਪੰਜਾਬ ਸਰਕਾਰ ਦਾ ਤਹਿ ਦਿੱਲੋਂ ਧੰਨਵਾਦ ਕੀਤਾ। ਉਨ੍ਹਾਂ ਪੰਜਾਬ ਨਾਲ ਸੰਬੰਧਤ ਅਧਿਕਾਰੀਆਂ ਜਿਸ ਵਿਚ ਪ੍ਰਿੰਸੀਪਲ ਸਕੱਤਰ ਹਰਜੋਤ ਕੌਰ, ਡਾ: ਸਾਲਿਨ ਪੁਲਿਸ ਉੱਚ ਅਧਿਕਾਰੀ ਸਨ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਉਹ ਕਿਹੜੇ ਲਫ਼ਜ਼ਾਂ ਨਾਲ ਨਿਤਿਸ਼ ਕੁਮਾਰ ਦਾ ਧੰਨਵਾਦ ਕਰਨ, ਜਿਨ੍ਹਾਂ ਇੰਨੇ ਵਧੀਆ ਪ੍ਰਬੰਧ ਕੀਤੇ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਇਹ ਸ਼ਤਾਬਦੀ ਮਨਾਉਣੀ ਹੁੰਦੀ ਤਾਂ ਉਹ ਵੀ ਅਜਿਹੇ ਪ੍ਰਬੰਧ ਨਹੀਂ ਕਰ ਸਕਦੇ ਸਨ। ਉਨ੍ਹਾਂ ਨਿਤਿਸ਼ ਕੁਮਾਰ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ 70 ਸਾਲਾ ਸਿਆਸੀ ਜੀਵਨ ਵਿੱਚ ਉਨ੍ਹਾਂ ਵੱਡੇ ਵੱਡੇ ਸਮਾਗਮ ਦੇਖੇ ਪਰ ਜਿੰਨੀ ਸ਼ਰਧਾ ਤੇ ਸਤਿਕਾਰ ਨਾਲ ਬਿਹਾਰ ਸਰਕਾਰ ਨੇ ਇਹ ਸ਼ਤਾਬਦੀ ਮਨਾਈ, ਉਹ ਬੇਮਿਸਾਲ ਹੈ।

ਇਸ ਤੋਂ ਪਹਿਲਾਂ ਪ੍ਰਬੰਧਕੀ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕੀਤਾ ਅਤੇ ਅਖੀਰ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸੰਗਤ ਦਾ ਧੰਨਵਾਦ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨਿਤਿਸ਼ ਕੁਮਾਰ, ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਰਾਜਪਾਲ ਰਾਮ ਨਾਥ ਕੋਵਿੰਦ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੁਰੂ ਗੋਬਿੰਦ ਸਿੰਘ ਦੀ ਵੱਡ ਅਕਾਰੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਤਖ਼ਤ ਸ੍ਰੀ ਹਰਿਮੰਦਰ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਨੇ ਸਿਰੋਪਾਓ ਦੇ ਕੇ ਮੋਦੀ ਨੂੰ ਸਨਮਾਨਿਤ ਕੀਤਾ। ਇਸ ਮੌਕੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਕੇਂਦਰੀ ਮੰਤਰੀ ਸ੍ਰੀ ਲਾਲੂ ਪ੍ਰਸਾਦ ਯਾਦਵ, ਸੰਸਦ ਮੈਂਬਰ ਪਟਨਾ ਸਾਹਿਬ ਸ਼ਤਰੂਘਨ ਸਿਨਹਾ, ਸਾਬਕਾ ਮੁੱਖ ਮੰਤਰੀ ਜੀਤਨ ਕੁਮਾਰ ਮਾਂਝੀ, ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ ਬਿਹਾਰ ਤੇਜੱਸਵੀ ਯਾਦਵ, ਮੰਤਰੀ ਤੇਜਪ੍ਰਤਾਪ ਯਾਦਵ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸ. ਸੁਖਦੇਵ ਸਿੰਘ ਢੀਂਡਸਾ, ਕੈਬਨਿਟ ਮੰਤਰੀ ਸ. ਬਿਕਰਮ ਸਿੰਘ ਮਜੀਠੀਆ, ਸੰਸਦ ਮੈਂਬਰ ਸ. ਪ੍ਰੇਮ ਸਿੰਘ ਚੰਦੂਮਾਜਰਾ, ਸਿੱਖਿਆ ਮੰਤਰੀ ਸ. ਦਲਜੀਤ ਸਿੰਘ ਚੀਮਾ, ਕੈਨੇਡਾ ਤੋਂ ਮੈਂਬਰ ਪਾਰਲੀਮੈਂਟ ਡਾ: ਰੂਬੀ ਢਾਲਾ ਹਾਜ਼ਰ ਸਨ, ਜਦ ਕਿ ਧਾਰਮਿਕ ਸਟੇਜ 'ਤੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਗਿਆਨੀ ਇਕਬਾਲ ਸਿੰਘ ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ, ਮੀਤ ਜਥੇਦਾਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨਾਂਦੇੜ, ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਪਟਨਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਦੇ ਸੁਚੱਜੇ ਪ੍ਰਬੰਧਾਂ ਲਈ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਤੇ ਸਥਾਨਕ ਪ੍ਰਸ਼ਾਸਨ ਦੀ ਸ਼ਲਾਘਾ ਕੀਤੀ। ਉਨ੍ਹਾਂ ਸਮਾਗਮ ਵਿਚ ਹਾਜ਼ਰ ਤੇ ਸੇਵਾ ਨਿਭਾਅ ਰਹੇ ਸੰਤ ਸਮਾਜ, ਸੰਪਰਦਾਵਾਂ, ਟਕਸਾਲਾਂ, ਸੰਤ ਮਹਾਂਪੁਰਸ਼ਾਂ, ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ, ਉਦਾਸੀਨ ਤੇ ਨਿਰਮਲ ਸੰਪਰਦਾਵਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਭਾਰਤ ਦੇ ਇਲਾਵਾ ਚੀਨ, ਰੂਸ, ਬਰਤਾਨੀਆ, ਅਮਰੀਕਾ ਤੇ ਹੋਰ ਦੇਸ਼ਾਂ ਤੋਂ ਦਰਸ਼ਨ ਕਰਨ ਆਈਆਂ ਸਮੂਹ ਸੰਗਤਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਹਿੰਦੂ, ਮੁਸਲਿਮ, ਜੈਨ, ਪਾਰਸੀ, ਬੋਧੀ ਧਰਮ ਦੇ ਧਾਰਮਿਕ ਮੁਖੀਆਂ, ਜਿਨ੍ਹਾਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ ਦਾ ਵੀ ਧੰਨਵਾਦ ਕੀਤਾ।

## ਗਿਆਨੀ ਗੁਰਬਚਨ ਸਿੰਘ ਤੇ ਗਿਆਨੀ ਇਕਬਾਲ ਸਿੰਘ ਨੇ ਸਿੱਖ ਕੌਮ ਦੇ ਨਾਂਅ ਦਿੱਤਾ ਸੰਦੇਸ਼

ਬਖਸ਼ਿਸ਼ ਕੀਤੀ ਅਤੇ ਆਪ ਵੀ ਪੰਜ ਪਿਆਰਿਆਂ ਪਾਸੋਂ ਅੰਮਿਝਤ ਛਕਿਆ। ਅੱਜ ਲੋੜ ਹੈ ਅੰਮ੍ਰਿਤਧਾਰੀ ਹੋ ਕੇ ਸਿੰਘ ਸਜਣ ਦੀ ਤਾਂ ਜੋ ਗੁਰੂ ਸਾਹਿਬ ਦੇ ਦਰਸਾਏ ਮਾਰਗ ਦੇ ਪਾਂਧੀ ਬਣ ਸਕੀਏ। ਇਸ ਮੌਕੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਨਿਤਿਸ਼ ਕੁਮਾਰ ਦੀ ਅਗਵਾਈ ਵਾਲੀ ਬਿਹਾਰ ਸਰਕਾਰ, ਪੰਜਾਬ ਸਰਕਾਰ ਤੋਂ ਇਲਾਵਾ ਸਮੂਹ ਜਥੇਬੰਦੀਆਂ, ਸੰਪਰਦਾਵਾਂ, ਸੰਤਾਂ, ਮਹਾਂਪੁਰਖਾਂ ਨੂੰ ਵਧਾਈ ਦਿੱਤੀ, ਜਿਨ੍ਹਾਂ ਨੇ ਸ਼ਤਾਬਦੀ ਸਮਾਗਮ ਪੂਰੀ ਸ਼ਾਨੋ-ਸ਼ੌਕਤ ਅਤੇ ਜਾਹੋ-ਜਲਾਲ ਨਾਲ ਮਨਾਈ। ਇਸ ਦੌਰਾਨ ਉਨ੍ਹਾਂ ਨਸ਼ਿਆਂ ਦਾ ਤਿਆਗ, ਧੀਆਂ ਦਾ ਸਤਿਕਾਰ ਅਤੇ 'ਸਵੱਛਤਾ' ਨੂੰ ਆਪਣੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ ਦੇ ਮੀਤ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਤਇੰਦਰ ਸਿੰਘ ਵੀ ਹਾਜ਼ਰ ਸਨ।

## ਪਾਕਿਸਤਾਨ ਵਿਚ ਮਨਾਇਆ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ

ਪਹੁੰਚਣ ਕਰਕੇ ਗੁਰਦੁਆਰਾ ਪੰਜਾ ਸਾਹਿਬ ਵਿਚ ਵਧੇਰੇ ਰੌਣਕ ਨਹੀਂ ਰਹੀ, ਪਰ ਇਸ ਦੇ ਬਾਵਜੂਦ ਗੁਰਦੁਆਰਾ ਸਾਹਿਬ ਵਿਚ ਬਹੁਤ ਸਜਾਵਟ ਕੀਤੀ ਗਈ। ਗੁਰਦੁਆਰਾ ਪੰਜਾ ਸਾਹਿਬ, ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ ਤੇ ਗੁਰਦੁਆਰਾ ਭਾਈ ਜੋਗਾ ਸਿੰਘ ਵਿਚ ਰੱਖੇ ਅਖੰਡ ਪਾਠ ਦੇ ਭੋਗ ਉਪਰੰਤ ਢਾਡੀ, ਰਾਗੀ ਤੇ ਕਵੀਸ਼ਰੀ ਦਰਬਾਰ ਸਹਿਤ ਕਥਾ ਕੀਰਤਨ ਜਾਰੀ ਰਿਹਾ ਅਤੇ ਵੱਖ-ਵੱਖ ਪਕਵਾਨਾਂ ਦੇ ਲੰਗਰ ਵਰਤਾਏ ਗਏ। ਦੁਪਹਿਰ ਬਾਅਦ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ 350 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਕੀਰਤਨ, ਕਵੀਸ਼ਰੀ, ਭਾਸ਼ਣ ਤੇ ਖੇਡ ਮੁਕਾਬਲਿਆਂ ਵਿਚ ਜੇਤੂ ਰਹੀਆਂ ਟੀਮਾਂ ਸਹਿਤ ਕੀਰਤਨੀ, ਢਾਡੀ ਤੇ ਰਾਗੀ ਜਥਿਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਪਾਕਿਸਤਾਨ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਅਧਿਕਾਰੀਆਂ ਸਮੇਤ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੋਪਾਲ ਸਿੰਘ ਚਾਵਲਾ, ਮਨਿੰਦਰ ਸਿੰਘ, ਬਿਸ਼ਨ ਸਿੰਘ ਤੇ ਸ. ਰਮੇਸ਼ ਸਿੰਘ ਅਰੋੜਾ, ਖ਼ਾਨ ਸਿੰਘ, ਦਿਲਾਵਰ ਸਿੰਘ, ਮਸਤਾਨ ਸਿੰਘ, ਦਲਵੰਤ ਸਿੰਘ, ਭਾਈ ਬਲਵੰਤ ਸਿੰਘ ਤੇ ਹੈੱਡ ਗ੍ਰੰਥੀ ਭਾਈ ਪ੍ਰੇਮ ਸਿੰਘ ਮੌਜੂਦ ਸਨ।

## ਸਿਮਰਨਜੀਤ ਸਿੰਘ ਮਾਨ ਬਰਨਾਲਾ ਤੋਂ ਲੜਨਗੇ ਚੋਣ

ਹਰਭਜਨ ਸਿੰਘ (ਆਨੰਦਪੁਰ ਸਾਹਿਬ), ਬੂਟਾ ਸਿੰਘ ਰਣਸਹੇਕੇ (ਬਾਘਾ ਪੁਰਾਣਾ), ਸਹਿਬਾਜ਼ ਸਿੰਘ ਡਸਕਾ (ਸੁਨਾਮ), ਪਰਮਜੀਤ ਸਿੰਘ ਸੇਖੋਂ (ਭਦੌੜ), ਕੁਲਦੀਪ ਸਿੰਘ (ਨਿਹਾਲ ਸਿੰਘ ਵਾਲਾ, ਮੋਗਾ ਰਾਖਵਾਂ), ਅਮਰੀਕ ਸਿੰਘ ਨੰਗਲ (ਅਜਨਾਲਾ, ਅੰਮ੍ਰਿਤਸਰ) ਅਤੇ ਮੱਖਣ ਸਿੰਘ ਸਾਵਣਾ (ਫ਼ਾਜ਼ਿਲਕਾ) ਤੋਂ ਉਮੀਦਵਾਰ ਹੋਣਗੇ। ਸ੍ਰੀ ਮਾਨ ਨੇ ਕਿਹਾ ਕਿ ਹੁਣ ਤੱਕ 55 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਜਲਦੀ ਹੀ ਬਾਕੀ ਰਹਿੰਦੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦਲਿਤ ਕ੍ਰਾਂਤੀ ਦਲ ਪੰਥਕ ਜਥੇਬੰਦੀਆਂ ਦੀ ਵਿਚਾਰਧਾਰਾ ਨਾਲ ਸਹਿਮਤ ਹੈ, ਇਸ ਲਈ ਮਿਲ ਕੇ ਚੋਣ ਲੜ ਰਿਹਾ ਹੈ। ਦਲਿਤ ਕ੍ਰਾਂਤੀ ਦਲ ਦੇ ਕੌਮੀ ਪ੍ਰਧਾਨ ਜਸਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਦਲਿਤਾਂ 'ਤੇ ਆਰ.ਐਸ.ਐਸ. ਜ਼ੁਲਮ ਕਰ ਰਹੀ ਹੈ ਅਤੇ ਭਾਜਪਾ, ਕਾਂਗਰਸ ਰਾਖਵਾਂਕਰਨ ਦੇ ਵਿਰੁੱਧ ਹਨ।

## ਲੁਧਿਆਣਾ ਡਕੈਤੀ ਮਾਮਲਾ : 30 ਸਾਲਾਂ ਬਾਅਦ 10 ਸਿੱਖ ਬਾ-ਇੱਜ਼ਤ ਬਰੀ

ਸਜ਼ਾ ਦੇ ਖਿਲਾਫ ਇਨ੍ਹਾਂ 10 ਸਿੱਖਾਂ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ, ਜਿਥੇ ਜਸਟਿਸ ਪਿਨਾਕੀ ਘੋਸ਼ ਅਤੇ ਜਸਟਿਸ ਨਾਰੀਮਾਨ ਦੇ ਦੋਹਰੇ ਬੈਂਚ ਨੇ ਇਨ੍ਹਾਂ ਨੂੰ ਬਾ-ਇੱਜ਼ਤ ਬਰੀ ਕਰ ਦਿੱਤਾ। ਇਨ੍ਹਾਂ ਵਿਅਕਤੀਆਂ ਵੱਲੋਂ ਸਰਕਾਰ ਨੂੰ ਵੀ ਸਜ਼ਾ ਖਾਰਜ ਕਰਨ ਦੀ ਅਪੀਲ ਕੀਤੀ ਗਈ ਸੀ, ਪਰ ਸਰਕਾਰ ਵੱਲੋਂ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ ਸੀ। ਫੈਸਲਾ ਆਉਣ ਤੋਂ ਬਾਅਦ ਹੁਣ ਆਉਂਦੇ ਇਕ ਦੋ ਦਿਨਾਂ ਤੱਕ ਇਨ੍ਹਾਂ ਦੀ ਰਿਹਾਈ ਹੋ ਜਾਵੇਗੀ।

ਵਰਨਣਯੋਗ ਹੈ ਕਿ 12 ਫਰਵਰੀ 1987 ਨੂੰ ਭਾਰਤ ਦੀ ਸਭ ਤੋਂ ਵੱਡੀ ਹੋਈ ਡਕੈਤੀ ਵਿਚ 5 ਕਰੋੜ 70 ਲੱਖ ਰੁਪਏ ਲੁੱਟ ਲਿਆ ਗਿਆ ਸੀ। ਪੁਲੀਸ ਵੱਲੋਂ ਇਸ ਮਾਮਲੇ ਵਿਚ 45 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ, ਜਿਨ੍ਹਾਂ ਵਿਚ ਭਾਈ ਦਲਜੀਤ ਸਿੰਘ ਉਰਫ਼ ਬਿੱਟੂ, ਹਰਜਿੰਦਰ ਸਿੰਘ ਕਾਲੀ, ਗੁਰਸ਼ਰਨ ਸਿੰਘ ਉਰਫ਼ ਗਾਮਾ, ਬਲਵਿੰਦਰ ਸਿੰਘ, ਮੋਹਨ ਸਿੰਘ ਮੋਹਣੀ, ਸਰੂਪ ਸਿੰਘ, ਗੁਰਜੰਟ ਸਿੰਘ, ਅਵਤਾਰ ਸਿੰਘ, ਹਰਭਜਨ ਸਿੰਘ, ਸੇਵਾ ਸਿੰਘ, ਆਸਾ ਸਿੰਘ, ਮਾਨ ਸਿੰਘ, ਵਿਜੈਪਾਲ ਸਿੰਘ, ਮਹੇਸ਼ਇੰਦਰ ਸਿੰਘ ਉਰਫ਼ ਮੇਸ਼ੀ, ਜਗੀਰ ਸਿੰਘ ਉਰਫ਼ ਢਿੱਲੋਂ, ਬਲਜੀਤ ਸਿੰਘ, ਅਜੈਬ ਸਿੰਘ, ਇੰਦਰਜੀਤ ਸਿੰਘ, ਕਰਮ ਸਿੰਘ ਉਰਫ਼ ਢਿੱਲੋਂ, ਹਰਜਿੰਦਰ ਸਿੰਘ ਉਰਫ਼ ਜਿੰਦਾ, ਬਾਬਾ ਦਲੀਪ ਸਿੰਘ, ਸੁਖਦੇਵ ਸਿੰਘ ਉਰਫ਼ ਲਾਭ ਸਿੰਘ, ਚਰਨਜੀਤ ਸਿੰਘ ਉਰਫ਼ ਚੰਨੀ, ਜਸਪਾਲ ਸਿੰਘ ਉਰਫ ਧੰਨਾ ਸਿੰਘ, ਜਗਤਾਰ ਸਿੰਘ, ਬਲਵੀਰ ਸਿੰਘ, ਸੁਰਜੀਤ ਸਿੰਘ ਉਰਫ਼ ਸਰਪੰਚ, ਗੁਰਦਿਆਲ ਸਿੰਘ, ਆਤਮਜੋਤ ਸਿੰਘ, ਸਤਨਾਮ ਸਿੰਘ ਉਰਫ਼ ਬਾਵਾ, ਮਨਜੀਤ ਸਿੰਘ ਉਰਫ਼ ਮੰਜੂ, ਅਵਤਾਰ ਸਿੰਘ ਉਰਫ਼ ਬਾਠ, ਗੁਰਜੀਤ ਸਿੰਘ ਉਰਫ ਜੋਕ ਹਰੀ, ਮਨਜੀਤ ਸਿੰਘ, ਬਾਬਾ ਦਲਵੀਰ ਸਿੰਘ, ਗੁਰਮੇਲ ਸਿੰਘ, ਪ੍ਰਿਥੀਪਾਲ ਸਿੰਘ, ਹਰਜਿੰਦਰ ਸਿੰਘ ਉਰਫ਼ ਟੁੰਡਾ, ਜਸਵਿੰਦਰ ਸਿੰਘ ਉਰਫ਼ ਜੱਸੀ, ਰਣਬੀਰ ਸਿੰਘ ਉਰਫ਼ ਰੋਮੀ, ਬਲਵੀਰ ਸਿੰਘ ਖਮਾਣੋ, ਰਣਧੀਰ ਸਿੰਘ ਉਰਫ਼ ਧੀਰੂ, ਜਗਜੀਤ ਸਿੰਘ ਅਤੇ ਹਰਦੇਵ ਸਿੰਘ ਉਰਫ਼ ਪੰਜਵੜ ਖਿਲਾਫ਼ ਪੁਲੀਸ ਨੇ ਥਾਣਾ ਡਿਵੀਜਨ ਨੰ: 6 ਵਿਚ 12 ਫਰਵਰੀ 1987 ਨੂੰ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਇਸ ਬੈਂਕ ਡਕੈਤੀ ਵਿਚ 5 ਕਰੋੜ 68 ਲੱਖ 91 ਹਜ਼ਾਰ 416 ਰੁਪਏ ਦੀ ਰਕਮ ਲੁੱਟੀ ਗਈ ਸੀ। ਪੁਲੀਸ ਵੱਲੋਂ ਬਾਅਦ ਵਿਚ ਇਸ ਰਕਮ ਵਿਚੋਂ 67 ਲੱਖ 8 ਹਜ਼ਾਰ 876 ਰੁਪਏ ਬਰਾਮਦ ਕਰ ਲਏ ਗਏ ਸਨ। ਪੰਜਾਬ

ਪੁਲੀਸ ਦੀ ਸਿਫਾਰਸ਼ ਤੇ ਉਸ ਵੇਲੇ ਦੇਸ਼ ਦੀ ਹੋਈ ਇਸ ਸਭ ਤੋਂ ਵੱਡੀ ਡਕੈਤੀ ਦੀ ਜਾਂਚ ਦਾ ਕੰਮ ਸੀ.ਬੀ.ਆਈ. ਨੂੰ ਸੌਂਪਿਆ ਗਿਆ ਸੀ ਅਤੇ ਸੀ.ਬੀ.ਆਈ. ਵੱਲੋਂ ਇਸ ਮਾਮਲੇ ਵਿਚ 14 ਜੁਲਾਈ 1988, 22 ਅਕਤੂਬਰ 1991 ਤੇ 24 ਸਤੰਬਰ 1996 ਨੂੰ ਚਾਰਜਸ਼ੀਟ ਦਾਇਰ ਕੀਤੀ ਸੀ। ਇਸ ਮਾਮਲੇ ਵਿਚ ਅਦਾਲਤ ਵੱਲੋਂ ਵਿਜੈਪਾਲ ਸਿੰਘ, ਮਹੇਸ਼ਇੰਦਰ ਸਿੰਘ ਮੇਸ਼ੀ ਤੇ ਸੁਰਜੀਤ ਸਿੰਘ ਨੂੰ ਭਗੌੜਾ ਕਰਾਰ ਵੀ ਦਿੱਤਾ ਗਿਆ ਸੀ, ਜਦਕਿ ਗੁਰਮੇਲ ਸਿੰਘ ਵਾਅਦਾ ਮਾਫ਼ ਗਵਾਹ ਬਣ ਗਿਆ ਸੀ। ਨਾਮਜ਼ਦ ਮੁਲਜ਼ਮਾਂ ਵਿਚੋਂ ਸੀ.ਬੀ.ਆਈ. ਵੱਲੋਂ ਜਗੀਰ ਸਿੰਘ ਢਿੱਲੋਂ, ਬਲਜੀਤ ਸਿੰਘ, ਅਜੈਬ ਸਿੰਘ, ਇੰਦਰਜੀਤ ਸਿੰਘ, ਕਰਨ ਸਿੰਘ, ਕਰਮ ਸਿੰਘ ਢਿੱਲੋਂ ਨੂੰ ਸੀ.ਬੀ.ਆਈ. ਵੱਲੋਂ ਡਿਸਚਾਰਜ ਕਰ ਦਿੱਤਾ ਗਿਆ ਸੀ, ਜਦਕਿ ਇਸ ਮਾਮਲੇ ਵਿਚ ਨਾਮਜ਼ਦ 24 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਚਰਨਜੀਤ ਸਿੰਘ ਚੰਨੀ, ਹਰਜਿੰਦਰ ਸਿੰਘ ਜਿੰਦਾ, ਲਾਭ ਸਿੰਘ, ਮਲਕੀਤ ਸਿੰਘ ਰਾਜਸਥਾਨੀ ਸ਼ਾਮਲ ਸਨ। ਸ. ਚੰਨੀ ਨੂੰ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ, ਜਦਕਿ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਜਨਰਲ ਵੈਦਿਆ ਦੇ ਕਤਲ ਦੇ ਮਾਮਲੇ ਵਿਚ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ ਸੀ। ਲਾਭ ਸਿੰਘ ਤੇ ਮਲਕੀਤ ਸਿੰਘ ਵੀ ਪੁਲੀਸ ਮੁਕਾਬਲਿਆਂ ਵਿਚ ਸ਼ਹੀਦ ਹੋ ਗਏ ਸਨ।

## ਆਪਣਾ ਪੰਜਾਬ ਵੱਲੋਂ ਛੋਟੇਪੁਰ ਹੋਣਗੇ ਮੁੱਖ ਮੰਤਰੀ ਦੇ ਉਮੀਦਵਾਰ

ਐਲਾਨ ਕਰ ਚੁੱਕੇ ਹਨ ਅਤੇ ਬਾਕੀ 43 ਉਮੀਦਵਾਰਾਂ ਦਾ ਐਲਾਨ ਲੋਹੜੀ ਤੱਕ ਕਰ ਦਿੱਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਦੇ '55 ਮੈਂਬਰੀ ਟੋਲੇ' ਨੇ ਪੰਜਾਬ ਵਿੱਚੋਂ ਕਥਿਤ ਤੌਰ 'ਤੇ ਕਰੋੜਾਂ ਰੁਪਏ ਇਕੱਠੇ ਕੀਤੇ ਹਨ ਅਤੇ ਹੁਣ ਸੰਕੇਤ ਮਿਲ ਰਹੇ ਹਨ ਕਿ ਪੰਜਾਬ ਦੇ ਮੁੱਖ ਮੰਤਰੀ ਦਾ ਉਮੀਦਵਾਰ ਵੀ ਅਰਵਿੰਦ ਕੇਜਰੀਵਾਲ ਨੂੰ ਬਣਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ।

ਸ੍ਰੀ ਛੋਟੇਪੁਰ ਨੇ ਕਿਹਾ ਕਿ ਡਾਕਟਰ ਗਾਂਧੀ ਨਾਲ ਉਨ੍ਹਾਂ ਦੀ ਗੱਲ ਹੋਈ ਹੈ ਅਤੇ ਉਹ ਨਿਰੰਤਰ ਉਨ੍ਹਾਂ ਦੇ ਸੰਪਰਕ ਵਿੱਚ ਹਨ। ਇਸ ਮੌਕੇ ਰਿਪਬਲਿਕ ਪਾਰਟੀ ਆਫ ਇੰਡੀਆ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਰਜੀਤ ਸਿੰਘ ਨੇ ਵੀ ਇਸ ਪਾਰਟੀ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਸ੍ਰੀ ਛੋਟੇਪੁਰ ਵੱਲੋਂ ਐਲਾਨੇ 26 ਉਮੀਦਵਾਰਾਂ ਵਿੱਚ ਰਮੇਸ਼ ਸਿੰਘ ਨੂੰ ਸੁਜਾਨਪੁਰ, ਪ੍ਰਿੰਸੀਪਲ ਓਮ ਪ੍ਰਕਾਸ਼ ਨੂੰ ਸ੍ਰੀ ਹਰਗੋਬਿੰਦਪੁਰ, ਚੀਡਾ ਪੀਟਰ ਨੂੰ ਫ਼ਤਹਿਗੜ੍ਹ ਚੂੜੀਆਂ, ਕਾਂਗਰਸੀ ਆਗੂ ਸੁਖਜਿੰਦਰ ਰੰਧਾਵਾ ਦੇ ਭਤੀਜੇ ਦੀਪਇੰਦਰ ਰੰਧਾਵਾ ਨੂੰ ਡੇਰਾ ਬਾਬਾ ਨਾਨਕ, ਕੁਲਵੰਤ ਸਿੰਘ ਮੋਹਰ ਨੂੰ ਰਾਜਾਸਾਂਸੀ, ਕੁਲਵੰਤ ਸਿੰਘ ਬਡਾਲੀ ਨੂੰ ਅੰਮ੍ਰਿਤਸਰ (ਪੱਛਮੀਂ), ਕੇਸ਼ਵ ਕੋਹਲੀ ਨੂੰ ਅੰਮ੍ਰਿਤਸਰ ਕੇਂਦਰੀ, ਕੁਲਦੀਪ ਸਿੰਘ ਨੂੰ ਅੰਮ੍ਰਿਤਸਰ (ਦੱਖਣੀ), ਦਲਜੀਤ ਸਿੰਘ ਨੂੰ ਖਡੂਰ ਸਾਹਿਬ, ਨਰਿੰਦਰ ਚਾਵਲਾ ਨੂੰ ਜਲੰਧਰ ਕੈਂਟ, ਲਾਰੈਂਸ ਚੌਧਰੀ ਨੂੰ ਦਸੂਹਾ, ਡਾਕਟਰ ਸਤੀਸ਼ ਲਾਂਬਾ ਨੂੰ ਸ਼ਾਮਚੁਰਾਸੀ, ਮਹਿੰਦਰ ਸਿੰਘ ਨੂੰ ਹੁਸ਼ਿਆਰਪੁਰ, ਸਰਬਜੀਤ ਸਿੰਘ ਨੂੰ ਬੰਗਾ, ਤਰਲੋਚਨ ਸਿੰਘ ਲਾਲੀ ਨੂੰ ਫ਼ਤਹਿਗੜ੍ਹ ਸਾਹਿਬ, ਵਰਿੰਦਰ ਢਿੱਲੋਂ ਨੂੰ ਤਲਵੰਡੀ ਸਾਬੋ, ਹਰਪਾਲ ਕਾਲੀਪੁਰ ਨੂੰ ਮੌੜ, ਬਾਬਾ ਕਾਲਾ ਸਿੰਘ ਨੂੰ ਬੁਢਲਾਡਾ, ਮਲਕੀਤ ਸਿੰਘ ਨੂੰ ਲਹਿਰਾ, ਗੁਰਮੀਤ ਸਿੰਘ ਨੂੰ ਭਦੌੜ, ਸੁਖਚੈਨ ਸਿੰਘ ਨੂੰ ਅਮਰਗੜ੍ਹ, ਮਹਿਲਾ ਵਿੰਗ ਦੀ ਪ੍ਰਧਾਨ ਪਰਮਿੰਦਰ ਕੌਰ ਨੂੰ ਸੰਗਰੂਰ, ਸ਼ਮਿੰਦਰ ਕੌਰ ਨੂੰ ਪਟਿਆਲਾ (ਦਿਹਾਤੀ) ਅਤੇ ਰਾਜ ਮੱਲ ਨੂੰ ਮੁਕੇਰੀਆਂ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆ ਗਿਆ ਹੈ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889



HAPPY New Year
2017
Start the new year right, get the Jus Pack now!
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift CARD worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


HAPPY LOHRI
SHER®
BRAR
SWEET CORN FLOUR
CORN FLOUR
4 lb
1.81 kg
MILLED IN CANADA
MOULU AU CANADA
SHER
DURUM ATTA
DESI STYLE
20 lb
9.07 kg
www.sherbrarmills.com